


SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 38
January 1, 2020

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ





Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




## ਅਮਰੀਕਾ ਸਮੇਤ ਪੂਰੀ ਦੁਨੀਆ 'ਚ ਨਵੇਂ ਸਾਲ ਦਾ ਜੋਰਦਾਰ ਸਵਾਗਤ

**ਨਿਊਯਾਰਕ (ਬਿਊਰੋ)–** ਨਵੇਂ ਸਾਲ 2020 ਦੇ ਸਵਾਗਤ ਲਈ ਦੇਸ਼ ਭਰ 'ਚ ਜਸ਼ਨ ਮਨਾਏ ਜਾ ਰਹੇ ਹਨ। ਇਸ ਤੋਂ ਪਹਿਲਾਂ 31 ਦਸੰਬਰ ਦੀ ਧੂਮ ਰਹੀ। ਜਗ੍ਹਾ-ਜਗ੍ਹਾ ਪਾਰਟੀਆਂ ਹੋਈਆਂ, ਰੰਗਾਰੰਗ ਪ੍ਰੋਗਰਾਮ ਹੋਏ। ਹੋਟਲਾਂ, ਘਰਾਂ, ਭਵਨਾਂ 'ਤੇ ਆਕਰਸ਼ਕ ਸਜਾਵਟ ਅਤੇ ਲਾਈਟਿੰਗ ਵੇਖੀ ਜਾ ਸਕਦੀ ਹੈ। ਭਾਰਤ ਦੇ ਵੀ ਕਈ ਸ਼ਹਿਰਾਂ 'ਚ ਇਸ ਸਮੇਂ ਨਵੇਂ ਸਾਲ ਦੇ ਜਸ਼ਨ ਗਰਮਜੋਸ਼ੀ ਨਾਲ ਮਨਾਏ ਗਏ। ਮੁੰਬਈ ਦੇ ਗੇਟਵੇ ਆਫ਼ ਇੰਡੀਆ 'ਤੇ ਸ਼ਹਿਰ ਵਾਸੀ ਨਵੇਂ ਸਾਲ ਦਾ ਸਵਾਗਤ ਕਰਨ ਲਈ ਇਸ ਅੰਦਾਜ਼ 'ਚ ਪਹੁੰਚੇ। ਗੇਟਵੇ ਆਫ਼ ਇੰਡੀਆ 'ਤੇ ਇਸ ਸਮੇਂ ਰੌਸ਼ਨ 'ਚ ਹਜ਼ਾਰਾਂ ਲੋਕ ਆਪਣੇ ਪਰਿਵਾਰ, ਦੋਸਤਾਂ ਵਿੱਚ ਮੌਜੂਦ ਹਨ। ਨਵੇਂ ਸਾਲ ਦਾ ਜਸ਼ਨ ਸਭ ਤੋਂ ਪਹਿਲਾਂ ਨਿਊਜ਼ੀਲੈਂਡ ਦੇ ਆਕਲੈਂਡ 'ਚ ਸ਼ੁਰੂ ਹੋਇਆ।




ਇਸ ਦੌਰਾਰਨ ਉੱਥੇ ਆਤਿਸ਼ਬਾਜ਼ੀ ਦੇ ਜ਼ਰੀਏ 2019 ਨੂੰ ਅਲਵਿਦਾ ਕਰ ਕੇ ਨਵੇਂ ਸਾਲ ਦਾ ਸਵਾਗਤ ਕੀਤਾ ਗਿਆ। ਨਿਊਜ਼ੀਲੈਂਡ ਦੁਨੀਆ ਦਾ ਅਜਿਹਾ ਦੇਸ਼ ਹੈ, ਜਿੱਥੇ ਨਵੇਂ ਸਾਲ ਦਾ ਸਵਾਗਤ ਸਭ ਤੋਂ ਪਹਿਲਾਂ ਕੀਤਾ ਜਾਂਦਾ ਹੈ। ਭਾਰਤ 'ਚ ਵੀ ਜ਼ੋਰ-ਸ਼ੋਰ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ ਗਿਆ। ਦੇਸ਼ ਦੇ ਵੱਖ-ਵੱਖ ਸ਼ਹਿਰਾਂ 'ਚ ਆਤਿਸ਼ਬਾਜ਼ੀ ਨਾਲ ਨਵੇਂ ਸਾਲ ਦਾ ਸਵਾਗਤ ਕੀਤਾ ਗਿਆ।

ਦੁਨੀਆ ਭਾਰ ਦੇ ਲੋਕ ਆਪਣੇ-ਆਪਣੇ ਤਰੀਕੇ ਨਾਲ ਨਵੇਂ ਸਾਲ ਦੇ ਜਸ਼ਨ ਮਨਾਏ। ਕੁਝ ਲੋਕ ਘਰਾਂ ਤੋਂ ਬਾਹਰ ਨਿਕਲ ਕੇ ਸੜਕਾਂ 'ਤੇ ਨਵੇਂ ਸਾਲ ਨੂੰ ਸੈਲੀਬ੍ਰੇਟ ਕਰਦੇ ਦੇਖੇ, ਤਾਂ ਕੁਝ ਲੋਕ ਇਸ ਦੌਰਾਨ ਪਾਰਟੀਆਂ 'ਚ ਨੱਚਦੇ-ਗਾਉਂਦੇ ਮਸ਼ਗੂਲ ਰਹੇ। ਲੋਕ ਇਕ-ਦੂਜੇ ਨੂੰ ਨਵੇਂ ਸਾਲ 'ਤੇ ਹੈਪੀ ਨਿਊ ਯੀਅਰ ਆਖ ਕੇ ਵਧਾਈ ਦਿੰਦੇ ਵੇਖੇ ਗਏ।

## ਗੁਰਦੁਆਰਾ ਸਾਹਿਬ ਸੈਨਹੋਜ਼ੇ ਵਿਖੇ ਸ਼ਰਧਾ ਨਾਲ ਮਨਾਇਆ ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ




ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 15 'ਤੇ


ਦੇਸ਼ ਦੁਆਬਾ

# 2020

## ਨਵੇਂ ਸਾਲ ਦੀਆਂ ਲੱਖ-ਲੱਖ ਮੁਬਾਰਕਾਂ

**Prem Kumar Chumber 916-947-8920**

ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ। ਅਸੀਂ ਦੁਆ ਕਰਦੇ ਹਾਂ ਕਿ ਨਵਾਂ ਸਾਲ ਸਾਡੇ-ਤੁਹਾਡੇ ਜੀਵਨ ਵਿਚ ਖੁਸ਼ੀਆਂ-ਖੇੜੇ ਲੈ ਕੇ ਆਵੇ ਅਤੇ ਆਲਮੀ ਪੱਧਰ ਤੇ ਮਨੁੱਖਤਾ ਸ਼ਾਂਤੀ-ਸਹਿਹੋਂਦ ਨਾਲ ਵੱਸੇ। –ਸੰਪਾਦਕ




Respected readers,
I am so proud to share with you the inspiring book "My Struggle in Life" by our beloved District and Sessions Judge Shri Ishwar Das Pawar. By reading the fine work of Mr. ID Pawar Sahib, you will come to know what the author's contributions have been to the forgotten society. We are not only proud of his hard work; we are indebted to him for his dedication and exemplary services what he rendered to our brothers and sisters. Because of him thousands of our people migrated to overseas which would not have been possible without his love & support for our brothers and sisters. They fondly praise him for a good reason. We are publishing this book from next week in installments in Desh Doaba weekly newspaper, so please take time to read it. Looking forward to show you his work and love that he always shared with all of us.

**Regards,**
**Prem K. Chumber**
**Editor-In-Chief: Ambedkar Times & Desh Doaba**


BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
6930 65TH STREET # 115 SACRAMENTO CA 95823





Sandeep Jony Bagga





MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434



SAROAY
INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983





Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539




# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ


## INDIA MARKET

SWEETS & SPICES

CHAAT PAPDI, SAMOSA, CHAAT, PANI PURI
DAHI VADA, BHEL PURI CHAAT

ਤੁਹਾਡਾ ਆਪਣਾ ਮਨਭਾਉਂਦਾ ਸਟੋਰ

ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ

WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..



ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੈਂਗੜ

Super Eyebrow Threading Now Open

Eyebrow Threading & Henna Tattoo

7 times, Get 8th one free!



Inside India Market

SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD.
# 100 ROSEVILLE, CA 95747
916- 786-7666

Cell : 916-798-8142

Email: IndiaMarketRoseville@gmail.com



## INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (209)-487-2127
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES

1304-E HAMMER LANE, SUITE 12, STOCKTON CA, 95210
EMAIL: indiabazaar08@yahoo.com




## Kash FABRICS

ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

ਸਾਡੀ ਸਪੈਸ਼ਲਟੀ

ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ

ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।




ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।

ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।

KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138





ਕਸ਼ਮੀਰ ਸਿੰਘ ਹੀਰਾ ਅਤੇ ਸਮੂਹ ਪਰਿਵਾਰ

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖ਼ੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

**ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ**



Gold Rush energy solutions

Dilwinder Ralh
Renewable Energy Expert

(530) 933-3938
(866) 55-POWER
goldrushenergy.com
dralh@goldrushenergy.com
4911 Windplay Dr, Suite 4, El Dorado Hills, CA, 95762 ic#96454SP

# ਦਲਵਿੰਦਰ ਰੱਲ੍ਹ

ਸਾਬਕਾ ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਟੈਂਪਲ,
ਯੂਬਾ ਸਿਟੀ
ਅਤੇ ਸਮੂਹ ਪਰਿਵਾਰ

**530-933-3938**





ਦਸਮ ਪਾਤਸ਼ਾਹ
ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ
ਦੀਆਂ ਲੱਖ-ਲੱਖ ਵਧਾਈਆਂ

**Happy New Year 2020**

# TANDOOR
**Indian Restaurant**

**27167 Mission Blvd. Hayward, CA 95544**



ਸੁਰਿੰਦਰ 'ਕੋਕਾ' ਧਲੇਤਾ ਅਤੇ ਉਹਨਾਂ ਦੀ ਧਰਮ ਸੁਪਤਨੀ




Contact Us:

Ph. 510-885-1212, Fax. 510-885-1532

We are open seven days 11 AM to 10 PM

ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ





ਜਸਵੀਰ ਸਿੰਘ ਤੱਖਰ
510-755-2132



ਸੁਦੇਸ ਸਿੰਘ ਅਵਟਾਲ

ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ

AAA
AUTO AND BODY WORKS





ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



## ਸ਼ਿੰਗਾਰਾ ਸਿੰਘ ਰੱਲ੍ਹ
ਪ੍ਰਧਾਨ
ਸ੍ਰੀ ਗੁਰੂ ਰਵਿਦਾਸ ਟੈਂਪਲ, ਯੂਬਾ ਸਿਟੀ
ਅਤੇ ਸਮੂਹ ਪਰਿਵਾਰ

# ਅੰਬੇਡਕਰ ਭਵਨ 'ਚ 'ਭਾਰਤੀ ਸੰਵਿਧਾਨ ਅਤੇ ਤਰਕਸ਼ੀਲਤਾ' ਤੇ ਹੋਈ ਵਿਚਾਰ ਗੋਸ਼ਠੀ, 'ਦੇਸ਼ ਦੁਆਬਾ' ਅਖ਼ਬਾਰ ਨੂੰ ਦਿੱਤੀਆਂ ਵਧਾਈਆਂ






**ਜਲੰਧਰ-** ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਨੇ 'ਭਾਰਤੀ ਸੰਵਿਧਾਨ ਅਤੇ ਤਰਕਸ਼ੀਲਤਾ' ਵਿਸ਼ੇ ਤੇ ਅੰਬੇਡਕਰ ਭਵਨ, ਡਾ.ਅੰਬੇਡਕਰ ਰੋਡ, ਜਲੰਧਰ ਵਿਖੇ ਵਿਚਾਰ ਗੋਸ਼ਠੀ ਦਾ ਆਯੋਜਨ ਕੀਤਾ. ਉੱਘੇ ਅੰਬੇਡਕਰਵਾਦੀ, ਭੀਮ ਪਤ੍ਰਿਕਾ ਦੇ ਸੰਪਾਦਕ ਅਤੇ ਆਲ ਇੰਡੀਆ ਸਮਤਾ ਸੈਨਿਕ ਦਲ ਦੇ ਮੁਖ ਸਲਾਹਕਾਰ ਸ਼੍ਰੀ ਲਾਹੌਰੀ ਰਾਮ ਬਾਲੀ ਨੇ ਵਿਚਾਰ ਗੋਸ਼ਠੀ ਵਿਚ ਮੁੱਖ ਬੁਲਾਰੇ ਵਜੋਂ ਸ਼ਿਰਕਤ ਕੀਤੀ. ਸਮਾਗਮ ਦੀ ਪ੍ਰਧਾਨਗੀ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਨੇ ਕੀਤੀ. ਬਲਦੇਵ ਰਾਜ ਭਾਰਦਵਾਜ ਨੇ ਲਾਹੌਰੀ ਰਾਮ ਬਾਲੀ ਨੂੰ ਸ਼ਰੋਤਿਆਂ ਦੇ ਰੂਬਰੂ ਕਰਾਇਆ. ਸ਼੍ਰੀ ਬਾਲੀ ਨੇ ਆਪਣੇ ਭਾਸ਼ਣ 'ਚ ਕਿਹਾ ਕਿ ਭਾਰਤ ਦੇ ਸੰਵਿਧਾਨ ਦੀ ਪ੍ਰਸਤਾਵਨਾ ਵਿਚ ਵਿਧਾਨ ਸਭਾ ਮੈਂਬਰਾਂ ਐਚ ਵੀ ਕਾਮਥ, ਰੋਹਿਨੀ ਕੁਮਾਰ ਚੌਧਰੀ, ਸ਼ਿਬਨ ਲਾਲ ਸਕਸੈਨਾ, ਪੰਡਿਤ ਗੋਵਿੰਦ ਮਾਲਵੀਆ ਅਤੇ ਈਸ਼ਵਰ ਪ੍ਰਸਾਦ ਦੁਆਰਾ ਪੇਸ਼ ਕੀਤੀ ਗਈ ਸ਼ਬਦਾਂ ਦੀ ਸੋਧ ਨੂੰ ਬਾਬਾ ਸਾਹਿਬ ਡਾ. ਅੰਬੇਡਕਰ ਨੇ ਰੱਦ ਕਰ ਕੇ ਇਹ ਪ੍ਰਸਤਾਵਨਾ ਬਣਾਈ: "ਅਸੀਂ, ਭਾਰਤ ਦੇ ਲੋਕ, ਭਾਰਤ ਨੂੰ ਇੱਕ ਪੂਰਨ ਪ੍ਰਭੂਸੱਤਾ, ਸਮਾਜਵਾਦੀ, ਧਰਮ ਨਿਰਪੱਖ, ਜਮਹੂਰੀ ਗਣਤੰਤਰ ਬਣਾਉਣ ਲਈ ਅਤੇ ਇਸਦੇ ਸਾਰੇ ਨਾਗਰਿਕਾਂ ਨੂੰ: ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ, ਸੋਚ ਦੀ ਆਜ਼ਾਦੀ, ਪ੍ਰਗਟਾਵੇ, ਵਿਸ਼ਵਾਸ, ਧਰਮ ਅਤੇ ਪੂਜਾ, ਵੱਕਾਰ ਅਤੇ ਅਵਸਰ ਦੀ ਬਰਾਬਰੀ ਪ੍ਰਾਪਤ ਕਰਾਉਣ ਲਈ ਅਤੇ ਉਨ੍ਹਾਂ ਸਾਰਿਆਂ ਵਿਚ, ਭਾਈਚਾਰਕ ਸਾਂਝ ਵਧਾਉਣ ਲਈ, ਵਿਅਕਤੀ ਦੀ ਇੱਜ਼ਤ ਅਤੇ ਰਾਸ਼ਟਰ ਦੀ ਏਕਤਾ ਅਤੇ ਅਖੰਡਤਾ ਨੂੰ ਯਕੀਨੀ ਬਣਾਉਣ ਵਾਲੀ ਭਾਈਚਾਰਕ ਸਾਂਝ ਵਧਾਉਣ ਲਈ, ਨਿਸ਼ਚਤ ਤੌਰ ਤੇ ਆਪਣੀ ਸੰਵਿਧਾਨ ਸਭਾ ਵਿੱਚ ਅੱਜ ਤਾਰੀਖ 26 ਨਵੰਬਰ 1949 ਈ. (ਮਿਤੀ ਮਾਰਗਸ਼ੀਰਸ਼ ਸ਼ੁਕਲਾ ਸਪਤਮੀ, ਸੰਵਤ 2011, ਵਿਕਰਮੀ) ਨੂੰ ਇਸ ਤਰ੍ਹਾਂ ਇਸ ਸੰਵਿਧਾਨ ਨੂੰ ਅਪਣਾਇਆ, ਲਾਗੂ ਕੀਤਾ ਅਤੇ ਸਮਰਪਣ ਕਰਦੇ ਹਾਂ." ਸ਼੍ਰੀ ਬਾਲੀ ਜੀ ਨੇ ਇਹ ਸਪਸ਼ਟ ਕੀਤਾ ਕਿ 'ਸਮਾਜਵਾਦ, ਧਰਮ ਨਿਰਪੱਖ' ਸ਼ਬਦ ਐਮਰਜੰਸੀ ਵੇਲੇ 1977 ਵਿਚ ਇੰਦਰਾ ਗਾਂਧੀ ਨੇ ਸੰਵਿਧਾਨ ਦੀ 42 ਵੀਂ ਸੋਧ ਕਰਕੇ ਜੋੜੇ ਸਨ।

ਸ਼੍ਰੀ ਬਾਲੀ ਨੇ ਇਹ ਵੀ ਕਿਹਾ ਕਿ ਜਦੋਂ ਤਕ ਸਰਕ-ਾਰਾਂ ਸੰਵਿਧਾਨ ਨੂੰ ਤਰਕਸ਼ੀਲਤਾ ਅਤੇ ਇਮਾਨਦਾਰੀ ਨਾਲ ਲਾਗੂ ਨਹੀਂ ਕਰਦੀਆਂ, ਦੇਸ਼ ਦਾ ਭਲਾ ਨਹੀਂ ਹੋ ਸਕਦਾ. ਬਾਲੀ ਜੀ ਨੇ ਆਪਣੇ ਭਾਸ਼ਣ ਤੋਂ ਬਾਅਦ ਸ਼ਰੋਤਿਆਂ ਦੇ ਸਵਾਲਾਂ ਦੇ ਜਬਾਵ ਦੇ ਕੇ ਉਨ੍ਹਾਂ ਦੀ ਤਸੱਲੀ ਕਰਾਈ. ਅੰਬੇਡਕਰ ਮਿਸ਼ਨ ਸੋਸਾਇਟੀ ਵੱਲੋਂ ਲੋਈ ਦੇ ਕੇ ਸ਼੍ਰੀ ਐਲ ਆਰ ਬਾਲੀ ਦਾ ਸਨਮਾਨ ਕੀਤਾ ਗਿਆ. ਮੈਡਮ ਸੁਦੇਸ਼ ਕਲਿਆਣ ਨੇ ਆਏ ਹੋਏ ਸ਼ਰੋਤਿਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਮਾਜ ਦੇ ਲੋਕਾਂ ਨੂੰ ਇਸ ਤਰ੍ਹਾਂ ਦੀਆਂ ਵਿਚਾਰ ਗੋਸ਼ਟੀਆਂ ਵਿਚ ਵੱਧ ਚੜ੍ਹ ਕੇ ਭਾਗ ਲੈਣਾ ਚਾਹੀਦਾ ਹੈ।

ਵਰਿੰਦਰ ਕੁਮਾਰ ਨੇ ਸੋਸਾਇਟੀ ਦੀ ਤਰਫ਼ੋਂ 'ਦੇਸ਼ ਦੁਆਬਾ' ਅਖਬਾਰ ਨੂੰ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਥਮ ਧੰਨਵਾਦ ਸਮਾਗਮ ਕਰਨ ਤੇ ਵਧਾਈ ਦਿੱਤੀ ਤੇ ਕਿਹਾ ਕਿ ਉਹ 'ਦੇਸ਼ ਦੁਆਬਾ' ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਉਨ੍ਹਾਂ ਦੀ ਟੀਮ ਨੂੰ ਸ਼ੁਭ ਕਾਮਨਾਵਾਂ ਦਿੰਦੇ ਹਨ ਕਿ ਉਹ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰਨ ਅਤੇ ਆਪਣੇ ਅਖਬਾਰ ਰਾਹੀਂ ਸਮਾਜ ਦੀ ਸੇਵਾ ਕਰਦੇ ਰਹਿਣ। ਵਰਿੰਦਰ ਕੁਮਾਰ ਨੇ ਮੰਚ ਸੰਚਾਲਨ ਵੀ ਬਾਖੂਬੀ ਕੀਤਾ।

ਇਸ ਮੌਕੇ ਜਸਵਿੰਦਰ ਵਰਿਆਣਾ, ਤਿਲਕ ਰਾਜ, ਐਡਵੋਕੇਟ ਪਰਮਿੰਦਰ ਸਿੰਘ, ਐਡਵੋਕੇਟ ਹਰਭਜਨ ਸਾਂਪਲਾ, ਚਮਨ ਦਾਸ ਸਾਂਪਲਾ, ਚਮਨ ਲਾਲ, ਰਾਮ ਲਾਲ ਦਾਸ, ਜਨਕ ਰਾਜ ਚੌਹਾਨ, ਬੀ ਸੀ ਗਿੱਲ, ਡੀ ਪੀ ਭਗਤ, ਹਰਮੇਸ਼ ਜੱਸਲ, ਲਛਮਣ ਕਲਿਆਣ, ਚਰਨਜੀਤ ਸਿੰਘ, ਗੌਤਮ, ਸ਼ੁਭਮ ਅਤੇ ਪਰੀਤੀ ਕੌਲਧਰ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ।

# ਅੰਬੇਡਕਰ ਭਵਨ ਟਰੱਸਟ ਜਲੰਧਰ ਨੇ 'ਦੇਸ਼ ਦੁਆਬਾ' ਨੂੰ ਦਿੱਤੀਆਂ ਵਧਾਈਆਂ


ਅੰਬੇਡਕਰ ਭਵਨ ਦੇ ਟਰੱਸਟੀ ਖੱਬਿਓਂ ਸੱਜੇ: ਬਲਦੇਵ ਰਾਜ ਭਾਰਦਵਾਜ, ਡਾ. ਜੀ ਸੀ ਕੌਲ, ਡਾ. ਰਾਮ ਲਾਲ ਜੱਸੀ, ਆਰ ਸੀ ਸੰਗਰ, ਐਲ ਆਰ ਬਾਲੀ ਅਤੇ ਸੋਹਨ ਲਾਲ (ਸਾਬਕਾ ਡੀ.ਪੀ.ਆਈ. ਕਾਲਿਜਾਂ)

**ਜਲੰਧਰ-** 'ਦੇਸ਼ ਦੁਆਬਾ' ਅਖਬਾਰ ਨੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਅਮਰੀਕਾ ਦੀ ਧਰਤੀ ਤੇ ਪ੍ਰਥਮ ਧੰਨਵਾਦ ਸਮਾਗਮ ਕੀਤਾ ਹੈ। ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਚੇਅਰਮੈਨ ਆਰ ਸੀ ਸੰਗਰ, ਜਨਰਲ ਸਕੱਤਰ ਡਾ. ਜੀ ਸੀ ਕੌਲ, ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਅਤੇ ਸਮੂਹ ਟਰੱਸਟੀਆਂ ਨੇ 'ਦੇਸ਼ ਦੋਆਬਾ' ਅਖਬਾਰ ਨੂੰ ਵਧਾਈ ਭੇਜੀ ਹੈ। ਡਾ. ਜੀ ਸੀ ਕੌਲ ਨੇ ਕਿਹਾ ਕਿ ਜਲੰਧਰ ਦਾ ਅੰਬੇਡਕਰ ਭਵਨ ਬਾਬਾ ਸਾਹਿਬ ਡਾ. ਬੀ ਆਰ ਅੰਬੇਡਕਰ ਦੀ ਚਰਨ ਛੋਹ ਪ੍ਰਾਪਤ ਉਹ ਧਰਤੀ ਹੈ, ਜਿਥੇ ਆਪਣੀ ਪੰਜਾਬ ਫੇਰੀ ਦੌਰਾਨ ਬਾਬਾ ਸਾਹਿਬ ਨੇ 27 ਅਕਤੂਬਰ, 1951 ਨੂੰ ਲੱਖਾਂ ਲੋਕਾਂ ਨੂੰ ਸੰਬੋਧਨ ਕੀਤਾ ਸੀ।

ਡਾ. ਕੌਲ ਨੇ ਕਿਹਾ ਕਿ ਅੰਬੇਡਕਰ ਭਵਨ ਟਰੱਸਟ ਅੰਬੇਡਕਰੀ ਗਤੀਵਿਧੀਆਂ ਵਾਸਤੇ ਹਮੇਸ਼ਾਂ ਸਰਗਰਮ ਰਹਿੰਦਾ ਹੈ। ਅੰਬੇਡਕਰ ਭਵਨ ਵਿਚ ਨੌਜਵਾਨ ਬੱਚਿਆਂ ਨੂੰ ਪ੍ਰਸਨੈਲਿਟੀ ਡਿਵੈਲਪਮੈਂਟ ਅਤੇ ਬੈਂਕਾਂ, ਇੰਸ਼ੂਰੈਂਸ, ਰੇਲਵੇ, ਐਸ ਐਸ ਸੀ ਵਿਚ ਅਤੇ ਹੋਰ ਸਰਕਾਰੀ/ ਗੈਰ ਸਰਕਾਰੀ ਨੌਕਰੀਆਂ ਪ੍ਰਾਪਤ ਕਰਨ ਵਾਸਤੇ ਪ੍ਰਤੀਯੋਗੀ ਪ੍ਰੀਖਿਆ ਲਈ ਫ੍ਰੀ ਕੋਚਿੰਗ ਦਿੱਤੀ ਜਾਂਦੀ ਹੈ। ਬੱਚਿਆਂ ਨੂੰ ਕੰਪਿਊਟਰ ਟ੍ਰੇਨਿੰਗ ਵੀ ਮੁਫ਼ਤ ਦਿਤੀ ਜਾਂਦੀ ਹੈ। ਇਸ ਦੇ ਨਾਲ ਹੀ ਸਮਾਜ ਦੇ ਗਰੀਬ ਲੋਕਾਂ ਨੂੰ ਵਿਆਹ-ਸ਼ਾਦੀ ਜਾਂ ਹੋਰ ਸਮਾਜਿਕ ਸਮਾਗਮਾ ਵਾਸਤੇ ਬਹੁਤ ਹੀ ਮਾਮੂਲੀ ਕਿਰਾਏ ਤੇ ਅੰਬੇਡਕਰ ਭਵਨ ਦਾ ਹਾਲ ਉਪਲਬਧ ਕਰਾਇਆ ਜਾਂਦਾ ਹੈ।

ਡਾ. ਕੌਲ ਨੇ ਅੱਗੇ ਕਿਹਾ ਕਿ 'ਦੇਸ਼ ਦੋਆਬਾ' ਅਖਬਾਰ ਵਿਦੇਸ਼ਾਂ ਦੀ ਧਰਤੀ ਤੇ ਬਹੁਤ ਹੀ ਸੁਚੱਜੇ ਢੰਗ ਨਾਲ, ਨਿਧੜਕ ਹੋ ਕੇ ਸਮਾਜ ਦੀ ਆਵਾਜ਼ ਬੁਲੰਦ ਕਰ ਰਿਹਾ ਹੈ। ਅੱਸੀ ਅੰਬੇਡਕਰ ਭਵਨ ਦੇ ਸਮੂਹ ਟਰੱਸਟੀ 'ਦੇਸ਼ ਦੋਆਬਾ' ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਉਨ੍ਹਾਂ ਦੀ ਟੀਮ ਨੂੰ ਸ਼ੁਭ ਕਾਮਨਾਵਾਂ ਦਿੰਦੇ ਹਾਂ ਕਿ ਉਹ ਦਿਨ ਦੁਗਣੀ ਅਤੇ ਰਾਤ ਚੌਗਣੀ ਤਰੱਕੀ ਕਰਨ।

**(ਡਾ. ਜੀ ਸੀ ਕੌਲ) ਜਨਰਲ ਸਕੱਤਰ**

## ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ




ਦੇਸ਼ ਦੁਆਬਾ

## Dr Ambedkar, Constitution and Citizenship

Citizenship was restored on the vast land of Bharat Varsh with the adoption of our constitution meticulously prepared under the brilliant stewardship of Bodhisattva Bharat Rattan Babasaheb Dr Bhimrao Ramji Ambedkar. Bharat remained deprived of the conferment citizenship on its populace centuries after centuries since the lost of her sovereignty with the onset of Delhi Sultanate that changed hands first with the Moguls to be followed by the British rule. A long torturous journey of freedom struggle carried on the metallic shoulders of never to be forgettable Martyrdoms of many hundred thousands of her beloved sons and daughters was ultimately succeeded in overthrowing the yoke of Gulami with the declaration of Independence of India on the midnight of August 15, 1947. With the attainment of independence, millions of subjects became citizens. On the eve of the presentation of the constitution to the parliament of India, Dr Ambedkar warned all the stakeholders of the newly liberated country that political freedom needs to be strengthened soon with equally valuable social and economic freedom. In the absence of the latter the former may not be able to muster the desired strength to withstand the enormous challenge of guarding its viability. Since then, the successive governments made some efforts to bridge the gaps through the implementation of its unique development model of mixed economy. Reservation in education, legislature and empowerment were introduced to help the downtrodden to contribute on their way for the legitimacy of the system of governance. We need not to forget that much more is still left to be done before the dreams of the renaissance thinkers of Bharat are fully realized. We are still to travel a long distance to get ourselves liberated from the shackles of caste creed, and gender inequality. The current imbroglio over the question of citizenship has thrown a serious challenge to our multicultural nation. It should not be forgotten that whatsoever be the situational context of the power politics, the hub of our very existence depends on strengthening the hard earned freedom and the roots of Indian democracy. That is possible to achieve provided rational thinking takes precedent over the deeply entrenched primordial orientations among the inhabitants across the length and breadth of Bharat. It is here that the message of Dr B.R. Ambedkar becomes afresh once again that the spirit of our freedom and democracy lies in the internalization of the triad of liberty, equality and fraternity. Any act or law that creates fissures in any of the elements of the invaluable triad would ultimately not only dim the shine of the principle of citizenship and democracy but also the very existence of the nation.

**May the New Year 2020 comes with all comforts, prosperity and good health for you and your sweet family!!**

**Prem K. Chumber**
**Editor-In-Chief:**
**Ambedkar Times & Desh Doaba**

# Beyond Minority-Majority Cliché: In Defence of Democracy in India



**Ronki Ram**
Dean (Faculty of Arts)
Shaheed Bhagat Singh Professor
of Political Science
Panjab University, Chandigarh

India is a lone secular democratic state amidst predominance of theocratic political regimes in South Asia. In the face of minority communities' claims for more and more share in the mainstream structures of political power on the one hand, and the rise of the Hindutva-based majoritarian political culture on the other, the resultant political trajectories may goad the majority community in India to think of replacing its secular polity with a religion-based rule of law. The space of freedom being allowed by Indian democracy should not be allowed to be abused either by minorities or the majority to propagate their religious values to the negation of the legality and spirit of the constitution. It is not religion of 'a' or 'b' nomenclature but the very spirit of Indian constitution that should become the hub of its governance system.

This is the true meaning of secularism. The current political imbroglio in India spread around CAA/NRC/NPR should be understood against the broader perspective of its implications for the domestic and regional levels. The litmus test of genuineness of any law/act/rule needs to be based on how much it lend credence to the democratic setup of the Indian state based on its well drafted constitution. This applies equally to the transparent secular conduct of the majority community.

Muslims, and any other group or community living within democratic India should subscribe to, uphold, and endeavour to celebrate its democratic ethos and orientations and invest faith in its constitution. They should abdicate and disown any stubborn adherence to identity politics centred on religious principles vis-a-vis the necessary requirements of a democratic polity. Religious minorities are, and would, remain free to keep their religion and worship in a way that would not interfere in the lives of the believers of different faiths in secular democratic India and their cultural-religious edifice should not clash with the democratic spirit of the Republic of India.

The more the Indian minority communitiesbhaichara (fellow members of minority communities) show faith in the Indian Constitution, the more it would feel safe to keep its religious faith alive without igniting apprehensions in the minds of the Hindu majority community about their secular or patriotic credentials.

Since the partition on the eve of India's independence, no meaningful effort was made to cultivate secular political culture involving diverse communities across the length and breadth of the subcontinent size of India- whatsoever was sacred to whomsoever, become secondary to the secular, i.e. the ostrich of secularism hid its head in the sands of religion.

Unfortunately, the predominant paradigm of Indian politics remained rooted in the labyrinthine arithmetic of electoral permutations and calculations, and this eventually led to the articulation of a conflictual cliché of minority appeasement vs majoritarianism. This very cliché goes against the secular and democratic ethos mandated by our constitution.

An interminable series of elections were conducted on such divisive clichés and cleavages, which have pushed the vessel of Indian democracy into turbulent waters by relentlessly deepening societal fissures, which had initially been instrumentalised for political gain by the British post the 1857 rebellion. Unfortunately this principle of 'Divide and Rule' did not depart Indian shores alongside the British; it was likewise weaponised for political gain by the succeeding order - a poisonous legacy indeed.

To be a truly secular and democratic state makes a sharp distinction between politics and religion by avoiding the dangers of minority appeasement on the one hand and majority demagoguery on the other. For the perfect internalisation of our constitutional values of liberty, equality, fraternity; and justice - social, economic and political, we need to follow a strict rule of keeping the sacred in one's private sphere and engagingly stand guard for the prevalence of the secular in our public domain. Unfortunately, since bifurcation of India on the basis of what M.A.

Jinnah articulated as two nation theory, all the mainstream political parties vying for power in secular democratic India has continued to be mired in a vituperative and polarising discourse hinged on the paradigm of minority appeasement vsmajoritarianism.Such political polemics precluded the natural fermentation of the secular democratic values enshrined by the founders of our elegantly prepared constitution.

To further continue to play politics with our electorate on the communal divisive conspiratorial card would fatally endanger the fabric of our still evolving, fragile democracy.

Given the overall theocratic and non-democratic character of the South Asian region and its close vicinity with the equally non-democratic Sheikhdoms in the Middle East, the question of the sustainability of a Democratic India becomes much more crucial not only from the viewpoint of its domestic politics but also from the larger perspective of regional critical geo-politics. Democratic India thus is the need of the hour for both the survival of a rich multicultural diversity within it as well as for the proliferation of peace within South Asia generally


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਪਰਵਾਸੀ ਪੰਜਾਬੀਆਂ ਨੇ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖਿਲਾਫ ਦਰਜ ਕੀਤੀ ਐਫ.ਆਈ.ਆਰ ਦੀ ਸ਼ਖਤ ਸ਼ਬਦਾ 'ਚ ਨਿਖੇਧੀ ਕੀਤੀ

**ਨਿਊਯਾਰਕ (ਰਾਜ ਗੋਗਨਾ)-** ਉੱਤਰੀ ਅਮਰੀਕਾ ਵਿਚ ਅਮਰੀਕਨ ਪੰਜਾਬੀ ਭਾਈਚਾਰੇ ਵਿਚ ਮੁਹਾਲੀ ਦੀ ਇਕ ਸਮਾਜ ਸੇਵੀ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖਿਲਾਫ ਐਫ.ਆਈ.ਆਰ ਦਰਜ ਕਰਨ ਬਾਰੇ ਰੋਸ ਤੇ ਗੁੱਸਾ ਫੈਲ ਰਿਹਾ ਹੈ। ਇਸ ਗੱਲ ਦਾ ਖੁਲਾਸਾ ਸਤਨਾਮ ਸਿੰਘ ਚਾਹਲ ਕਾਰਜਕਾਰੀ ਡਾਇਰੈਕਟਰ ਨੌਰਥ ਅਮੈਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਨੇ ਅੱਜ ਇਥੇ ਜਾਰੀ ਪ੍ਰੈਸ ਬਿਆਨ ਵਿੱਚ ਕੀਤਾ। ਮੁਹਾਲੀ ਦੀ ਰਹਿਣ ਵਾਲੀ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖ਼ਿਲਾਫ਼ ਐਫ.ਆਈ.ਆਰ ਦਰਜ ਕਰਨ ਦੀ ਨਿਖੇਧੀ ਕਰਦਿਆਂ ਸ: ਚਾਹਲ ਨੇ ਕਿਹਾ ਕਿ ਅਜਿਹਾ ਲਗਦਾ ਹੈ ਕਿ ਇਹ ਇਕ ਸਾਜ਼ਿਸ਼ ਜਾਪਦੀ ਸੀ। ਜਿਸ ਤਹਿਤ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਨੂੰ ਸਮਾਜਿਕ ਸੇਵਾਵਾਂ ਕਰਨ ਤੋਂ ਨਿਰਾਸ਼ ਕਰੋ ਤਾਂ ਜੋ ਉਹ ਰਾਜ ਦੇ ਲੋਕਾਂ ਦੀ ਭਲਾਈ ਲਈ ਕੰਮ ਨਾਂ ਕਰ ਸਕਣ ਜਿਹੜੀਆਂ ਸੇਵਾਵਾਂ ਉਹ ਅਜ ਕੱਲ ਕਰ ਰਹੇ ਹਨ। ਸ: ਚਾਹਲ ਨੇ ਕਿਹਾ ਕਿ ਸਿਮਰਨਜੀਤ ਕੌਰ ਗਿਲ ਸਾਡੀ ਕਮਿਊਨਿਟੀ ਦੀ ਇਕ ਮਹਾਨ ਸਮਾਜਕ ਨੇਤਾ ਹੈ ਜਿਸ ਨੂੰ ਰਾਜ ਵਿਚ



ਸਮਾਜਿਕ ਸੇਵਾਵਾਂ ਦੇਣ ਤੋਂ ਉਸ ਨੂੰ ਕਿਸੇ ਵੀ ਤਰਾਂ ਰੋਕਣ ਲਈ ਉਸ ਨੂੰ ਨਿਰਾਸ਼ ਤੇ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ।


ਚਾਹਲ ਨੇ ਕਿਹਾ ਕਿ ਹਾਲ ਹੀ ਵਿੱਚ ਉਸਨੇ ਦੁਆਬਾ ਖੇਤਰ ਵਿੱਚ ਹੜ੍ਹ ਪ੍ਰਭਾਵਤ ਪੀੜਤਾਂ ਦੀ ਮਦਦ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਨਿਭਾਈ ਅਤੇ ਸਾਡੇ ਰਾਜ ਦੇ ਲੋਕ ਉਸ ਦੀਆਂ ਸੇਵਾਵਾਂ ਨੂੰ ਨਹੀਂ ਭੁੱਲ ਸਕਦੇ ਜੋ ਉਹ ਸਾਡੇ ਸਮਾਜ ਦੀ ਭਲਾਈ ਲਈ ਕਰ ਰਹੀ ਹੈ। ਸ: ਨੇ ਪੰਜਾਬ ਪੁਲਿਸ ਅਤੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਖ਼ਿਲਾਫ਼ ਦਰਜ ਕੀਤੀ ਗਈ ਐਫ.ਆਈ.ਆਰ ਨੂੰ ਰੱਦ ਕਰਨ ਲਈ ਮਾਮਲੇ ਦੀ ਪੜਤਾਲ ਕਰਨ ਦੀ ਅਪੀਲ ਕੀਤੀ।

ਚਾਹਲ ਨੇ ਸਿਮਰਨਜੀਤ ਕੌਰ ਗਿੱਲ ਐਡਵੋਕੇਟ ਨੂੰ ਇਹ ਭਰੋਸਾ ਵੀ ਦਿੱਤਾ ਕਿ ਪੰਜਾਬੀ ਪਰਵਾਸੀ ਉਸ ਨਾਲ ਆਪਣੀ ਇਕਜੁੱਟਤਾ ਦਾ ਪ੍ਰਗਟਾਵਾ ਕਰਦੀ ਹੈ ਅਤੇ ਉਸਦੇ ਖਿਲਾਫ ਇਸ ਐਫ.ਆਈ.ਆਰ ਨੂੰ ਰੱਦ ਕਰਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੇਗੀ।

# ਫਰੀਮਾਂਟ, ਕੈਲੀਫੋਰਨੀਆ ਵਿਚ ਨਾਗਰਿਕਤਾ ਸੋਧ ਬਿੱਲ ਵਿਰੁੱਧ ਜਬਰਦਸਤ ਪ੍ਰਦਰਸ਼ਨ

**ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਭਾਰਤ ਸਰਕਾਰ ਵੱਲੋਂ ਬਣਾਏ ਗਏ ਨਾਗਰਿਕਤਾ ਸੋਧ ਕਾਨੂੰਨ ਤੇ ਐਨ. ਆਰ. ਸੀ ਵਿਰੁੱਧ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਵਿਚ ਪ੍ਰਦਰਸ਼ਨ ਹੋ ਰਹੇ ਹਨ। ਇਸੇ ਲੜੀ ਤਹਿਤ ਫਰੀਮਾਂਟ ਵਿਚ ਜਬਰਦਸਤ ਪ੍ਰਦਰਸ਼ਨ ਹੋਇਆ । ਜਿਸ ਵਿਚ ਸਭ ਧਰਮਾਂ ਦੇ ਲੋਕਾਂ ਨੇ ਹਿੱਸਾ ਲਿਆ। ਪ੍ਰਦਰਸ਼ਨ ਵਿਚ ਬੱਚੇ, ਬੁੱਢੇ, ਔਰਤਾਂ ਤੇ ਮਰਦ ਸੈਂਕੜਿਆਂ ਦੀ ਗਿਣਤੀ ਵਿਚ ਸ਼ਾਮਿਲ ਹੋਏ। ਪ੍ਰਦਰਸ਼ਨਕਾਰੀਆਂ ਨੇ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਤੇ ਮਾਨਵਤਾ ਦੇ ਸਮਰਥਨ 'ਚ ਬੈਨਰ ਚੁੱਕੇ ਹੋਏ ਸਨ। ਕਈਆਂ ਨੇ ਹੱਥਾਂ ਵਿਚ ਭਾਰਤੀ ਤੇ ਅਮਰੀਕੀ ਝੰਡੇ ਫੜੇ ਹੋਏ ਸਨ। ਪ੍ਰਦਰਸ਼ਨਕਾਰੀਆਂ ਨੂੰ ਸੰਬੋਧ ਨ ਕਰਦਿਆਂ ਇਕ ਬੁਲਾਰੇ ਸ਼ਾਂਤੀ ਨੇ ਕਿਹਾ ਕਿ ਅਸੀਂ ਚੁੱਪ ਨਹੀਂ ਬੈਠਾਂਗੇ ਤੇ ਸ਼ਾਤਮਈ ਢੰਗ ਨਾਲ ਇਹ ਯਕੀਨੀ ਬਣਾਵਾਂਗੇ ਕਿ ਭਾਰਤ ਧਰਮ ਨਿਰਪੱਖ ਦੇਸ਼ ਰਹੇ। ਦੱਖਣ ਏਸ਼ੀਆ ਦੇ ਇਤਿਹਾਸਕ ਤੇ ਮੌਜਦਾ ਮਾਮਲਿਆਂ ਦੇ ਵਿਸ਼ਲੇਸ਼ਣ ਮਾਹਿਰ ਪੀਟਰ ਫਰਾਈਡਰਿਚ ਨੇ ਕਿਹਾ ਕਿ ਉਹ ਭਾਰਤ ਦੀ ਮੌਜੂਦਾ ਸਰਕਾਰ ਦੀ ਤੁਲਨਾ ਜਰਮਨੀ ਦੇ ਨਾਜ਼ੀਆਂ ਨਾਲ ਕਰਦੇ ਹਨ। ਉਨਾਂ ਕਿਹਾ ਕਿ ਆਰ.ਐਸ.ਐਸ ਦੀ ਸਥਾਪਨਾ 1925 ਵਿਚ ਹੋਈ ਸੀ ਜਿਸ ਦਾ ਮਕਸਦ ਹਿੰਦੂ ਰਾਸ਼ਟਰ ਬਣਾਉਣਾ ਸੀ। ਹੁਣ ਆਰ.ਐਸ.ਐਸ ਦਾ ਸਰਕਾਰ ਉਪਰ ਸਿੱਧਾ ਨਿਯੰਤਰਣ ਹੈ। ਉਹ ਮੁਸਲਮਾਨਾਂ ਨਾਲ ਬਿਲਕੁੱਲ ਉਸ ਤਰਾਂ ਦਾ ਸਲੂਕ ਕਰਨਾ ਚਹੁੰਦੀ ਹੈ ਜਿਸ ਤਰਾਂ ਨਾਜ਼ੀਆਂ ਨੇ ਯਹੂਦੀਆਂ ਨਾਲ ਕੀਤਾ ਸੀ। ਇਕ ਹੋਰ ਬੁਲਾਰੇ ਨੇ ਕਿਹਾ 'ਮੈਂ ਹਿੰਦੂ ਹਾਂ ਤੇ ਇਕ ਧਰਮ ਨਿਰਪੱਖ ਸੋਸਾਇਟੀ ਵਿਚ ਵੱਡਾ ਹੋਇਆ ਹਾਂ। ਭਾਰਤ ਸਰਕਾਰ ਦੇਸ਼ ਦੇ ਧਰਮ ਨਿਰਪੱਖ ਸਵਰੂਪ ਨੂੰ ਬਦਲਣਾ ਚਹੁੰਦੀ ਹੈ। ਮੈਂ ਅਮਰੀਕਾ ਵਿਚ ਪੱਕੇ ਤੌਰ 'ਤੇ ਸੈਟਲ ਹੋਣ ਤੋਂ ਪਹਿਲਾਂ ਦੁਬੱਈ, ਜਰਮਨੀ, ਆਸਟ੍ਰੇਲੀਆ ਤੇ ਸਿੰਘਾਪੁਰ ਵਰਗੇ ਕਈ ਦੇਸ਼ਾਂ ਵਿਚ ਗਿਆ ਹਾਂ। ਮੈ ਆਪਣੇ ਨਿੱਜੀ ਤਜ਼ਰਬੇ ਦੇ ਆਧਾਰ 'ਤੇ ਕਹਿਣਾ ਚਹੁੰਦਾ ਹਾਂ ਕਿ ਜੇਕਰ ਭਾਰਤ ਨੇ ਪ੍ਰਗਤੀ ਕਰਨੀ ਹੈ ਤਾਂ ਸਭ ਧਰਮਾਂ ਦੇ ਲੋਕਾਂ ਵਿਚ ਸਦਭਾਵਨਾ ਤੇ ਸ਼ਾਂਤੀ ਹੋਣੀ ਜਰੂਰੀ ਹੈ ਤੇ ਇਹ ਤਾਂ ਹੀ ਸੰਭਵ ਹੈ ਜੇਕਰ ਭਾਰਤ ਸਭ ਧਰਮਾਂ ਦਾ ਬਰਾਬਰਤਾ ਨਾਲ ਸਤਿਕਾਰ ਕਰੇ।'' ਇਕ ਹੋਰ ਹਿੰਦੂ ਬੁਲਾਰੇ ਨੇ ਕਿਹਾ ' ਮੇਰਾ ਨਾਂ ਸੰਤੋਸ਼ ਹੈ ਤੇ ਮੈਂ ਸ਼ਹਿਰੀ ਨਕਸਲਬਾੜੀ ਨਹੀਂ ਹਾਂ ਪਰ ਮੈਂ ਜਿੰਨੀ ਨਫ਼ਰਤ ਮਜਲਿਸ-ਏ-ਇਤਹਾਦ-ਉਲ-ਮੁਸਲਿਮੀਨ ਨੂੰ ਕਰਦਾ ਹਾਂ ਓਨੀ ਨਫਰਤ ਹੀ ਭਾਜਪਾ ਨੂੰ ਕਰਦਾ ਹਾਂ। ਫਰੀਮਾਂਟ ਤੋਂ ਇਲਾਵਾ ਵਾਸ਼ਿੰਗਟਨ ਡੀ.ਸੀ, ਸ਼ਿਕਾਗੋ, ਫਿਲਾਡੈਲਫੀਆ, ਆਸਟਿਨ, ਲਾਸ ਏਂਜਲਸ ਤੇ ਸਨਫਰਾਂਸਿਸਕੋ ਵਿਚ ਵੀ ਨਾਗਰਿਕਤਾ ਸੋਧ ਕਾਨੂੰਨ ਵਿਰੁੱਧ ਪ੍ਰਦਰਸ਼ਨ ਹੋਏ।




# 'ਚਮਕੌਰ ਦਾ ਯੁੱਧ' ਸਮਰਪਿਤ ਧਾਰਮਿਕ ਕਵੀ ਦਰਬਾਰ

**ਫਰੀਮਾਂਟ (ਕੈਲੇਫੋਰਨੀਆ)-** ਅਮਰੀਕੀ ਪੰਜਾਬੀ ਕਵੀਆਂ ਵੱਲੋਂ ਚਮਕੌਰ ਦਾ ਯੁੱਧ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਸਜਾਇਆ ਗਿਆ। ਪ੍ਰਵਾਨਾ ਵੱਲੋਂ ਮੰਚ ਸੰਭਾਲਦਿਆਂ ਚਮਕੌਰ ਦੇ ਯੁੱਧ ਦੇ ਇਤਿਹਾਸ 'ਤੇ ਰੌਸ਼ਨੀ ਪਾਈ। ਕਵਿਤਾਵਾਂ ਦੇ ਦੌਰ ਵਿਚ ਕਵੀ ਸ਼ਾਮਲ ਸਨ ਠਾਕੁਰ ਸਿੰਘ, ਜਸਦੀਪ ਸਿੰਘ ਫਰੀਮਾਂਟ, ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ, ਜਿਹਨਾਂ ਨੇ ਬੀਰ ਰਸੀ ਕਵਿਤਾਵਾਂ ਨਾਲ ਸਾਂਝ ਪਾਈ। ਗੁਰਦੁਆਰਾ ਸਕੱਤਰ ਪਲਵਿੰਦਰ ਸਿੰਘ ਨੇ ਪ੍ਰੋਗਰਾਮ ਦੀ ਸਫਲਤਾ ਤੇ ਖੁਸ਼ੀ ਪ੍ਰਗਟਾਈ।



'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

**ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ**

Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831

A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Service





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

# ਸਾਲ 2019 ਕੁਝ ਅਜਿਹੇ ਜ਼ਖ਼ਮ ਦੇ ਗਿਆ ਜੋ ਹਮੇਸ਼ਾਂ ਰਿਸਦੇ ਰਹਿਣਗੇ !



ਗੁਰਿੰਦਰਜੀਤ ਸਿੰਘ 'ਨੀਟਾ ਮਾਛੀਕੇ'
559-333-5776

ਸਾਲ 2020 ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਅਜਿਹੇ 'ਚ ਇਸ ਗੱਲ ਦੀ ਜਾਣਕਾਰੀ ਹੋਣਾ ਕਾਫੀ ਜ਼ਰੂਰੀ ਹੈ ਕਿ ਲੰਘਿਆ ਸਾਲ 2019 ਕਿੰਨੀਆਂ ਕੁ ਚੰਗੀਆਂ ਯਾਦਾਂ ਅਤੇ ਕਿੰਨੇ ਡੂੰਘੇ ਜ਼ਖਮ ਦੇ ਕੇ ਜਾ ਰਿਹਾ ਹੈ। ਇਹ ਸਾਲ ਅਪਰਾਧਾਂ ਦੇ ਮਾਮਲੇ 'ਚ ਕਈ ਅਜਿਹੇ ਡੂੰਘੇ ਜ਼ਖਮ ਦੇ ਕੇ ਜਾ ਰਿਹਾ ਹੈ ਜਿਨ੍ਹਾਂ ਦੇ ਜ਼ਿਕਰ ਹਮੇਸ਼ਾ ਹੁੰਦਾ ਰਹੇਗਾ। ਗੈਂਗਰੇਪ ਅਤੇ ਮਰਡਰ ਦੇ ਅਜਿਹੇ ਮਾਮਲੇ ਸਾਹਮਣੇ ਆਏ ਜਿਸ ਨੇ ਪੂਰੇ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ। ਸਾਲ 2019 'ਚ ਅਪਰਾਧਾਂ ਲਈ ਵਾ ਜਾਣਿਆ ਜਾਵੇਗਾ। ਆਓ ਜਾਣਦੇ ਹਾਂ ਸਾਲ 2019 'ਚ ਵਾਪਰੇ ਕੁਝ ਵੱਡੇ ਅਪਰਾਧਿਕ ਮਾਮਲਿਆਂ ਬਾਰੇ:-

**ਹੈਦਰਾਬਾਦ ਗੈਂਗਰੇਪ ਮਾਮਲਾ**

ਗੈਂਗਰੇਪ ਦੇ ਕਈ ਮਾਮਲੇ ਇਸ ਸਾਲ ਸਾਮਹਣੇ ਆਏ ਪਰ ਇਹ ਗੈਂਗਰੇਪ ਦਾ ਮਾਮਲਾ ਇਸ ਸਾਲ ਦੇ ਸਭ ਤੋਂ ਵੱਡੇ ਮਾਮਲਿਆਂ 'ਚੋਂ ਇਕ ਰਿਹਾ ਹੈ। ਇਸ ਮਾਮਲੇ ਦੇ ਦੋਸ਼ੀਆਂ ਨੇ ਹੈਵਾਨੀਅਤ ਦੀਆਂ ਸਾਰੀਆਂ ਹੱਦਾਂ ਪਾਰ ਕਰ ਦਿੱਤੀਆਂ। ਨਾ ਸਿਰਫ ਗੈਂਗਰੇਪ ਕੀਤਾ ਸਗੋਂ ਉਸ ਦਾ ਕਤਲ ਕਰ ਉਸ ਦੀ ਲਾਸ਼ ਨੂੰ ਸਾੜ੍ਹ ਦਿੱਤਾ। ਮਾਮਲਾ 27-28 ਨਵੰਬਰ ਦੀ ਰਾਤ ਦਾ ਹੈ ਜਦੋਂ ਇਕ ਮਹਿਲਾ ਡਾਕਟਰ ਤੇਲੰਗਾਨਾ ਦੇ ਸਾਈਬਰਾਬਾਦ ਤੋਂ ਆਪਣੇ ਘਰ ਜਾ ਰਹੀ ਸੀ। ਦੋਸ਼ੀਆਂ ਨੇ ਪੂਰੀ ਯੋਜਨਾ ਨਾਲ ਇਸ ਵਾਰਦਾਤ ਨੂੰ ਅੰਜਾਮ ਦਿੱਤਾ। ਜਦੋਂ ਪੀੜਤਾ ਆਪਣੇ ਕੰਮ ਤੋਂ ਘਰ ਪਰਤ ਨਹੀਂ ਸੀ ਤਾਂ ਉਸ ਨੇ ਪਾਰਕਿੰਗ 'ਚ ਖੜ੍ਹੀ ਸਕੂਟੀ ਨੂੰ ਦੇਖਿਆ ਤਾਂ ਉਸ ਦਾ ਟਾਇਰ ਪੰਚਰ ਸੀ। ਇਸ ਤੋਂ ਬਾਅਦ ਦੋਸ਼ੀ ਮੌਕੇ 'ਤੇ ਪਹੁੰਚਿਆ ਅਤੇ ਉਸ ਨੇ ਪੀੜਤਾਂ ਨੂੰ ਮਦਦ ਦੀ ਪੇਸ਼ਕਸ਼ ਕੀਤੀ। ਸਕੂਟੀ ਨੂੰ ਠੀਕ ਕਰਵਾਉਣ ਦੇ ਨਾਂ 'ਤੇ ਉਹ ਕੁਝ ਦੂਰ ਲੈ ਗਿਆ ਜਿਥੇ ਉਸ ਦੇ ਬਾਕੀ 3 ਸਾਥੀ ਮੌਜੂਦ ਸਨ। ਉਸ ਤੋਂ ਬਾਅਦ ਉਨ੍ਹਾਂ ਨੇ ਪੀੜਤਾ ਨੂੰ ਸੁਨਸਾਨ ਥਾਂ 'ਤੇ ਲਿਜਾ ਕੇ ਉਸ ਨਾਲ ਗੈਂਗਰੇਪ ਕੀਤਾ ਅਤੇ ਫਿਰ ਉਸ ਦਾ ਕਤਲ ਕਰ ਦਿੱਤਾ। ਕਤਲ ਕਰਨ ਤੋਂ ਬਾਅਦ ਦੋਸ਼ੀਆਂ ਨੇ ਪੀੜਤਾਂ ਦੀ ਲਾਸ਼ ਸਾੜ ਦਿੱਤੀ। ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਵੀ ਕਰ ਲਿਆ ਅਤੇ ਦੋਸ਼ੀਆਂ ਨੂੰ ਇਸ ਘਟਨਾ ਦੇ ਰੀਕ੍ਰਿਏਸ਼ਨ ਲਈ ਹਾਦਸੇ ਵਾਲੀ ਥਾਂ 'ਤੇ ਲੈ ਗਏ। ਜਿਥੇ ਦੋਸ਼ੀਆਂ ਨੇ ਪੁਲਸ ਤੋਂ ਹਥਿਆਰ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਇਸ ਦੌਰਾਨ ਐਨਕਾਉਂਟਰ 'ਚ ਸਾਰੇ ਦੋਸ਼ੀ ਮਾਰੇ ਗਏ। ਫਿਲਹਾਲ ਇਸ ਐਨਕਾਉਂਟਰ ਨੂੰ ਲੈ ਕੇ ਸੁਪਰੀਮ ਕੋਰਟ 'ਚ ਸੁਣਵਾਈ ਹੋ ਰਹੀ ਹੈ।

**ਉਨਾਵ ਗੈਂਗਰੇਪ ਮਾਮਲਾ**

ਹੈਦਰਾਬਾਦ ਗੈਂਗਰੇਪ ਦੇ ਮਾਮਲੇ ਨੂੰ ਕੁਝ ਦਿਨ ਵੀ



ਨਹੀਂ ਹੋਏ ਸੀ ਕਿ ਉਨਾਵ ਤੋਂ ਇਕ ਦਰਦਨਾਕ ਮਾਮਲਾ ਸਾਹਮਣੇ ਆਇਆ। ਦੋਸ਼ੀ ਸ਼ਿਵਮ ਨੇ ਤਕਰੀਬਨ ਇਖ ਸਾਲ ਪਹਿਲਾਂ ਪੀੜਤਾ ਨੂੰ ਗੈਂਗਰੇਪ ਦਾ ਸ਼ਿਕਾਰ ਬਣਾਇਆ ਸੀ ਹਾਲਾਂਕਿ ਖਬਰਾਂ ਅਜਿਹੀਆਂ ਵੀ ਸਾਹਮਣੇ ਆਈਆਂ ਕਿ ਦੋਵਾਂ ਨੇ ਕੋਰਟ 'ਚ ਵਿਆਹ ਵੀ ਕੀਤਾ ਸੀ ਤੇ ਬਾਅਦ 'ਚ ਵਿਆਹ ਨੂੰ ਲੈ ਕੇ ਦੋਵਾਂ 'ਚ ਵਿਵਾਦ ਵੀ ਹੋਇਆ ਸੀ। ਦੋਸ਼ ਹੈ ਕਿ ਵਿਆਹ ਦਾ ਵਾਅਦਾ ਕਰਕੇ ਗੈਂਗਰੇਪ ਕਰ ਸ਼ਿਵਮ ਮੁਕਰ ਗਿਆ ਜਿਸ ਤੋਂ ਬਾਅਦ ਪੀੜਤਾ ਨੇ ਪੁਲਸ 'ਚ ਮਾਮਲਾ ਦਰਜ ਕਰਵਾਉਣ ਬਾਰੇ ਸੋਚਿਆ। ਪੁਲਸ ਨੇ ਮਾਮਲੇ 'ਚ ਐੱਫ.ਆਈ.ਆਰ. ਦਰਜ ਨਹੀਂ ਕੀਤੀ ਜਿਸ ਤੋਂ ਬਾਅਦ ਕੋਰਟ ਤੋਂ ਵਾਰੰਟ ਜਾਰੀ ਹੋਇਆ ਅਤੇ ਫਿਰ ਜਾ ਕੇ ਕੇਸ ਦਰਜ ਹੋਇਆ। ਦੋਸ਼ੀ ਸ਼ਿਵਮ ਦੀ ਗ੍ਰਿਫਤਾਰੀ ਹੋਈ ਪਰ 1 ਦਸੰਬਰ ਨੂੰ ਸ਼ਿਵਮ ਨੂੰ ਜਮਾਨਤ ਮਿਲ ਗਈ ਅਤੇ ਉਹ ਜੇਲ ਤੋਂ ਰਿਹਾਅ ਹੋ ਗਿਆ। 5 ਦਸੰਬਰ ਨੂੰ ਜਦੋਂ ਪੀੜਤਾ ਆਪਣੇ ਕੇਸ ਦੇ ਸਿਲਸਿਲੇ 'ਚ ਵਕੀਲ ਨੂੰ ਮਿਲਣ ਜਾ ਰਹੀ ਸੀ ਤਾਂ ਉਦੋਂ ਹੀ ਦੋਸ਼ੀ ਨੇ ਹੋਰ ਸਾਥੀਆਂ ਨਾਲ ਮਿਲ ਕੇ ਪੀੜਤਾ ਨੂੰ ਘੇਰਿਆ ਅਤੇ ਅੱਗ ਲਗਾ ਦਿੱਤੀ। ਗੰਭੀਰ ਹਾਲਤ 'ਚ ਪੀੜਤਾ ਨੂੰ ਦਿੱਲੀ ਦੇ ਸਫਰਗੰਜ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਨੇ 24 ਘੰਟੇ ਬਾਅਦ ਦਮ ਤੋੜ ਦਿੱਤਾ।

**ਮਾਲਦਾ 'ਚ ਲੜਕੀ ਨੂੰ ਜਿੰਦਾ ਸਾੜਿਆ**

ਪੱਛਮੀ ਬੰਗਾਲ ਦੇ ਮਾਲਦਾ 'ਚ ਇਸੇ ਸਾਲ 4 ਦਸੰਬਰ ਨੂੰ ਇਕ 20 ਸਾਲਾ ਲੜਕੀ ਨੂੰ ਕੁਕਰਮ ਕਰਨ ਤੋਂ ਬਾਅਦ ਜਿੰਦਾ ਸਾੜ ਦਿੱਤਾ ਗਿਆ। ਇਸ ਮਾਮਲੇ 'ਚ ਪੁਲਸ ਦੀ ਪਹੁੰਚ ਤੋਂ ਦੋਸ਼ੀ ਦੂਰ ਰਹੇ। ਅਜਿਹਾ ਕਿਹਾ ਜਾ ਰਿਹਾ ਹੈ ਕਿ ਸਾੜਨ ਤੋਂ ਪਹਿਲਾਂ ਲੜਕੀ ਨਾਲ ਹਥੋਪਾਈ ਵੀ ਹੋਈ ਜਿਸ 'ਚ ਉਸ ਨੂੰ ਸੱਟਾਂ ਲੱਗੀਆਂ ਸਨ।

**ਬਿਹਾਰ ਦੇ ਮੁਜ਼ੱਫਰਪੁਰ 'ਚ ਲੜਕੀ ਨੂੰ ਜਿੰਦਾ ਸੜਿਆ**

ਬਿਹਾਰ ਦੇ ਮੁਜ਼ੱਫਰਪੁਰ 'ਚ ਇਕ ਲੜਕੀ ਨਾਲ ਰੇਪ ਦੀ ਕੋਸ਼ਿਸ਼ 'ਚ ਨਾਕਾਮ ਹੋਣ ਤੋਂ ਬਾਅਦ ਜਿੰਦਾ ਸਾੜ ਦਿੱਤਾ ਗਿਆ। ਪੀੜਤਾ ਨੇ ਆਪਣੇ ਆਖਰੀ ਬਿਆਨ 'ਚ ਦੋਸ਼ੀਆਂ ਨੂੰ ਸਖਤ ਸਜ਼ਾ ਦਿਵਾਉਣ ਦੀ ਮੰਗ ਕੀਤੀ ਸੀ। ਇਥੇ ਪਿੰਡ 'ਚ ਰਹਿਣ ਵਾਲੀ ਪੀੜਤਾ ਦੇ ਘਰ ਇਕ ਪਿੰਡ ਦਾ ਹੀ ਨੌਜਵਾਨ ਵੜ੍ਹ ਗਿਆ ਅਤੇ ਉਸ ਨੇ ਰੇਪ ਦੀ ਕੋਸ਼ਿਸ਼ ਕੀਤੀ, ਲੜਕੀ ਵਲੋਂ ਵਿਰੋਧ ਕਰਨ 'ਤੇ ਦੋਸ਼ੀ ਨੇ ਪੀੜਤਾ ਦੇ ਸ਼ਰੀਰ 'ਤੇ ਕੈਰੋਸੀਨ ਪਾ ਕੇ ਅੱਗ ਲਗਾ ਦਿੱਤੀ।

ਇਸ ਤੋਂ ਇਲਾਵਾ ਗੈਂਗਰੇਪ ਦੇ ਕਈ ਅਜਿਹੇ ਮਾਮਲੇ ਵੀ ਸਾਹਮਣੇ ਆਏ ਜਿਨ੍ਹਾਂ 'ਚ ਦਰਿੰਦਿਆਂ ਨੇ ਮਾਸੂਮਾਂ ਨੂੰ ਵੀ ਨਹੀਂ ਛੱਡਿਆ। ਉਜੈਨ 'ਚ ਇਕ ਪੰਜ ਸਾਲ ਦੀ ਮਾਸੂਮ ਨੂੰ ਅਗਵਾ ਕਰ ਦਰਿੰਦਿਆਂ ਨੇ ਉਸ ਨਾਲ ਕੁਕਰਮ ਕੀਤਾ ਅਤੇ ਫਿਰ ਕਤਲ ਕਰ ਲਾਸ਼ ਨੂੰ ਨਦੀ 'ਚ ਸੁੱਟ ਦਿੱਤਾ। ਉਥੇ ਹੀ ਯੂ.ਪੀ. ਦੇ ਅਲੀਗੜ੍ਹ 'ਚ ਇਕ ਢਾਈ ਸਾਲਾ ਬੱਚੀ ਦੀ ਲਾਸ਼ ਇਸੇ ਸਾਲ 7 ਜੂਨ ਨੂੰ ਕੂੜੇ ਦੇ ਢੇਰ ਤੋਂ ਬਰਾਮਦ ਕੀਤਾ ਗਿਆ। ਲੰਘਿਆ ਸਾਲ 2019 ਬਹੁਤ ਸਾਰੀਆਂ ਮਿੱਠੀਆਂ ਕੌੜੀਆਂ ਯਾਦਾਂ ਛੱਡ ਗਿਆ ਲੇਕਿਨ ਆਸ ਕਰਦੇ ਹਾਂ ਕਿ 2020 ਇੱਕ ਨਵੇਂ ਅਧਿਆਇ ਦੇ ਤੌਰ ਤੇ ਦੁਨੀਆਂ ਵਿੱਚ ਖੁਸ਼ੀਆਂ ਖੇੜੇ, ਸੁੱਖ ਸ਼ਾਂਤੀ ਭਰਿਆ ਹੋਵੇ।

# ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ



ਫਰਿਜ਼ਨੋ (ਕੈਲੇਫੋਰਨੀਆ)- ਜੀ. ਐਚ. ਜੀ. (ਗਾਉਂਦਾ ਹੱਸਦਾ ਗਰੁੱਪ) ਅਕੈਡਮੀ ਫਰਿਜ਼ਨੋ ਵੱਲੋਂ 22 ਦਸੰਬਰ ਦਿਨ ਐਤਵਾਰ ਨੂੰ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੀ ਸ਼ਹਾਦਤ ਨੂੰ ਸਮਰਪਿਤ ਸਮਾਗਮ ਕਰਵਾਇਆ ਗਿਆ, ਜਿਸ ਵਿਚ ਅਕੈਡਮੀ ਦੇ ਤਕਰੀਬਨ 150 ਬੱਚਿਆਂ ਅਤੇ ਮਾਪਿਆਂ ਨੇ ਹਿੱਸਾ ਲਿਆ। ਇਸ ਸਮਾਗਮ ਦੌਰਾਨ ਸਟੇਜ ਸਕੱਤਰ ਦੀ ਸੇਵਾ ਗੁਰਦੀਪ ਸਿੰਘ ਸ਼ੇਰਗਿੱਲ ਨੇ ਨਿਭਾਈ। ਵੱਖੋ-ਵੱਖ ਬੁਲਾਰਿਆਂ ਜਿਹਨਾਂ ਵਿਚ ਪ੍ਰੀਤ ਗਿੱਲ, ਹਰਜੀਤ ਸਿੰਘ ਟਿਵਾਣਾ, ਪਰਮਜੀਤ ਸਿੰਘ ਧਲੀਵਾਲ, ਯੂਥ ਆਗੂ ਜਸਪ੍ਰੀਤ ਸਿੰਘ ਸਿੱਧੂ ਨੇ ਕਿਹਾ ਕਿ ਮੌਜੂਦਾ ਸਮੇਂ ਅੰਦਰ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ਬਖਸ਼ੀ ਵਿਰਾਸਤ ਬਾਣੀ ਤੇ ਬਾਣੇ ਨੂੰ ਸੰਭਾਲਣ ਦੀ ਮੁੱਖ ਜ਼ਰੂਰਤ ਹੈ ਤਾਂ ਹੀ ਹਰ ਬੱਚਾ ਆਪਣੇ ਅੰਦਰ ਗੁਰਸਿੱਖੀ ਵਾਲਾ ਜਜ਼ਬਾ ਪੈਦਾ ਕਰਕੇ ਗੁਰੂ ਵਾਲਾ ਬਣ ਸਕਦਾ ਹੈ। ਅਕੈਡਮੀ ਦੇ ਸੀਨੀਅਰ ਬੋਰਡ ਮੈਂਬਰ ਸ. ਸੁਖਦੇਵ ਸਿੰਘ ਚੀਮਾ ਵੱਲੋਂ ਭੇਜੇ ਸੰਦੇਸ਼ ਵਿਚ ਉਹਨਾਂ ਕਿਹਾ ਕਿ ਸਾਨੂੰ ਵੱਡੀ ਪੱਧਰ ਤੇ ਸਿੱਖ ਹਿਸਟਰੀ ਅਤੇ ਧਰਮ ਸਬੰਧੀ ਵੱਖੋ-ਵੱਖ ਭਾਸ਼ਾਵਾਂ ਵਿਚ ਪਰਚੇ ਸਮੂਹ ਲੋਕਾਂ ਵਿਚ ਵੰਡਣੇ ਚਾਹੀਦੇ ਹਨ। ਬਹੁਤ ਸਾਰੇ ਬੱਚਿਆਂ ਨੇ ਵਾਹਿਗੁਰੂ ਜੀ ਦਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ ਬੁਲਾ ਕੇ ਆਪਣੀ ਹਜ਼ਰੀ ਲਗਵਾਈ ਅਤੇ ਇਸ ਗੱਲ ਦੀ ਪ੍ਰੋੜ੍ਹਤਾ ਕੀਤੀ ਕਿ ਸਾਨੂੰ ਹਰ ਸਮੇਂ ਮਿਲਣਵੇਲੇ ਫਤਿਹ ਸਾਂਝੀ ਕਰਨੀ ਚਾਹੀਦੀ ਹੈ। ਅੰਤ ਵਿਚ ਪਰਮਜੀਤ ਸਿੰਘ ਧਾਲੀਵਾਲ ਨੇ ਸਭ ਦਾ ਧੰਨਵਾਦ ਕੀਤਾ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਸੰਸਥਾ ਵਿਰਾਸਤੀ ਖੇਡ ਮੇਲਾ 21 ਮਾਰਚ ਨੂੰ ਸ਼ਹੀਦ ਜਸਵੰਤ ਸਿੰਘ ਖਾਲੜਾ ਪਾਰਕ ਵਿਖੇ ਕਰਵਾਉਣ ਜਾ ਰਹੀ ਹੈ। ਹੋਰ ਜਾਣਕਾਰੀ ਲਈ ਪਰਮਜੀਤ ਧਾਲੀਵਾਲ 559-351-9465, ਗੁਰਦੀਪ ਸਿੰਘ ਸ਼ੇਰਗਿੱਲ 550-349-1481 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜਾਬੀ ਗੀਤਕਾਰ ਜਸਬੀਰ ਗੁਣਾਚੌਰੀਆ ਨਾਲ ਫਰਿਜ਼ਨੋ 'ਚ ਹੋਈ ਰੂਬਰੂ





**ਫਰਿਜ਼ਨੋ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੀਆ ਸ਼ਖ਼ਸੀਅਤਾਂ ਦੀ ਵਿਸ਼ੇਸ਼ ਇਕੱਤਰਤਾ ਸ. ਅਮੋਲਿਕ ਸਿੰਘ ਸਿੱਧੂ ਦੇ ਗ੍ਰਹਿ ਵਿਖੇ ਕੀਤੀ ਗਈ। ਇਸ ਸਮੇਂ ਇਲਾਕੇ ਦੀਆ ਵੱਖ-ਵੱਖ ਸੰਸਥਾਵਾਂ ਦੇ ਨੁਮਾਇਦੇ, ਸਾਹਿੱਤਕਾਰ ਅਤੇ ਹੋਰ ਪੰਜਾਬੀ ਮਾਂ ਬੋਲੀ ਨੂੰ ਪਿਆਰ ਕਰਨ ਵਾਲੀਆ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ। ਇਹ ਪ੍ਰੋਗਰਾਮ ਵਿਸ਼ੇਸ਼ ਤੌਰ 'ਤੇ ਪ੍ਰਸਿੱਧ ਗੀਤਕਾਰ ਜਸਬੀਰ ਸਿੰਘ ਗੁਣਾਚੌਰੀਆ ਦੇ ਸਨਮਾਨ ਵਿੱਚ ਰੱਖਿਆ ਗਿਆ ਸੀ। ਜਿੱਥੇ ਉਨ੍ਹਾਂ ਨੇ ਹਾਜਰੀਨ ਦੇ ਨਾਲ ਰੂਬਰੂ ਹੁੰਦੇ ਹੋਏ ਆਪਣੇ ਗੀਤਕਾਰੀ, ਸਾਹਿੱਤਕ ਸਫਰ ਦੀਆ ਯਾਦਾ ਨੂੰ ਸਾਂਝਾ ਕੀਤਾ ਅਤੇ ਗਾਇਕੀ ਰਾਹੀ ਸਾਂਝ ਪਾਈ। ਇਸੇ ਸਮੇਂ ਸਿੱਖ ਇਤਿਹਾਸ ਨੂੰ ਸਮਰਪਿਤ ਉਨ੍ਹਾਂ ਦੀ ਪੁਸਤਕ 'ਹੱਸਦੇ ਸ਼ਹੀਦੀਆਂ ਪਾ ਗਏ' ਲੋਕ ਅਰਪਣ ਕੀਤੀ ਗਈ। ਇਸ ਪ੍ਰੋਗਰਾਮ ਦੀ ਖਾਸੀਅਤ ਇਕ ਇਹ ਵੀ ਰਹੀ ਕਿ ਗ਼ਦਰ ਲਹਿਰ ਨੂੰ ਸਮਰਪਿਤ ਸੰਸਥਾ 'ਇੰਡੋ-ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ' ਦੇ ਸੰਸਥਾਪਕ ਗੁਰਦੀਪ ਸਿੰਘ ਅਣਖੀਂ ਨੂੰ ਪ੍ਰਬੰਧਕਾ ਵੱਲੋਂ 'ਲਾਈਫ ਟਾਈਮ ਅਚੀਵਮੈਂਟ' ਅਵਾਰਡ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮੇਂ ਬੁਲਾਰਿਆਂ ਵਿੱਚ ਸੁਰਿੰਦਰ ਸਿੰਘ ਨਿੱਝਰ, ਅੰਮ੍ਰਿਤਪਾਲ ਸਿੰਘ ਨਿੱਝਰ, ਗੁਰਦੀਪ ਸਿੰਘ ਅਣਖੀਂ, ਜਸਬੀਰ ਗੁਣਾਚੌਰੀਆ, ਮਲਕੀਅਤ ਮੀਤ, ਸੁਖਬੀਰ ਭੰਡਾਲ ਆਦਿਕ ਨੇ ਬੋਲਦੇ ਹੋਏ ਚੰਗੇ ਸਾਹਿੱਤ ਅਤੇ ਗੀਤਕਾਰੀ ਨੂੰ ਸੁਣਨ ਅਤੇ ਪ੍ਰੋਮੋਟ ਕਰਨ ਦੀ ਗੱਲ ਕੀਤੀ। ਇਸ ਸਮੇਂ ਹਾਜ਼ਰ ਗਾਇਕਾ ਵਿੱਚ ਗਾਇਕ ਅਤੇ ਗੀਤਕਾਰ ਧਰਮਵੀਰ ਥਾਂਦੀ, ਅਵਤਾਰ ਸਿੰਘ ਗਰੇਵਾਲ, ਗੌਗੀ ਸੰਧੂ, ਜਗਦੇਵ ਸਿੰਘ ਧੰਜ਼ਲ, ਗੁੱਲੂ ਬਰਾੜ, ਸਾਜਨ ਕੁਹਾਰ ਆਦਿਕ ਨੇ ਆਪਣੀ ਮਿਆਰੀ ਗਾਇਕੀ ਰਾਹੀ ਵੱਖ-ਵੱਖ ਰੰਗ ਬੰਨਦੇ ਹੋਏ ਹਾਜ਼ਰੀਨ ਦਾ ਭਰਪੂਰ ਮੰਨੋਰੰਜਨ ਕੀਤਾ। ਜਦ ਕਿ ਕਵੀਆ ਵਿੱਚ ਹਰਜਿੰਦਰ ਕੰਗ, ਕੁਲਵੰਤ ਸੇਖੋ, ਹਰਜਿੰਦਰ ਢੇਸੀ ਆਦਿਕ ਕਵੀਆ ਨੇ ਕਵਿਤਾਵਾਂ ਪੜੀਆ।

ਅੰਤ ਸਮੁੱਚੇ ਪ੍ਰੋਗਰਾਮ ਦੇ ਪ੍ਰਬੰਧਕ ਸ. ਅਮੋਲਿਕ ਸਿੰਘ ਸਿੱਧੂ (ਭੋਲਾ) ਨੇ ਸਮੂੰਹ ਹਾਜ਼ਰੀਨ ਦਾ ਧੰਨਵਾਦ ਕਰਦੇ ਹੋਏ ਸਾਹਿੱਤਕ ਮਿਆਰੀ ਗਾਇਕੀ ਨੂੰ ਹਮੇਸਾ ਵਾਂਗ ਸਹਿਯੋਗ ਕਰਨ ਦੀ ਸਭ ਨੂੰ ਅਪੀਲ ਕੀਤੀ। ਸਟੇਜ਼ ਸੰਚਾਲਨ ਦੀ ਸੇਵਾ ਪੱਤਰਕਾਰ ਅਤੇ ਲੇਖਕ ਨੀਟਾ ਮਾਛੀਕੇ ਨੇ ਬਾਖੂਬੀ ਸਾਇਰਾਨਾ ਅੰਦਾਜ ਵਿੱਚ ਨਿਭਾਈ। ਅੰਤ ਆਪਣੀਆ ਅਮਿੱਟ ਪੈੜਾ ਛੱਡਦਾ ਹੋਇਆ ਇਹ ਸਮਾਗਮ ਰਾਤਰੀ ਦੇ ਸੁਆਦਿਸ਼ਟ ਖਾਣੇ ਨਾਲ ਯਾਦਗਾਰੀ ਹੋ ਨਿਬੜਿਆ।

# ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਵਰ੍ਹਾ 2019 ਨੂੰ ਅਲਵਿਦਾ ਕਹਿਣ ਲਈ ਰੰਗਾ ਰੰਗ ਕਵੀ ਦਰਬਾਰ ਨੂੰ ਭਰਵਾਂ ਹੁੰਗਾਰਾ

**ਫਰੀਮੋਂਟ-** ਬੀਤੇ ਐਤਵਾਰ ਨੂੰ ਗੋਲਡਨ ਇੰਡੀਆ ਕੁਜ਼ੀਨ, ਫਰੀਮੋਂਟ ਵਿਖੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ ਵਲੋਂ ਇਕ ਵਿਲੱਖਣ ਕਾਵਿਕ ਸ਼ਾਮ ਆਯੋਜਿਤ ਕੀਤੀ ਗਈ ਜਿਸ ਨੂੰ ਫੇਸਬੁਕ ਤੇ ਲਾਇਵ ਟੈਲੀਕਾਸਟ ਕੀਤਾ ਗਿਆ। ਵਰ੍ਹਾ 2019 ਵਿਚ ਵਿਪਸਾ ਦੀਆਂ ਅਦਬੀ ਗਤੀਵਿਧੀਆਂ ਆਪਣੇ ਆਪ ਵਿਚ ਵਿਸ਼ੇਸ਼ ਹੋਣ ਕਾਰਨ ਸਲਾਹੁਣਯੋਗ ਹਨ। ਅਜਿਹੀ ਪ੍ਰਾਪਤੀ ਨੂੰ ਮੁੱਖ ਰੱਖਦਿਆਂ ਇਸ ਵ੍ਹਰੇ ਨੂੰ ਇਕ ਗਰਮਜੋਸ਼ੀ ਨਾਲ ਅਲਵਿਦਾ ਕਹੀ ਗਈ।ਵਿਪਸਾ ਦੀ ਜਨਰਲ ਸਕੱਤਰ ਲਾਜ ਨੀਲਮ ਸੈਣੀ ਨੇ ਹਾਜ਼ਰੀਨ ਦੀ ਇਕਾਗਰਤਾ ਕੇਂਦਰਿਤ ਕਰਨ ਉਪਰੰਤ ਪੰਜਾਬੀ ਨਾਟਕ ਦੀ ਜਾਣੀ ਪਛਾਣੀ ਸ਼ਖਸੀਅਤ ਦੇਵਿੰਦਰ ਦਮਨ ਨੂੰ ਇਸ ਇਕੱਤਰਤਾ ਦੀ ਪ੍ਰਧਾਨਗੀ ਲਈ ਆਮੰਤ੍ਰਿਤ ਕੀਤਾ। ਪੰਜਾਬੀ ਫਿਲਮ ਜਗਤ ਅਤੇ ਰੰਗ ਮੰਚ ਦੀ ਹਰਮਨ ਪਿਆਰੀ ਸ਼ਖਸੀਅਤ ਅਸ਼ੋਕ ਟਾਂਗਰੀ ਜੀ ਅਤੇ ਸ਼ਾਇਰੀ ਦੀ ਸ਼ਾਨ ਸੁਰਜੀਤ ਸਖੀ ਨੂੰ ਪ੍ਰਧਾਨਗੀ ਮੰਡਲ ਵਿਚ ਸੱਦਾ ਦੇਣ ਦੇ ਨਾਲ ਨਵਾਂ ਸ਼ਹਿਰ ਪੰਜਾਬ ਤੋਂ ਪਧਾਰੇ ਸੇਵਾ ਮੁਕਤ ਪ੍ਰਿੰ. ਨਰੰਜਨ ਸਿੰਘ ਨੂੰ ਵੀ ਆਮੰਤ੍ਰਿਤ ਕੀਤਾ। ਬੈਠਕ ਦਾ ਆਰੰਭ ਅਕੈਡਮੀ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਸਮੇਂ ਸਿਰ ਪੁੰਹਚੇ ਸਾਹਿਤਕਾਰਾਂ ਅਤੇ ਸਰੋਤਿਆਂ ਨੂੰ ਜਿੱਥੇ ਜੀ-ਆਇਆਂ ਕਹੀ ਉੱਥੇ ਹੀ ਵਰ੍ਹਾ 2019 ਦਾ ਧੰਨਵਾਦ ਕੀਤਾ ਕਿ ਇਹ ਵਰ੍ਹਾ ਵਿਪਸਾ ਇੰਕ ਵਿਚ ਨੇਪਰੇ ਚੜ੍ਹੀਆਂ ਨਿਰੋਲ ਸਾਹਿਤਕ ਗਤੀਵਿਧੀਆਂ ਲਈ ਇਕ ਸੇਧ ਦਿੰਦਾ ਰਹੇਗਾ। ਸੀਰਤ ਨੇ ਅਕੈਡਮੀ ਦੇ ਸਮਰੱਥਾਵਾਨ ਅਦੀਬ ਜਗਜੀਤ ਨੌਸ਼ਹਿਰਵੀ ਦੇ ਸਤਿਕਾਰਯੋਗ ਪਿਤਾ ਮਾਸਟਰ ਗੁਰਨਾਮ ਸਿੰਘ ਸੰਧੂ ਜੀ ਦੇ ਸਦੀਵੀ ਵਿਛੋੜੇ ਲਈ ਉਹਨਾਂ ਦੀ ਆਤਮਿਕ ਸ਼ਾਂਤੀ ਲਈ ਇਕ ਮਿੰਟ ਦਾ ਮੋਨ ਧਾਰ ਕੇ ਸਾਮੂਹਿਕ ਤੌਰ ਤੇ ਪ੍ਰਾਰਥਨਾ ਕਰਮ ਲਈ ਬੇਨਤੀ ਕੀਤੀ।ਸੀਰਤ ਨੇ ਦੱਸਿਆ ਕਿ ਮਾਸਟਰ ਸਾਹਿਬ ਨੇ ਆਪਣੇ ਗ੍ਰਹਿ ਮਿਲਪੀਟਸ ਵਿਖੇ ਹੁੰਦੀਆਂ ਰਹੀਆਂ ਸਾਹਿਤਕ ਗਤੀਵਿਧੀਆਂ ਵਿਚ ਜਿੱਥੇ ਆਪਣੇ ਵਿਚਾਰ ਸਾਂਝੇ ਕਰਦੇ ਸਨ ਉੱਥੇ ਹੀ ਸਾਨੂੰ ਹਮੇਸ਼ਾਂ ਹੱਲਾ ਸ਼ੇਰੀ ਵੀ ਦਿੰਦੇ ਰਹਿੰਦੇ ਸਨ। ਸੁਖਵਿੰਦਰ ਕੰਬੋਜ ਨੇ ਆਪਣੀ ਸ਼ਰਧਾਜਲੀ ਵਿਚ ਕਿਹਾ ਕਿ ਆਪ ਜੀਵਨ ਨੂੰ ਬਹੁਤ ਹੀ ਮੁੱਲਵਾਨ ਸਮਝਦੇ ਰਹੇ ਅਤੇ ਆਪਣੇ ਅੰਤਿਮ ਚਰਣ ਤਕ ਇਸ ਨੂੰ ਜੀਵਿਆ ਹੈ। ਜਗਜੀਤ ਨੌਸ਼ਹਿਰਵੀ ਨੇ ਆਪਣੇ ਜਨਮਦਾਤਾ ਨੂੰ ਇਕ ਦ੍ਰਿੜ ਸ਼ਕਤੀ ਪੂਰਵਕ ਨਾਇਕ ਦੀ ਸੰਗਿਆ ਦਿੱਤੀ। ਉਹਨਾਂ ਕਿਹਾ ਕਿ ਕੈਂਸਰ ਜਿਹੇ ਰੋਗ ਨੇ ਉਹਨਾਂ ਨੂੰ ਡਿਗਣ ਨਹੀਂ ਦਿੱਤਾ ਅਤੇ ਉਹ ਆਖਰੀ ਦਮ ਤੀਕ ਸੰਘਰਸ਼-ਸ਼ੀਲ ਰਹੇ। ਅਗਲੇ ਚਰਣ ਵਿਚ ਵਰ੍ਹਾ 2019 ਨੂੰ ਅਲਵਿਦਾ ਕਰਨ ਲਈ ਸ਼ਾਇਰੀ ਦੀ ਸ਼ਾਮ ਆਰੰਭ ਕੀਤੀ ਗਈ। ਲਾਜ ਨੀਲਮ ਸੈਣੀ ਨੇ ਇਕ ਸ਼ਾਇਰਾਨਾ ਸ਼ੈਲੀ ਵਿਚ ਸ਼ਮਾਂ-ਏ-ਸੁਖਨ ਵਿਪਸਾ ਦੇ ਜ਼ਹੀਨ ਅਤੇ ਸੁਚੇਤ ਸ਼ਾਇਰ ਅਮਰਜੀਤ ਜੋਹਲ ਨੂੰ ਪੇਸ਼ ਕਰਦੇ ਹੋਏ ਉਹਨਾਂ ਦਾ ਇਹ ਸ਼ਿਅਰ ਕਿਹਾ ਕਿ, ਉ ਥਾਂ ਥਾਂ ਉੱਤੇ ਖੁਲ੍ਹ ਗਿਆ



ਇਕ ਡੇਰਾ ਹੈ/ ਬਾਬੇ ਨਾਨਕ ਦਾ ਦੱਸੋ ਘਰ ਕਿਹੜਾ ਹੈ?"। ਇਸ ਨੂੰ ਪ੍ਰਵਾਨ ਕਰਦਿਆਂ ਉਹਨਾਂ ਇਸ ਨੂੰ ਤਰੱਨਮ ਵਿਚ ਪੇਸ਼ ਕੀਤਾ ਅਤੇ ਭਰਪੂਰ ਦਾਦ ਖੱਟੀ।ਸ਼ੁਮਾਂ ਦਾ ਪ੍ਰਵਾਹ ਤਾਰਾ ਸਾਗਰ ਤੀਕ ਅਪੜਨ ਉਪਰੰਤ ਉਹਨਾਂ ਕੁਝ ਕਵਿਤਾਵਾਂ ਦੀਆਂ ਸਤਰਾਂ ਵਿਚ ਇਹ ਵੀ ਕਿਹਾ, ਉਲਝਿਆਂ ਤਾਂ ਸਾਗਰ ਸੁਕ ਜਾਂਦੇ / ਮਿਲ ਬਹਿ ਕੇ ਝਗੜੇ ਮੁੱਕ ਜਾਂਦੇ"। ਇਸ ਉਪਰੰਤ ਮਹਿੰਦਰ ਸਿੰਘ ਸੰਘੇੜਾ ਨੇ ਗੁਰੁ ਨਾਨਕ ਦੇਵ ਜੀ ਨੂੰ ਸਮਰਪਿਤ ਕਵਿਤਾ, "ਪੁਕਾਰ" ਦਾ ਜਾਪ ਕੀਤਾ ਅਤੇ ਸਮੂਹ ਨੂੰ ਆਪਣੇ ਨਾਲ ਜੋੜ ਲਿਆ। ਇਕ ਖੁਸ਼ੀ ਦੇ ਪ੍ਰਗਟਾਅ ਦੀ ਚਮਕ ਉਭਰੀ ਜਦ ਇਕ ਨਵੇਂ ਨੋਜਵਾਨ ਸ਼ਾਇਰ ਗੁਰਪ੍ਰੀਤ ਸਿੰਘ ਨੇ ਕਵਿਤਾ ਰਾਹੀਂ ਗੁਰ ਸਿੱਖ ਇਤਿਹਾਸ ਨੂੰ ਇਕ ਬੁਲੰਦ ਆਵਾਜ਼ ਅਤੇ ਸੂਝ ਭਰਪੂਰ ਸ਼ੈਲੀ ਵਿਚ ਪੇਸ਼ ਕੀਤਾ।ਇਸ ਵਿਦਾਇਗੀ ਦੇ ਹਾਸਲ ਦਾ ਰਿਹੱਸ ਸੁਖਪਾਲ ਸੰਘੇੜਾ ਵਲੋਂ ਪ੍ਰਸਤੁਤ ਕਵਿਤਾ ਰਾਹੀਂ ਸਾਹਮਣੇ ਆਇਆ। ਕਵਿਤਾ ਦਾ ਸਿਰਲੇਖ ਹੀ ਇਸ ਪ੍ਰਤੀ ਫੈਸਲਾਕੁਨ ਹੈ ਕਿ, "ਨਹੀਂ ਵਸਦਾ ਪੰਜਾਬ ਗੁਰਾਂ ਦੇ ਨਾਂ 'ਤੇ"। ਅਮਰਜੀਤ ਕੌਰ ਦੀ ਪ੍ਰਤਿਭਾ ਇਕ ਸੈਨਿਕ ਦੀ ਘਰ ਵਾਪਸੀ ਪ੍ਰਤੀ ਜਗਿਆਸਾ ਦਾ ਵਿਖਿਆਨ ਹੈ। ਇੰਝ ਹੀ ਜਿੱਥੇ ਰੇਸ਼ਮ ਸਿੱਧੂ ਪੂਰਨ ਰੂਪ ਵਿਚ ਜੀਊਣ ਲਈ ਆਸਵੰਦ ਹੋ ਵਿਚਰਦਾ ਹੈ, 'ਅੱਜ ਫਿਰ ਜੀਣਾ ਚਾਹਿਆ / ਅੱਜ ਫਿਰ ਦਸਤਕ ਹੋਈ', ਉਂਝ ਹੀ ਪੰਕਜ ਕੁਝ ਇਸ ਤਰਾਂ ਕਹਿ ਉੱਠਦਾ ਹੈ, ਜ਼ਿਹਨ ਮੇਰੇ ਦੇ ਨੇਰ੍ਹੇ ਨੂੰ ਤੂੰ ਰੌਸ਼ਨ ਕਰ ਦੇ / ਮਿੱਟੀ ਦਾ ਇਕ ਬਲਦਾ ਦੀਵਾ ਸਿਰ ਤੇ ਧਰ ਦੇ'।ਜਗਜੀਤ ਨੌਸ਼ਹਿਰਵੀ ਨਵੇਂ ਸਾਲ ਨੂੰ ਪ੍ਰੇਰਿਤ ਕਰਦਾ ਪ੍ਰਤੀਤ ਹੁੰਦਾ ਹੈ, 'ਨਵੇਂ ਸਾਲ ਤੂੰ ਹੁਣੇ ਮਿਲੀ ਮੁਟਿਆਰ ਜਿਹਾ ਹੋ'। ਚਰਨਜੀਤ ਪੰਨੂ ਨੇ ਦੋ ਕਵਿਤਾਵਾਂ, 'ਵੀਰ ਦਾ ਵਿਹੜਾ ਅਤੇ ਮੋਰਚੇ ਸਾਂਭ ਲਵੋ ਨਾਲ ਹਾਜ਼ਰੀ ਭਰੀ।ਸੁਖਵਿੰਦਰ ਕੰਬੋਜ ਨੇ ,'ਮਾਰਕਸ ਦੀ ਵਾਪਸੀ'ਦਾ ਹੁੰਗਾਰਾ ਭਰਿਆ ਅਤੇ ਕੁਲਵਿੰਦਰ ਨੇ ਇਸ ਸੰਕਲਪ ਨੂੰ ਸ਼ੇਰੀਅਤ ਦਿੱਤੀ, 'ਹਯਾਤੀ ਵਾਸਤੇ ਹਰ ਵਕਤ ਹੀ ਲੜਨਾ ਜ਼ਰੂਰੀ ਹੈ/ ਮਿਰੇ ਅੱਗੇ ਹੈ ਪਰਬਤ ਪਰ ਮਿਰਾ ਚੜ੍ਹਨਾ ਜ਼ਰੂਰੀ ਹੈ'।

ਇਸੇ ਮਾਹੋਲ ਵਿਚ ਲਾਜ ਨੀਲਮ ਸੈਣੀ ਨੇ ਸ਼ਮ੍ਹਾ ਨੂੰ ਹੋਰ ਲੋਅ ਦੇਂਦੇ ਹੋਏ ਨਜ਼ਮ, 'ਸ਼ਾਇਰ ਦੀ ਬੀਵੀ' ਰਾਹੀਂ ਇਕ ਸ਼ਾਇਰ ਦੀ ਪ੍ਰਤਿਭਾ ਨੂੰ ਕਟਾਕਸ਼ ਰਾਹੀਂ ਰੌਸ਼ਨ ਕੀਤਾ। ਐਸ਼ ਜੀ ਸਾਡੇ ਨਾਲ ਨਵੇਂ ਨਵੇਂ ਜੁੜੇ ਹਨ। ਉਹਨਾਂ ਦੀ ਕਵਿਤਾ ਅਮਰੀਕੀ ਸ਼ਹਿਰੀਅਤ ਪ੍ਰਤੀ ਜਗਿਆਸਾ ਮੁੱਲਵਾਨ ਰਹੀ।

ਇਹਨਾਂ ਮਗਰੋਂ ਡਾ.ਹਰਮੇਸ਼ ਜੀ ਨੇ ਭਾਰਤ ਅਤੇ ਪਾਕਿਸਤਾਨ ਵਿਚਲੀ ਸਾਂਝੀ ਲੋਅ ਨੂੰ ਪ੍ਰਗਟਾਇਆ ਅਤੇ ਮਗਰੋਂ ਸੁਰਿੰਦਰ ਸੀਰਤ ਨੇ ਗੁਰੁ ਨਾਨਕ ਦੇਵ ਜੀ ਅੱਗੇ ਅਰਜੋਈ,'ਜੇ ਤੂੰ ਮੇਰੇ ਵੱਲ ਹੈਂ ਤਾਂ ਐ ਬਖਸ਼ਿੰਦੇ ' ਦਾ ਪਾਠ ਕੀਤਾ। ਇਸ ਮੁਸ਼ਾਇਰੇ ਨੂੰ ਦਿਲਚਸਪੀ ਨਾਲ ਸੁਣਦਿਆਂ, ਸੁਰਜੀਤ ਸਖੀ ਨੇ ਹਾਜ਼ਰੀਨ ਦੀ ਤੀਖਣਤਾ ਵਧਾਈ ਜਦ ਇਹ ਸ਼ਿਅਰ ਕਿਹਾ, 'ਅੰਗਿਆਰ ਵਿਛਾਓ ਤੁਸੀਂ, ਤੇ ਪੈਰ ਅਸੀਂ ਧਰੀਏ / ਅੱਜ ਸ਼ੌਕ ਤੁਹਾਡਾ ਹੈ, ਹਰ ਹਾਲ ਅਸੀਂ ਮਰੀਏ 'ਅਤੇ ਇਸ ਸ਼ਿਅਰ ਨੇ ਸਮਾਂ ਬੰਨ ਦਿੱਤਾ, 'ਝੁਲਸੀ ਹੋਈ ਇੱਜ਼ਤ ਦੀ ਸੁਲਘਦੀ ਹੋਈ ਢੇਰੀ ਚੋਂ/ਬੇਟੀ ਨੂੰ ਪਛਾਨਣ ਦਾ ਸੰਤਾਪ ਕਿਵੇਂ ਜਰੀਏ'। ਪ੍ਰਧਾਨਗੀ ਮੰਡਲ ਚੋਂ ਪ੍ਰਿੰ. ਨਰੰਜਨ ਸਿੰਘ ਨੇ ਨਵੇਂ ਸਾਲ ਨੂੰ ਮਨਾਉਣ ਦੀ ਸਦਭਾਵਨਾ ਵਰਤੀ ਅਤੇ ਪ੍ਰਧਾਨਗੀ ਭਾਸ਼ਣ ਵਿਚ ਦਵਿੰਦਰ ਦਮਨ ਜੀ ਨੇ ਵਿਪਸਾ ਨੂੰ ਮੁਬਾਰਕ ਦਿੱਤੀ ਕਿ ਉਹਨਾਂ ਨੇ ਅੱਜ ਦੇ ਇਸ ਮਹੱਤਵਪੂਰਨ, ਸਫਲ, ਭਾਵਪੂਰਕ ਅਤੇ ਸੇਕ-ਭਰਪੂਰ ਸਮਾਗਮ ਨੂੰ ਬੜੀ ਸ਼ਿੱਦਤ ਨਾਲ ਮਾਣਿਆ ਹੈ। ਇਸੇ ਵਿਯੋਗ ਵਿਚ ਉਹ ਆਪ ਵੀ ਵਹਿ ਤੁਰੇ ਅਤੇ ਆਪਣੇ ਇਕ ਚਰਚਿਤ ਗੀਤ ਦਾ ਗਾਇਨ ਕੀਤਾ।

ਇਸ ਮਹੱਤਵਪੂਰਨ ਵਿਦਾਇਗੀ ਸਮਾਰੋਹ ਵਿਚ ਸਰੋਤਿਆਂ ਵਜੋਂ ਡਾ. ਚਰਨਜੀਤ ਸਿੰਘ ਉੱਪਲ, ਦਰਸ ਢਿੱਲੋਂ, ਪਰਮੋਦ ਅਗਰਵਾਲ, ਕਸ਼ਪ ਚੋਪੜਾ, ਦਲਬੀਰ ਸਿੰਘ, ਮਾਸਟਰ ਰਿੰਕੂ, ਪ੍ਰੋ ਬਲਜਿੰਦਰ ਸਿੰਘ, ਅਲਕਾ ਮਦਾਨ ਜੀ, ਸ਼ਹਿਜ਼ਾਦ ਮਦਾਨ ਅਤੇ ਸਰਬਜੀਤ ਕੌਰ ਚੀਮਾ ਜੀ ਨੇ ਸ਼ਾਮਿਲ ਹੋ ਕੇ ਹੌਂ-ਸਲਾ ਅਫਜ਼ਾਈ ਕੀਤੀ।

ਅਕੈਡਮੀ, ਜਸਵੀਰ ਭੰਵਰਾ ਦੀ ਰਿਣੀ ਹੈ ਜਿੰਨਾਂ ਨੇ ਕੈਮਰੇ ਦੀ ਸੇਵਾ ਨਿਭਾਈ ਅਤੇ ਗੋਲਡਨ ਇੰਡੀਆ ਕੁਜ਼ੀਨ ਡਾਇਨਿੰਗ ਐਂਡ ਬੈਕੁਐਟ ਵਲੋਂ ਮੇਜ਼ਵਾਨੀ ਦੀ ਸੇਵਾ ਨਿਭਾਉਣ ਲਈ ਸ਼ੁਕਰੀਆ।

**ਰਿਪੋਰਟ: ਸਰਿੰਦਰ ਸੀਰਤ ਪ੍ਰਧਾਨ ਵਿਪਸਾ**

## ਸਭ ਨੂੰ ਸਾਲ 2020 ਮੁਬਾਰਕ ਹੋਵੇ!!!

ਕਿਸੇ ਅੱਖ ਚੋਂ ਹਿੰਝ ਨਾ ਚੋਵੇ
ਸਭ ਨੂੰ ਸਾਲ ਮੁਬਾਰਕ ਹੋਵੇ

ਝੂਠ ਕੁਫਰ ਬੇਈਮਾਨੀ ਛੱਡੀਏ
ਭੇਦ ਭਾਵ ਸਭ ਦਿਲ ਚੋਂ ਕੱਢੀਏ
ਦਿਲਾਂ ਚੋਂ ਜਿਹੜੇ ਮੈਲਾ ਧੋਵੇ
ਸਭ ਨੂੰ ਸਾਲ ਮੁਬਾਰਕ ਹੋਵੇ

ਯੁੱਗ ਵਿਗਿਆਨਕ ਚੱਲਦਾ ਫਿਰ ਵੀ
ਅੰਧ ਵਿਸ਼ਵਾਸ ਨਾ ਟਲਦਾ ਫਿਰ ਵੀ
ਜੋ ਵਿਗਿਆਨਕ ਸੋਚ ਨਾ ਖੋਵੇ
ਸਭ ਨੂੰ ਸਾਲ ਮੁਬਾਰਕ ਹੋਵੇ

ਫੁੱਲ ਦੀ ਖਾਤਰ ਕਲੀ ਨਾ ਮਾਰੋ
ਕਲੀਆਂ ਨੂੰ ਵੀ ਸਭ ਸਤਿਕਾਰੋ

ਜੋ ਵੀ ਇਨ੍ਹਾਂ ਦੇ ਹੱਕ ਚ ਖਲੋਵੇ
ਸਭ ਨੂੰ ਸਾਲ ਮੁਬਾਰਕ ਹੋਵੇ

ਕਿਸੇ ਅੱਖ ਚੋਂ ਹਿੰਝ ਨਾ ਚੋਵੇ
ਸਭ ਨੂੰ ਸਾਲ ਮੁਬਾਰਕ ਹੋਵੇ

**ਮਦਨ ਬੰਗੜ**
91-95015 -75511

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ

SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

WE PROVIDE ALL TRUCKING RELATED PERMITS AND SERVICES



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਆਲ ਇੰਡੀਆ ਸਮਤਾ ਸੈਨਿਕ ਦਲ ਵੱਲੋਂ ਵਧਾਈ

**ਜਲੰਧਰ–** ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ, ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ, ਵਿੱਤ ਸਕੱਤਰ ਐਡਵੋਕੇਟ ਕੁਲਦੀਪ ਭੱਟੀ ਅਤੇ ਸਮੂਹ ਮੈਂਬਰਾਂ ਨੇ 'ਦੇਸ਼ ਦੋਆਬਾ' ਅਖਬਾਰ ਵੱਲੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550 ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਥਮ ਧੰਨਵਾਦ ਸਮਾਗਮ ਕਰਨ ਤੇ ਵਧਾਈ ਦਿੱਤੀ ਹੈ। ਬਲਦੇਵ ਰਾਜ ਭਾਰਦਵਾਜ ਨੇ ਕਿਹਾ ਕਿ



ਗੁਰੂ ਨਾਨਕ ਦੇਵ ਜੀ ਨੇ ਸਮਾਜਿਕ ਬੁਰਾਈਆਂ ਅਤੇ ਅੰਧਵਿਸ਼ਵਾਸਾਂ ਨੂੰ ਦੂਰ ਕਰਨ ਵਾਸਤੇ ਗੰਗਾ ਵਿਚ ਪੰਡਤਾਂ ਦੇ ਉਲਟ ਆਪਣੇ ਖੇਤਾਂ ਨੂੰ ਪਾਣੀ ਦਿੱਤਾ। ਉਨ੍ਹਾਂ ਉੱਚ ਨੀਚ ਦਾ ਅੰਤਰ ਮਿਟਾਉਣ ਤੇ ਗਰੀਬਾਂ ਦਾ ਸਨਮਾਨ ਵਧਾਉਣ ਦੇ ਨਾਲ ਰਾਜਾਸ਼ਾਹੀ ਦਾ ਡੱਟ ਕੇ ਵਿਰੋਧ ਕੀਤਾ। ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਨੇ ਆਪਣੀ ਬਹੁਤ ਹੀ ਮਹੱਤਵਪੂਰਨ ਪੁਸਤਕ 'ਜਾਤ ਪਾਤ ਦਾ ਬੀਜ ਨਾਸ਼' ਵਿਚ ਜਾਤ ਪਾਤ ਨੂੰ ਖਤਮ ਕਰਨ ਲਈ ਬੁੱਧ ਅਤੇ ਗੁਰੂ ਨਾਨਕ ਦੇਵ ਦੇ ਫਲਸਫੇ ਤੇ ਚਲਣ ਲਈ ਕਿਹਾ ਹੈ। ਬਲਦੇਵ ਭਾਰਦਵਾਜ ਨੇ ਅੱਗੇ ਕਿਹਾ ਕਿ 'ਦੇਸ਼ ਦੋਆਬਾ' ਅਖਬਾਰ ਬਹੁਤ ਹੀ ਨਿਧੜਕ ਹੋ ਕੇ ਸਮਾਜ ਦੀ ਸੇਵਾ ਕਰ ਰਿਹਾ ਹੈ। ਅਖਬਾਰ ਦੇ ਮੁੱਖ ਸੰਪਾਦਕ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵਧਾਈ ਦੇ ਪਾਤਰ ਹਨ।

**(ਬਲਦੇਵ ਰਾਜ ਭਾਰਦਵਾਜ) ਜਨਰਲ ਸਕੱਤਰ**

# ਡਾ: ਅੰਬੇਦਕਾਰ 'ਤੇ ਬਣ ਰਹੀ ਹੈ ਦੇਸ਼ ਦੀ ਪਹਿਲੀ ਐਨੀਮੇਟਿਡ ਫਿਲਮ

**ਜਲੰਧਰ–** ਪ੍ਰੀਤਮ ਫਿਲਮ ਪ੍ਰੋਡਕਸ਼ਨ ਵੱਲੋਂ ਬਣਾਈ ਜਾ ਰਹੀ 'ਜੈ ਭੀਮ' ਫਿਲਮ ਦਾ ਅੱਜ ਇਥੇ ਪੋਸਟਰ ਰਿਲੀਜ਼ ਕੀਤਾ ਗਿਆ।ਇਹ ਫਿਲਮ ਪੂਰੀ ਤਰ੍ਹਾਂ ਨਾਲ ਡਾ: ਭੀਮ ਰਾਓ ਅੰਬੇਦਕਰ ਦੇ ਸੰਘਰਸ਼ਮਈ ਜੀਵਨ ਦੇ ਅਧਾਰਿਤ ਹੈ।ਫਿਲਮ ਦੇ ਡਾਇਰੈਕਟਰ ਜੱਸੀ ਚਾਨਾ ਨੇ ਦੱਸਿਆ ਕਿ ਇਹ ਦੇਸ਼ ਦੀ ਪਹਿਲੀ ਐਨੀਮੇਟਿਡ ਫਿਲਮ ਹੈ ਜਿਹੜੀ ਡਾ: ਅੰਬੇ-ਦਕਰ ਦੇ ਜੀਵਨ 'ਤੇ ਬਣਾਈ ਜਾ ਰਹੀ ਹੈ। ਇਸ ਦੇ ਪ੍ਰੋਡਿਊਸਰ ਡਾ ਜੋਗਿੰਦਰ ਸਿੰਘ ਭੰਗਾਲੀਆ ਤੇ ਸੋਨੂੰ ਭੰਗਾਲੀਆ ਹਨ। ਉਨ੍ਹਾਂ ਦੱਸਿਆ ਕਿ ਜੈ ਭੀਮ ਫਿਲਮ ਅਪ੍ਰੈਲ 2020 ਵਿੱਚ ਮੁਕੰਮਲ ਕਰ ਲਈ ਜਾਏਗੀ ।ਫਿਲਮ ਦੇ ਨੌਜਵਾਨ ਡਾਇਰੈਕਟਰ ਜੱਸੀ ਚਾਨਾ ਨੇ ਦੱਸਿਆ ਕਿ ਭਵਿੱਖ ਵਿੱਚ ਐਨੀਮੇਟਿਡ ਫਿਲਮਾਂ ਦਾ ਰੁਝਾਨ ਵੱਧ ਰਿਹਾ ਹੈ । ਉਨ੍ਹਾਂ ਦੱਸਿਆ ਕਿ ਫਿਲਮ ਡਾ. ਅੰਬੇਡਕਰ ਦੇ ਜੀਵਨ ਦੇ ਸਾਰੇ ਮਹੱਤਵਪੂਰਨ ਪੱਖਾਂ ਦਾ ਚਿਤਰਨ ਕਰਦੀ ਹੈ ਜਿਵੇਂ ਕਿ ਉਨ੍ਹਾਂ ਦੇ ਬਚਪਨ ਅਤੇ ਵਿਦਿਆਰਥੀ ਜੀਵਨ ਦੀਆਂ ਮੁਸੀਬਤਾਂ, ਦਲਿਤਾਂ ਸੰਘਰਸ਼, ਅਜ਼ਾਦੀ ਸੰਗਰਾਮ ਅਤੇ ਨਵੇਂ ਭਾਰਤ ਦੇ ਨਿਰਮਾਣ ਵਿਚ ਯੋਗਦਾਨ। ਇਸ ਫਿਲਮ ਦੀ ਕਹਾਣੀ ਡਾ. ਐਸ.ਐਲ ਵਿਰਦੀ ਐਡਵੋਕੇਟ ਨੇ ਲਿਖੀ ਹੈ ਜਦ ਕਿ ਇਸ ਦਾ ਸਕਰੀਨ ਪਲੇਅ ਅਤੇ ਡਾਇਲਾਗ ਸਤਨਾਮ ਚਾਨਾ ਨੇ ਲਿਖੇ ਹਨ। ਫਿਲਮ ਦਾ ਸੰਗੀਤ ਪਰਮ ਆਗਾਜ਼ ਨੇ ਦਿੱਤਾ ਹੈ। ਸਤਨਾਮ ਚਾਨਾ ਨੇ ਦੱਸਿਆ ਕਿ ਭਾਰਤ ਰਤਨ ਡਾ: ਭੀਮ ਰਾਓ ਅੰਬੇਦਕਰ ਇੱਕ ਯੁੱਗ ਪਲਟਾਊ ਆਗੂ ਸਨ। ਉਨ੍ਹਾਂ ਦਾ ਕੱਦ ਬੱਤ ਦੁਨੀਆਂ ਪੱਧਰ ਦੇ ਆਗੂਆਂ ਦੇ ਬਰਾਬਰ ਦਾ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਸ ਫਿਲਮ ਵਿੱਚ ਅਜਿਹੇ ਇਤਿਹਾਸਕ ਤੱਥ ਵੀ ਪੇਸ਼ ਕੀਤੇ ਜਾ ਰਹੇ ਹਨ ਜਿਹੜੇ ਲੋਕਾਂ ਨੂੰ ਹੈਰਾਨ ਕਰਨ ਵਾਲੇ ਹੋਣਗੇ। ਡਾ. ਵਿਰਦੀ ਨੇ ਦੱਸਿਆ ਕਿ ਫਿਲਮ ਦੀ ਕਹਾਣੀ ਪੂਰੀ ਤਰ੍ਹਾਂ ਨਾਲ ਇਤਿਹਾਸਕ ਤੱਥਾਂ 'ਤੇ ਅਧਾਰਿਤ ਹੈ ਜੋ ਡਾ. ਅੰਬੇਡਕਰ ਵੱਲੋਂ ਦਲਿਤਾਂ, ਮਜ਼ਦੂਰਾਂ, ਕਿਸਾਨਾ, ਔਰਤਾਂ, ਘੱਟ ਗਿਣਤੀਆਂ ਅਤੇ ਦੇਸ਼ ਦੀ ਏਕਤਾ ਅਖੰਡਤਾ ਲਈ ਕੀਤੇ ਅੰਦੋਲਨ ਨੂੰ ਪੇਸ਼ ਕਰੇਗੀ। ਇਸ ਵਿਚ ਅਜਿਹੇ ਤੱਥਾਂ ਨੂੰ ਵੀ ਉਭਾਰਿਆ ਜਾ ਰਿਹਾ ਹੈ ਜਿਹੜੇ ਲੋਕਾਂ ਨੇ ਪਹਿਲਾਂ ਕਦੇਂ ਨਹੀ ਸੁਣੇ ਹੋਣਗੇ।




ਜ਼ਿਕਰਯੋਗ ਹੈ ਕਿ ਪ੍ਰੀਤਮ ਫਿਲਮ ਪ੍ਰੋਡਕਸ਼ਨ ਦੀ ਇਹ ਦੂਜੀ ਫਿਲਮ ਹੈ। ਇਸ ਦੀ ਪਹਿਲੀ ਫਿਲਮ 'ਗੁਰੂ ਦਾ ਬੰਦਾ' ਸੀ ਜਿਸ ਨੂੰ 'ਬੈਸਟ ਐਨੀਮੇਟਡ ਫਿਲਮ ਆਫ ਦ ਯੀਅਰ 2018 ਐਵਾਰਡ ਮਿਲਿਆ ਹੋਇਆ ਹੈ।

**– ਪਾਲ ਸਿੰਘ ਨੌਲੀ**
**ਪਬਲਿਕ ਰਿਲੇਸ਼ਨ ਅਤੇ ਪਬਲਿਸਿਟੀ ਇੰਚਾਰਜ**

# ਐਸਰੋ ਕੈਨੇਡਾ ਵਲੋਂ ਕ੍ਰਿਸਮਸ ਤੇ ਨਵੇਂ ਸਾਲ ਦੀ ਆਮਦ ਤੇ ਸਮਾਗਮ ਆਯੋਜਨ

**ਵੈਨਕੂਵਰ (ਹਰਨੇਕ ਸਿੰਘ ਵਿਰਦੀ)** –ਅੰਬੇਡਕ ਇੰਟਰਨੈਸ਼ਨਲ ਸ਼ੋਸ਼ਲ ਰੀਫੋਰਮ ਆਰਗਾਨਾਈਜੇਸ਼ਨ (ਐਸਰੋ) ਕੈਨੇਡਾ ਵਲੋਂ ਸਰ੍ਹੀਂ ਦੇ ਖੰਨਾ ਬੈਂਕੁਅਟ ਹਾਲ ਵਿਖੇ ਬੀਤੇ ਦਿਨ ਕ੍ਰਿਸਮਸ ਅਤੇ ਨਵੇਂ ਸਾਲ ਦੀ ਆਮਦ ਤੇ ਇਕ ਸਮਾਗਮ ਦਾ ਅਯੋਜਨ ਕੀਤਾ ਗਿਆ।ਇਸ ਮੌਕੇ ਸਿਟੀ ਆਫ ਸਰੀ ਕੌਂਸਲਰ ਸ੍ਰੀ ਮਨਦੀਪ ਨਾਗਰਾ ਮੁੱਖ ਮਹਿਮਾਨ ਵਜੋਂ ਪੁੱਜੇ ਅਤੇ ਉਨ੍ਹਾ ਪ੍ਰਭੂ ਯੀਸੂ ਮਸੀਹ ਜੀ ਨੂੰ ਯਾਦ ਕਰਦਿਆ ਕੈਂਡਲ ਜਗਾ ਕੇ ਸਮਾਗਮ ਦੀ ਸ਼ੁਰੂਆਤ ਕੀਤੀ ਅਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।ਉਨਾਂ ਆਏ ਹੋਏ ਮਹਿਮਾਨਾਂ ਨੂੰ ਭਰੋਸਾ ਦਿਵਾਇਆ ਕਿ ਸ਼ਰ੍ਹੀ ਦੀ ਸਮੂਹ ਕੌਂਸਲ ਵਲੋਂ ਸਰ੍ਹੀ ਸ਼ਹਿਰ ਨੂੰ ਆਉਣ ਵਾਲੇ ਸਮੇਂ ਵਿੱਚ ਹੋਰ ਬਿਹਤਰ ਬਣ-ਾਉਣ ਲਈ ਹੋਰ ਵੱਡੇ ਪੱਧਰ ਤੇ ਉਪਰਾਲੇ ਕੀਤੇ ਜਾਣਗੇ। ਇਸ ਮੌਕੇ ਐਸਰੋ ਕੈਨੇਡਾ ਅਤੇ ਸਰ੍ਹੀ ਦੇ ਪ੍ਰਸਿਧ ਬਿਜ਼ਨਸਮੈਨ ਸਰਦਾਰ ਪਾਲ ਰੰਧਾਵਾ ਵਲੋਂ ਮਨਦੀਪ ਸਿੰਘ ਕੌਸਰਲ ਨੂੰ ਉਨਾਂ ਦੇ ਸਮਾਜ ਪ੍ਰਤੀ ਕੀਤੇ ਹੋਏ ਸ਼ਲਾਘਾ ਯੋਗ ਕੰਮਾਂ ਕਰਕੇ ਸਨਮਾਨਿਆ ਗਿਆ ਅਤੇ ਸਰਦਾਰ ਪਾਲ ਰੰਧਾਵਾ ਵਲੋਂ ਦੱਸਿਆ ਕਿ ਸਾਨੂੰ ਗੁਰੂਆਂ ਦੇ ਦਰਸਾਏ ਹੋਏ ਸਾਝੀਵਾਲਤਾ ਉਪਦੇਸ਼ ਤੇ ਚੱਲਣਾ ਚਾਹੀਦਾ ਹੈ।ਵੈਨਕੂਵਰ ਦੇ ਅੰਬੇਡਕਰ ਵਿਚਾਰਸ਼ੀਲ ਤੇ ਸਮਾਜ ਸੇਵਕ ਸ੍ਰੀ ਪਰਮਜੀਤ ਸਿੰਘ ਲਾਖਾਂ ਵਲੋਂ ਪੱਤਰਕਾਰ ਹਰਨੇਕ ਵਿਰਦੀ ਨੂੰ ਪੱਤਰਕਾਰ achievement ਦਾ ਸਨਮਾਨ ਚਿੰਨ ਦਿੱਤਾ ਗਿਆ।



# ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇ ਗੰਢ 'ਤੇ ਸਮਾਗਮ 4 ਨੂੰ

ਜਲੰਧਰ– ਵਿਦੇਸ਼ੀ ਅਤੇ ਦੇਸੀ ਹਰ ਵੰਨਗੀ ਦੀ ਗ਼ੁਲਾਮੀ ਤੋਂ ਮੁਕਤ ਕਰਾਕੇ ਸਾਡੇ ਮੁਲਕ ਨੂੰ ਆਜ਼ਾਦੀ, ਬਰਾਬਰੀ, ਜਮਹੂਰੀਅਤ, ਸਾਂਝੀਵਾਲਤਾ ਅਤੇ ਨਿਆਂ ਦੀ ਬੁਨਿਆਦ 'ਤੇ ਸਿਰਜਣ ਲਈ ਵਿਲੱਖਣ ਭੂਮਿਕਾ ਅਦਾ ਕਰਨ ਵਾਲੀ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਨ ਸਿੰਘ ਭਕਨਾ ਦੀ 150ਵੀਂ ਜਨਮ ਵਰ੍ਹੇ ਗੰਢ 4 ਜਨਵਰੀ ਦਿਨ ਸ਼ਨਿਚਰਵਾਰ, ਸਵੇਰੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਦੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਮਨਾਈ ਜਾਏਗੀ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ ਅਤੇ ਜਨਰਲ ਸਕੱਤਰ, ਗੁਰਮੀਤ ਸਿੰਘ ਨੇ ਦੱਸਿਆ ਕਿ ਸਮਾਗਮ 'ਚ ਬਾਬਾ ਸੋਹਨ ਸਿੰਘ ਭਕਨਾ ਦੇ ਸੰਗਰਾਮੀ ਜੀਵਨ, ਉਹਨਾਂ ਦੇ ਨਿਸ਼ਾਨਿਆਂ ਅਤੇ ਮੁਲਕ ਦੀ ਅਜੋਕੀ ਹਾਲਤ ਬਾਰੇ ਪ੍ਰੋ. ਜਗਮੋਹਨ ਸਿੰਘ ਮੁੱਖ ਬੁਲਾਰੇ ਵਜੋਂ ਚਾਨਣਾ ਪਾਉਣਗੇ।

ਉਹਨਾਂ ਦੀ ਗੱਲ ਨੂੰ ਅੱਗੇ ਤੋਰਦਿਆਂ ਚਰੰਜੀ ਲਾਲ ਕੰਗਣੀਵਾਲ ਆਪਣੇ ਵਿਚਾਰ ਰੱਖਣਗੇ। ਇਸ ਸਮਾਗਮ 'ਚ "ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ: ਬਾਬਾ ਸੋਹਨ ਸਿੰਘ ਭਕਨਾ, ਸੰਪਾਦਕ: ਮਲਵਿੰਦਰਜੀਤ ਸਿੰਘ ਵੜੈਚ, ਸਹਿ-ਸੰਪਾਦਕ: ਅਮੋਲਕ ਸਿੰਘ ਪੁਸਤਕ ਲੋਕ-ਅਰਪਣ ਕੀਤੀ ਜਾਏਗੀ। ਦੇਸ਼ ਭਗਤ ਯਾਦਗਾਰ ਕਮੇਟੀ ਨੇ ਸਮੂਹ ਲੋਕ-ਪੱਖੀ ਸੰਸਥਾਵਾਂ, ਬੁੱਧੀਜੀਵੀਆਂ ਅਤੇ ਗ਼ਦਰੀ ਸੰਗਰਾਮੀਆਂ ਦੇ ਵਾਰਸਾਂ ਨੂੰ ਸਮਾਗਮ 'ਚ ਸ਼ਿਰਕਤ ਕਰਨ ਦੀ ਜ਼ੋਰਦਾਰ ਅਪੀਲ ਕੀਤੀ ਹੈ।

# ਇਲਾਕੇ ਭਰ ਵਿੱਚ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ ਕ੍ਰਿਸਮਸ ਦਾ ਸ਼ੁਭ ਤਿਉਹਾਰ

**ਅਲਾਵਲਪੁਰ (ਮਦਨ ਬੰਗੜ)–** ਧਰਤੀ ਤੇ ਸ਼ਾਂਤੀ ਟਰੱਸਟ (ਰਜਿ) ਵੱਲੋਂ ਕ੍ਰਿਸਮਸ ਦੇ ਸ਼ੁਭ ਮੌਕੇ ਤੇ ਨਜ਼ਦੀਕੀ ਪਿੰਡ ਬਿਆਸ ਪਿੰਡ ਵਿਖੇ ਆਤਮਿਕ ਜਾਗ੍ਰਿਤੀ ਸ਼ਾਂਤੀ ਸੰਮੇਲਨ ਕਰਵਾਇਆ ਗਿਆ ਟਰੱਸਟ ਦੇ ਮੁਖੀ ਡਾ. ਸੰਤ ਸੁੰਦਰ ਲਾਲ ਨੇ ਪਰਮੇਸ਼ਵਰ ਦਾ ਧੰਨਵਾਦ ਕਰਦੇ ਹੋਏ ਸੰਗਤਾਂ ਦੇ ਵਿਸ਼ਾਲ ਇਕੱਠ ਨੂੰ ਕ੍ਰਿਸਮਸ ਦੀ ਵਧਾਈ ਦਿੰਦਿਆਂ ਕਿਹਾ ਕਿ ਪ੍ਰਭੂ ਯਿਸੂ ਮਸੀਹ ਦਾ ਜਨਮ ਪਰਮੇਸ਼ਵਰ ਦੀ ਕਿਰਪਾ ਦੇ ਯੁੱਗ ਦਾ ਆਰੰਭ ਹੈ ਕਿਉਂਕਿ ਬਾਈਬਲ ਵਿੱਚ ਲਿਖਿਆ ਹੈ ਸ਼ਰਾ ਮੂਸਾ ਦੇ ਦੁਆਰਾ ਆਈ ਕ੍ਰਿਪਾ ਅਤੇ ਸੱਚਾਈ ਪ੍ਰਭੂ ਯਿਸੂ ਮਸੀਹ ਦੁਆਰਾ ਇਸ ਸੰਸਾਰ ਵਿੱਚ ਆਈ ਹੈ ਸੋ ਮਨੁੱਖ ਪ੍ਰਮੇਸ਼ਵਰ ਦੀ ਕਿਰਪਾ ਦੁਆਰਾ ਹੀ ਮੁਕਤੀ ਨੂੰ ਪ੍ਰਾਪਤ ਕਰਦਾ ਹੈ ਸੋ ਹੁਣ ਜਦੋਂ ਅਸੀਂ ਪ੍ਰਭੂ ਯਿਸੂ ਮਸੀਹ ਨੂੰ ਆਪਣਾ ਮੁਕਤੀ ਦਾਤਾ ਗ੍ਰਹਿਣ ਕਰਦੇ ਹਾਂ ਤਾਂ ਸਾਨੂੰ ਹੀ ਹਮੇਸ਼ਾ ਦੀ ਜ਼ਿੰਦਗੀ ਨਹੀਂ ਮਿਲਦੀ ਸਗੋਂ ਸਾਨੂੰ ਪਰਿਵਾਰ ਘਰਾਣੇ ਤੇ ਸਮਾਜ, ਜ਼ਿਲ੍ਹੇ, ਸੂਬੇ ਤੇ ਵਿਸ਼ਵ ਦੀ ਬਰਕਤ ਦਾ ਕਾਰਨ ਬਣਾਉਂਦਾ ਹੈ ਇਹ ਮੌਕੇ ਤੇ ਪੰਜਾਬ ਭਾਰਤ ਅਤੇ ਪੂਰੇ ਵਿਸ਼ਵ ਦੀ ਸ਼ਾਂਤੀ ਤੇ ਖੁਸ਼ਹਾਲੀ ਲਈ ਵਿਸ਼ੇਸ਼ ਪ੍ਰਾਰਥਨਾਵਾਂ ਕੀਤੀਆਂ ਗਈਆਂ ਸਮਾਗਮ ਵਿੱਚ ਦੂਰ ਦੁਰਾਡਿਆਂ ਤੋਂ ਭਾਰੀ ਗਿਣਤੀ ਵਿੱਚ ਪ੍ਰਭੂ ਯਿਸੂ ਮਸੀਹ ਨਾਮਲੇਵਾ ਸੰਗਤਾਂ ਵੱਲੋਂ ਸ਼ਮੂਲੀਅਤ ਕੀਤੀ ਗਈ।




# NEW YEAR WISHES

To Mr. Prem Chumber, Chief Editor,
Desh Doaba and Ambedkar Times

May the Special Pratham Dhanvad Samagam successfully organized by you on December 21st, 2019 in Hayward be further blessed with new happiness, new goals, new achievements and new inspirations and encouragements from your dedicated readers, admirers and contributors in the year 2020. Keep up the good work.

With best wishes for a Happy New year

**O.P. Balley: General Secretary,**
**Sri Guru Ravidass Sabhas, USA**

# ਗ਼ਦਰੀ ਬਾਬਾ ਦੂੱਲਾ ਸਿੰਘ ਦੀ ਬਰਸੀ 'ਤੇ ਫ਼ਿਰਕੂ ਫਾਸ਼ੀਵਾਦ ਖਿਲਾਫ਼ ਲੋਕ-ਸੰਗਰਾਮ ਦਾ ਅਹਿਦ

**ਜਲੰਧਰ–** ਗ਼ਦਰ ਪਾਰਟੀ ਦੇ ਸੰਗਰਾਮੀਏਂ ਅਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੋਢੀ ਮੈਂਬਰਾਂ 'ਚ ਸ਼ਾਮਲ ਰਹੇ ਬਾਬਾ ਦੁੱਲਾ ਸਿੰਘ ਜਲਾਲਦੀਵਾਲ ਦੀ ਉਹਨਾਂ ਦੇ ਪਿੰਡ ਜਲਾਲਦੀਵਾਲ ਵਿਖੇ ਮਨਾਈ ਸਾਲਾਨਾ ਬਰਸੀ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਖਜ਼ਾਨਚੀ ਰਣਜੀਤ ਸਿੰਘ ਔਲਖ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪੁੱਜ ਕੇ ਗ਼ਦਰੀ ਸੂਰਮੇ ਨੂੰ ਸ਼ਰਧਾਂਜ਼ਲੀ ਭੇਟ ਕੀਤੀ।

ਕੜਾਕੇ ਦੀ ਠੰਢ ਦੇ ਬਾਵਜੂਦ ਵੱਡੀ ਗਿਣਤੀ 'ਚ ਮਰਦ, ਔਰਤਾਂ, ਨੌਜਵਾਨ ਅਤੇ ਬੱਚਿਆਂ ਨੇ ਆਜ਼ਾਦੀ ਤਵਾਰੀਖ਼ ਦੇ ਮਹਿਬੂਬ ਆਗੂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮਾਗਮ ਨੂੰ ਸਥਾਨਕ ਬੁਲਾਰਿਆਂ ਤੋਂ ਇਲਾਵਾ ਦੇਸ਼ ਭਗਤ ਯਾਦਗਾਰ ਕਮੇਟੀ ਦੇ ਪੁੱਜੇ ਵਫ਼ਦ ਦੇ ਪ੍ਰਤੀਨਿੰਧ ਵਜੋਂ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਸੰਬੋਧਨ ਕੀਤਾ।

ਅਮੋਲਕ ਸਿੰਘ ਨੇ ਮੁਲਕ ਦੇ ਭਖ਼ਦੇ ਮੁੱਦੇ ਫ਼ਿਰਕੂ ਫਾਸ਼ੀਵਾਦ, ਸੀ.ਏ.ਏ., ਐਨ.ਆਰ.ਸੀ., ਐਨ.ਪੀ.ਏ., ਡੀਟੈਂਸ਼ਨ ਕੈਂਪਾਂ ਅਤੇ ਲੋਕਾਂ ਉਪਰ ਲੱਦੇ ਆਰਥਕ ਬੋਝ ਆਦਿ ਬਾਰੇ ਵਿਸਥਾਰ ਪੂਰਵਕ ਚਾਨਣਾ ਪਾਉਂਦਿਆਂ ਕਿਹਾ ਕਿ ਮੋਦੀ-ਸ਼ਾਹ ਹਕੂਮਤ ਗਿਣੀ ਮਿੱਥੀ ਯੋਜਨਾ ਤਹਿਤ ਮੁਲਕ ਦੇ ਲੋਕਾਂ ਵਿਸ਼ੇਸ਼ ਕਰਕੇ ਮੁਸਲਿਮ ਭਾਈਚਾਰੇ ਨੂੰ ਹੱਲੇ ਦਾ ਚੋਣਵਾਂ ਨਿਸ਼ਾਨਾ ਬਣਾਉਂਦਿਆਂ, ਹਿੰਦੂਤਵ ਫਾਸ਼ੀਵਾਦ ਮੜ੍ਹਨ ਦੇ ਆਪਣੇ ਅਜੰਡੇ ਨੂੰ ਲਾਗੂ ਕਰਨ ਲਈ ਕਤਲੋਗਾਰਦ, ਲਾਠੀਚਾਰਜ, ਸਾੜ-ਫੂਕ, ਉਜਾੜੇ, ਜਲੀਲਤਾ ਦੀ ਅੰਨ੍ਹੀ ਹਨੇਰੀ ਵਗਾ ਰਹੀ ਹੈ।

ਸਭਿਆਚਾਰਕ ਵਿੰਗ ਦੇ ਕਨਵੀਨਰ ਨੇ ਜਲ੍ਹਿਆਂਵਾਲਾ ਬਾਗ਼ ਵਾਂਗ ਹੀ ਜਾਮੀਆਂਵਾਲਾ ਬਾਗ਼ (ਯੂਨੀਵਰਸਿਟੀ) ਬਣਾ ਧਰਨ ਦੇ ਹਕੂਮਤੀ ਕਹਿਰ ਦੇ ਬਾਵਜੂਦ ਦਿੱਲੀ, ਯੂ.ਪੀ., ਕਾਨਪੁਰ, ਮਹਾਂਰਾਸ਼ਟਰ, ਕੇਰਲਾ ਅਤੇ ਪੰਜਾਬ ਅੰਦਰ ਜੂਝਦੀ ਜੁਆਨੀ, ਆਮ ਲੋਕਾਈ ਅਤੇ ਬੁੱਧੀਜੀਵੀ ਵਰਗ ਨੂੰ ਸੱਦਾ ਦਿੱਤਾ ਕਿ ਉਹ ਮੁਲਕ ਦੀ ਸਾਂਝੀ, ਮਹਾਨ, ਇਨਕਲਾਬੀ ਵਿਰਾਸਤ ਦਾ ਪਰਚਮ ਬੁਲੰਦ ਰੱਖਣ ਲਈ ਸਾਂਝੇ ਲੋਕ ਸੰਗਰਾਮ ਨੂੰ ਜਿੱਤ ਤੱਕ ਲਿਜਾਣ ਲਈ ਲੰਮੇ ਦਮ ਦੀ ਜਦੋ ਜਹਿਦ ਲਈ ਅੱਗੇ ਆਉਣ। ਇਸ ਮੌਕੇ ਰੈਡ ਆਰਟਸ ਦੇ ਕਲਾਕਾਰਾਂ ਨੇ ਨਾਟਕ ਪੇ ਕੀਤੇ ਅਤੇ ਬਾਬਾ ਦੁੱਲਾ ਸਿੰਘ ਦੇ ਪੜਪੋਤਰੇ ਡਾ.ਹਰਮਿੰਦਰ ਸਿੰਘ, ਪ੍ਰਤੀਨਿੰਧ ਗ਼ਦਰੀ ਬਾਬਾ ਦੁੱਲਾ ਸਿੰਘ ਅਤੇ ਗਿਆਨੀ ਨਿਹਾਲ ਸਿੰਘ ਫਾਊਂਡੇਸ਼ਨ ਜਲਾਲਦੀਵਾਲ, ਜਨਵਾਦੀ ਨੌਜਵਾਨ ਸਭਾ ਦੇ ਡਾ.ਗੁਰਵਿੰਦਰ ਸਿੰਘ ਨੇ ਸੰਬੋਧਨ ਕੀਤਾ ਅਤੇ ਬਾਬਾ ਦੁੱਲਾ ਸਿੰਘ ਦੇ ਪੋਤਰੇ ਸੁਰਿੰਦਰ ਸਿੰਘ ਜਲਾਲਦੀਵਾਲ ਨੇ ਸਮੂਹ ਹਾਜ਼ਰੀਨ ਦਾ ਧੰਨਵਾਦ ਕੀਤਾ।

# ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਵੱਲੋਂ ਸਥਾਪਨਾ ਦਿਵਸ ਮਨਾਇਆ ਗਿਆ

**ਅਲਾਵਲਪੁਰ (ਮਦਨ ਬੰਗੜ)–** ਸਥਾਨਕ ਗੌਰਮਿੰਟ ਪੈਨਸ਼ਨਰਜ਼ ਵੈੱਲਫੇਅਰ ਐਸੋਸੀਏਸ਼ਨ ਨੇ ਅੱਜ ਆਪਣਾ 26 ਵਾ ਸਥਾਪਨਾ ਦਿਵਸ ਸੰਸਥਾ ਦੇ ਦਫ਼ਤਰ ਸਰਦਾਰ ਭਾਗ ਸਿੰਘ ਰੀਡਿੰਗ ਰੂਮ ਵਿੱਚ ਪ੍ਰਧਾਨ ਅਵਤਾਰ ਸਿੰਘ ਦੀ ਦੇਖ ਰੇਖ ਵਿੱਚ ਮਨਾਇਆ ਗਿਆ ਪ੍ਰਧਾਨ ਅਵਤਾਰ ਸਿੰਘ ਨੇ ਸੰਸਥਾ ਦੁਆਰਾ ਕੀਤੇ ਜਾ ਰਹੇ



ਕੰਮਾਂ ਸਬੰਧੀ ਦੱਸਿਆ ਅਤੇ ਪੈਨਸ਼ਨਰਜ਼ ਨੂੰ ਪੇਸ਼ ਆ ਰਹੀਆਂ ਸਮੱਸਿਆਵਾਂ ਨੂੰ ਹੱਲ ਕਰਵਾਉਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਐਸੋਸੀਏਸ਼ਨ ਮੈਂਬਰਾਂ ਵਲੋਂ ਕ੍ਰਿਸਮਿਸ ਅਤੇ ਨਵੇਂ ਸਾਲ ਦੀ ਸਮੂਹ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਗਈ ਇਸ ਮੌਕੇ ਤੇ ਸੰਸਥਾ ਦੇ ਸੀਨੀਅਰ ਮੈਂਬਰ ਭਗਤ ਸਿੰਘ, ਪ੍ਰਧਾਨ ਅਵਤਾਰ ਸਿੰਘ, ਉਪ ਪ੍ਰਧਾਨ ਜੋਗਿੰਦਰ ਪਾਲ ਮਹੇ, ਕ੍ਰਿਸ਼ਨ ਚੋਡਾ, ਤਰਸੇਮ ਚੰਦ, ਹਰਮੇਲ ਰਾਏ, ਕੈਸ਼ੀਅਰ ਪੀ ਡੀ ਸ਼ਰਮਾ, ਸਹਾਇਕ ਕੈਸ਼ੀਅਰ ਜੋਗਿੰਦਰ ਪਾਲ ਬੱਧਣ, ਹੰਸਰਾਜ ਕਪਿਲਾ, ਵਾਈ ਕੇ ਸ਼ਰਮਾ ,ਮਹਿੰਦਰ ਕੁਮਾਰ, ਐਸ ਪੀ ਸ਼ਿੰਗਾਰੀ, ਤਿਰਲੋਕ ਸਿੰਘ, ਅਮਰਜੀਤ ਸਿੰਘ, ਕੁਲਵੰਤ ਸਿੰਘ, ਓਮਦੱਤ ਚੋਡਾ, ਹਰਜਿੰਦਰ ਸਿੰਘ, ਮਨਜੀਤ ਸਿੰਘ, ਸੁਲੱਖਣ ਸਿੰਘ, ਮਲੁਕ ਚੰਦ, ਦਰਸ਼ਨ ਕੁਮਾਰ, ਸੁਰਿੰਦਰ ਮੋਹਨ, ਪਰਮਾਨੰਦ ਕੱਕੜ, ਸ਼ੰਭੂ ਦੱਤ ਸਮੇਤ ਸਮੂਹ ਮੈਂਬਰ ਮੌਜੂਦ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com, www.ambedkartimes.com

## ਨਵਾਂ ਵਰ੍ਹਾ ਮੁਬਾਰਕ : 2020

# ਨਵੇਂ ਵਰ੍ਹੇ ਦਿਆ ਸੂਰਜਾ ਲੈ ਆਵੇ ਖੁਸ਼ੀਆਂ ਖੇੜੇ



ਸੰਤੋਖ ਸਿੰਘ ਜੱਸੀ
91-70876-19800

ਸਾਡੀ ਖ਼ੈਰ ਤੁਸਾਡਰੀ ਖੈਰ ਚਾਹੀਏ,
ਜਿਵੇਂ ਲਿਖਣੇ ਦੀ ਰਹੁ- ਰੀਤ ਹੈ ਨੀ। "(ਹੀਰ ਵਾਰਿਸ)

ਦੁਨੀਆ ਵਿਚ ਪ੍ਰਚਲਿਤ ਈਸਵੀ ਕੈਲੰਡਰ ਮੁਤਾਬਕ ਨਵੇਂ ਸਾਲ ਦਾ ਆਗਾਜ਼ ਹੋਇਆ, ਨਵਾਂ ਵਰ੍ਹਾ ਇਕ ਕੋਰੇ ਕਾਗਜ ਵਾਂਗ ਹੁੰਦਾ ਹੈ ਆਓ ਉਸ ਤੇ ਇਬਾਰਤ ਲਿਖੀਏ। ਨਵਾਂ ਵਰ੍ਹਾ ਸਾਰੀ ਦੁਨੀਆ ਚ ਕਰੀਬ ਇਕ ਸਾਰ ਮਨਾਇਆ ਜਾਂਦਾ ਹੈ। ਇਹ ਮਨੁੱਖ ਦੀ ਆਪਣੀ ਕਾਢ ਹੈ ਸਾਲ ਬੀਤਣ ਤੇ ਨਵੇਂ ਆਉਣ ਦਾ ਚਾ ਕੀਤਾ ਜਾਂਦਾ ਹੈ। ਇਸ ਤਰਾਂ ਇਹ ਦੁਨੀਆ ਦਾ ਅਜਿਹਾ ਤਿਉਹਾਰ ਹੈ ਜਿਸ ਨੂੰ ਸਾਰੇ ਮੁਲਕਾਂ ਦੇ ਲੋਕ ਖੁਸ਼ੀ ਚ ਆਪੋ ਆਪਣੇ ਢੰਗ ਤਰੀਕਿਆਂ ਨਾਲ ਖੁਸ਼ਆਮਦੀਦ, ਜੀ ਆਇਆ ਨੂੰ, ਸਵਾਗਤ ਕਰਦੇ ਹਨ ਅਤੇ ਬੀਤ ਗਏਸਾਲ ਨੂੰ ਅਲਵਿਦਾ ਆਖਦੇ ਹਨ। ਲੋਕ ਆਤਿਸ਼ਬਾਜੀ, ਲਾਈਟਾਂ ਦੀ ਜਗਮਗਾ ਅਤੇ ਮਨੋਰੰਜਨ ਰਾਹੀਂ ਸੰਗੀਤ ਨਾਲ ਸੁਰ ਤਾਲ ਮਿਲਾ ਕੇ ਜਸ਼ਨ ਮਨਾਉਂਦੇ ਹਨ। ਬੀਤ ਗਏ ਸਾਲ ਤੇ ਆਤਮ ਮੰਥਨ ਤੇ ਨਵੇਂ ਸਾਲ ਲਈ ਆਪੋ ਆਪਣੇ ਢੰਗ-ਤਰੀਕੇ ਨਾਲ ਵਿਓਂਤਬੰਦੀਆਂ ਉਸਾਰੀਆਂ ਜਾਂਦੀਆਂ ਹਨ ਕਿ ਵਕਤ ਦੇ ਸਫ਼ੇ ਤੇ ਕਿਵੇਂ ਸਾਬਤੇ ਕਦਮਾਂ ਨਾਲ ਅਗੇ ਵਧਣਾ ਹੈ ਅਤੇ ਉਮੰਗ ਕੀਤੀ ਜਾਂਦੀ ਹੈ ਕਿ :
ਨਵੇਂ ਵਰ੍ਹੇ ਦੀਆ ਸੂਰਜਾ , ਲੈ ਆਵੇ ਖ਼ੁਸ਼ੀਆਂ ਖੇੜੇ

ਇਸ ਦਿਨ ਲਈ ਸ਼ੁਭ ਇੱਛਾਵਾਂ ਵਾਲੇ ਕਾਰਡ ,ਆਪਣੇ ਚਾਹੁਣ ਵਾਲਿਆਂ, ਸ਼ੁਭ ਚਿੰਤਕਾਂ ਤੇ ਸੰਗੀ ਸਾਥੀਆਂ ਨੂੰ ਨਵੇਂ ਵਰ੍ਹੇ ਦੇ ਕਾਰਡਾਂ ਰਾਹੀਂ ਵੀ ਇਕ ਦੂਜੇ ਲਈ ਅਪਣਾਪਨ ਦਿਖਾਇਆ ਜਾਂਦਾ ਹੈ। ਹੁਣ ਅਤਿਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਇੰਟਰਨੈਟ, ਯੂ ਟਿਊਬ, ਵਹਟਸੱਪ, ਟੀ ਵੀ ਚੈਨਲਾਂ ਆਦਿ ਰਾਹੀਂ ਵਿਸ਼ੇਸ਼ ਪ੍ਰੋਗਰਾਮ ਕੀਤੇ ਜਾਂਦੇ ਹਨ। ਲੋਕਾਂ ਅੰਦਰ ਨਵੇਂ ਸਾਲ ਦੀ ਏਨੀ ਉਡੀਕ ਹੁੰਦੀ ਹੈ ਕਿ ਉਹ ਜਾਗ ਕੇ ਨਵੇਂ ਸਾਲ ਦੇ ਸਾਲ ਲਈ ਨੀਂਦਰ ਤੋਂ ਜਾਗ ਕੇ ਪ੍ਰੋਗਰਾਮ ਨੂੰ ਤਕਦੇ ਹਨ। ਜਿਸ ਕਰਕੇ ਇਹ ਦੁਨੀਆ ਦਾ ਅਜਿਹਾ ਤਿਉਹਾਰ ਹੈ ਜਦੋ ਸੱਚਮੁੱਚ ਦੁਨੀਆ ਇਕ ਗਲੋਬਲ ਪਿੰਡ ਸਾਹਮਣੇ ਨਜਰੀਂ ਪੈਂਦਾ ਹੈ। ਅਸੀਂ ਦੇਖ ਕੇ ਤਕਦੇ ਤੇ ਸਮੇ ਦੇ ਸਾਜ ਨਾਲ ਇਕ ਮੁੱਠ ਹੋ ਜਾਂਦੇ ਹਾਂ। ਖੁਸ਼ੀਆਂ ਦੂਣ ਸਵਾਈਆਂ ਹੋ ਜਾਂਦੀਆਂ ਹਨ ਕਿਓਂਕਿ ਕਿਹਾ ਜਾਂਦਾ ਹੈ ਕਿ ਦੁੱਖ ਵੰਡਣ ਨਾਲ ਘਟਦੇ ਤੇ ਖੁਸ਼ੀਆਂ ਵੰਡਣ ਨਾਲ ਵਧਦੀਆਂ ਹਨ।

ਨਵਾਂ ਵਰ੍ਹਾ 2020 'ਚ ਸਭ ਲਈ ਨਵੇਂ ਉਤਸ਼ਾਹ ਨਵੀਆਂ ਸਧਰਾਂ ਖੁਸ਼ਹਾਲੀ ਦੀ ਕਾਮਨਾ ਕਰਦਿਆਂ ਕਹਿਣਾ ਬਣਦਾ ਹੈ ਕਿ ਘੁਗ ਵਸਦੇ ਸੰਸਾਰ ਦੇ ਲੋਕ ਜੀਓ ਜਿੰਦਗੀ 'ਚ ਹੁਣ ਸਾਬਤੇ ਕਦਮਾ ਨਾਲ ਅਗੇ ਵਧਦਾ ਹੈ, ਵਧਦੇ ਜਾਣਾ ਹੈ ਜੋ ਸਰਬਤ ਦੇ ਭਲੇ ਵਾਲਾ ਮਹਾਨ ਸੰਕਲਪ ਲਈ ਆਪਣਾ ਯੋਗਦਾਨ ਪਾ ਸਕੀਏ। ਹਾਸ਼ੀਏ ਤੇ ਕੀਤੇ ਭਾਈਚਾਰਿਆਂ, ਜਿੰਦਗੀ 'ਚ ਵਾ-ਪਰੀਆਂ ਦਰਦਨਾਕ ਹਾਦਸਿਆਂ ਕਾਰਨ ਪੀੜ੍ਹਾ ਝੱਲ ਰਹੇ ਬੇਵੱਸ, ਲਾਚਾਰ, ਕਮਜ਼ੋਰ ਲੋਕਾਂ ਲਈ ਮਦਦ ਤੇ ਉਹਨਾਂ ਦੀ ਜਿੰਦਗੀ ਪ੍ਰਤੀ ਦਇਆ ਤਾਂ ਜੋ ਉਹ ਵੀ ਮਹਿਸੂਸ ਕਾਰਨ ਪਾਤੀ ਦੀ ਅਰਦਾਸ ਕਿਸੇ ਸਮਾਜ ਦਰਦੀਆਂ ਪਾਸ ਪੁੱਜਦੀ ਹੈ ਕਿ ਦੁਨੀਆ 'ਚ ਉਹਨਾਂ ਲਈ ਵੀ ਕੋਈ ਇਨਸਾਨ, ਸੰਸਥਾ ਮਦਦ ਕਰਦੀ ਹੈ।

ਨਵੇਂ ਵਰੇ 'ਚ ਸਾਨੂੰ ਸਕਾਰਤਮਕ ਸੋਚ ਤੇ ਚਲਦਿਆ ਆਪਣੀਆਂ ਪ੍ਰਪੋਸਲਾਂ ਨਿਰਧਾਰਤ ਕਰਨ ਦਾ ਸਮਾਂ ਹੁੰਦਾ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਭਾਵੇ ਰੋਟੀ ਘੱਟ ਖਾ ਲਵੋ ਪਰ ਪੜੋ। ਪੜ੍ਹਨ ਬਾਰੇ ਇਹ ਪ੍ਰਵਾਨ ਹੋਇਆ ਹੈ ਕਿ "21ਵੀਂ ਸਦੀ ਵਿਚ ਅਨਪੜ ਓਹਨਾ ਲੋਕਾਂ ਨੂੰ ਨਹੀਂ ਕਿਹਾ ਜਾਵੇਗਾ ਜੋ ਪੜ੍ਹ ਲਿਖ ਨਹੀਂ ਸਕਦੇ ਬਲਕਿ ਉਹਨਾਂ ਲੋਕਾਂ ਨੂੰ ਅਨਪੜ੍ਹ ਕਿਹਾ ਜਾਵੇਗਾ ਜਿਹੜੇ ਸਿੱਖਣਾ ਨਹੀਂ ਜਾਣਦੇ, ਗ਼ਲਤ ਸਿਖੀਆਂ ਹੋਈਆਂ ਗੱਲਾਂ ਭੁਲਾਉਣਾ ਨਹੀਂ ਜਾਣਦੇ ਹੋਣਗੇ ਅਤੇ ਸਹੀ ਸਿਖਿਆ ਨੂੰ ਨਵੇਂ ਸਿਰਿਓਂ ਗ੍ਰਹਿ ਕਰਨਾ ਜਾਣਦੇ।"

(ਐਲਵਿਨ ਟੋਫਲਰ)

ਜੇ 2019 'ਚ ਸੰਸਾਰ 'ਚ ਵਾਹੀ ਅਹਿਮ ਘਟਨਾ ਵਾਰੇ ਗੱਲ ਕੀਤੀ ਜਾਵੇ ਤਾਂ ਅਮਰੀਕਾ ਤੇ ਉਤਰੀ ਕੋਰੀਆ, ਇਰਾਕ ਤੇ ਅਮਰੀਕਾ ਘਟਨਾ ਸੁਰਖੀਆਂ 'ਚ ਰਹੀਆਂ। 2019 ਵਿਚ ਗਲੋਬਲ ਅਤਵਾਦੀ ਬਗਦਾਦੀ ਦਾ ਮਾਰੀਆ ਜਾਣਾ ਦੁਨੀਆ ਲਈ ਸ਼ਾਂਤੀ ਪਸੰਦ ਸਕੂਨ ਵਾਲੀ ਗੱਲ ਰਹੀ। ਭਾਰਤ ਪਾਕਿਸਤਾਨ ਦੇ ਸੰਬੰਧ ਪੂਰੀ ਤਰਾਂ ਨਾਸਾਜ਼ ਰਹੇ ਪਰ ਇਸ ਦੇ ਬਾਵਜੂਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਇਮਰਾਨ ਖਾਨ ਨੇ ਫ਼ਿਰਾਕਦਿਲੀ ਦਿਖਾਉਂਦੇ ਹੋਏ ਕਰਤਾਰਪੁਰ ਦਾ ਲਾਂਘਾ ਖੋਲ ਦਿੱਤਾ, ਸਿੱਖ ਅਤੇ ਪੰਜਾਬੀ ਚਾਹਤ ਹੈ ਕਿ "ਇਕ ਲਾਂਘਾ ਤਾਂ ਹੁਣ ਖੋਲ ਦਿਤਾ ਬਾਕੀ ਵੀ ਹੁਣ ਖੋਲ ਦੀਓ।

(ਗਾਇਕ ਬੱਬੂ ਮਾਨ)




ਸਿੱਖ ਇਤਿਹਾਸ 'ਚ ਇਹ ਸਾਲ ਦੀ ਬੜੀ ਇਤਿਹਾਸ ਹੋ ਨਿਬੜਿਆ ਜਦੋ ਪਹਿਲੀ ਜੋਤ ਗੁਰੂ ਨਾਨਕ ਪਾਤਸ਼ਾਹ ਦੇ 550ਵੇ ਗੁਰਪੁਰਬ ਨੂੰ ਸਾਰੇ ਸੰਸਾਰ 'ਚ ਮਨ-ਾਇਆ ਗਿਆ ਤੇ ਸਾਲ 2020 ਨਵੰਬਰ ਤਕ ਪ੍ਰੋਗਰਾਮ ਸੈਮੀਨਾਰ ਸਮਾਗਮ ਕੀਤੇ ਗਏ। ਭਾਰਤ ਸਰਕਾਰ, ਪੰਜਾਬ ਸਰਕਾਰ , ਸ਼੍ਰੋਮਣੀ ਕਮੇਟੀ ਨੇ ਆਪੋ ਆਪਣੇ ਤਰੀਕਿਆਂ ਨਾਲ ਗੁਰੂ ਸਾਹਿਬ ਦੁਆਰਾ ਦਿਤੇ ਪੈਗਾਮ ਨੂੰ ਦੁਨੀਆ ਦੇ ਸਨਮੁਖ ਕੀਤਾ। ਸਮੇ ਦਾ ਸੱਚ ਹੈ ਕਿ ਦੋਨੇ ਮੁਲਕਾਂ ਦੇ ਲੋਕ ਰਲ-ਮਿਲ ਰਹਿਣਾ ਚਾਹੁੰਦੇ ਹਨ ਪਰ ਦੇਸ਼ ਦੀਆਂ ਸਰਕਾਰਾਂ ਦੀਆਂ ਆ-ਪਣੀਆਂ ਮਜਬੂਰੀਆਂ, ਹਾਲਾਤਾਂ ਮੁਤਾਬਕ, ਤਰਜੀਹਾਂ, ਨੀਤੀਆਂ ਹੀ ਹਨ ਕਿ ਦੋਵਾਂ ਦੇਸ਼ਾਂ ਦੇ ਸੰਬੰਧ ਬੁਰੀ ਤਰਾਂ ਪੇਚੀਦਾ ਹੋ ਚੁਕੇ ਹਨ ਈ ਮੁਲਾਕਾਤਾਂ ਦਾ ਦੌਰ ਵੀ ਬੰਦ ਹੈ। ਸਰਕਾਰਾਂ ਤੇ ਲੋਕਾਂ ਦਾ ਭਰੋਸਾ ਆਸਵੰਦ ਬਣਿਆ ਰਹਿਣਾ ਚਾਹੀਦਾ ਹੈ ਕਿ ਕਾਸ਼, ਜੇ ਉਤਰੀ ਤੇ ਦੱਖਣੀ ਜਰਮਨ ਦੀ ਬਰਲਿਨ ਦੀ ਦੀਵਾਰ ਵਾਂਗ 73 ਸਾਲ ਬਾਦ ਹੀ ਅਸੀਂ ਵੀ ਰਸਤੇ, ਦੀਵਾਰਾਂ ਕੰਡਿਆਲੀ ਤਾਰਾਂ ਨੂੰ ਲਾਂਭੇ ਕਰ ਸਕੀਏ। ਜੋ ਇਨਸਾਫ਼ਪਸੰਦ ਅਤੇ ਭਾਈਚਾਰੇ ਨੂੰ ਮਜਬੂਤ ਰੱਖਣਾ ਚਾਹੁੰਦੇ ਹਨ ਕਿ ਆਪਸੀ ਨਫਰਤ ਘਟ ਕਰਕੇ ਆਪਸੀ ਸਦਭਾਵਨਾ ਕਾਇਮ ਰਹਿਣੀ ਚਾਹੀਦੀ ਹੈ ਕਿਉਂਕਿ ਦੋਵੇਂ ਮੁਲਕ ਗਰੀਬੀ ਬੇਰੋਜਗਾਰੀ ਤੋਂ ਬੁਰੀ ਤਰਾਂ ਪੀੜ੍ਹਿਤ ਹਨ।

"ਮੁੜ੍ਹਕੇ ਬੁਲਾ ਲਵੇਂ ਜੇ ਕੀਤੇ ਵਾਜ ਮਾਰਕੇ
ਪਹੁੰਚਾਂਗਾ ਤੇਰੇ ਕੋਲ ਮੈਂ ਦੁਨੀਆਂ ਵਿਸਾਰਕੇ।"

(ਡਾ ਇਕਬਾਲ ਢਿੱਲੋਂ)

ਸਾਲ 2020 ਸਾਥੋਂ ਮੰਗ ਕਰੇਗਾ ਕਿ, "ਜਿੰਦਗੀ ਉਹਨਾਂ ਦੀ ਹੁੰਦੀ ਹੈ ਜਿਹਨਾਂ ਦੇ ਸੁਪਨਿਆਂ 'ਚ ਜਾਨ ਹੁੰਦੀ ਹੈ। ਖੰਬਾਂ ਨਾਲ ਕੁਝ ਨਹੀਂ ਹੁੰਦਾ ਸੁਪਨਿਆਂ 'ਚ ਉਡਾਨ ਹੁੰਦੀ ਹੈ ਈ" ਜਿੰਦਗੀ 'ਚ ਜਦੋ ਜਹਿਦ ਸਾਰੇ ਕਰਦੇ ਹਨ ਪਾਰ ਸਿਹਰਾ ਕਾਮਯਾਬੀ ਵਾਲਿਆਂ ਦਾ ਗਿਣਿਆ ਜਾਂਦਾ ਹੈ। ਜੋ ਜੀਤਾ ਵੋਹੀ ਸਿਕੰਦਰ। ਕਾਰਲੀਨ ਨੇ ਕਿਹਾ ਕਿ ਕਈ ਵਡ੍ਹੇ ਆਗੂ ਬੈਂਕਾ ਦੇ ਨੋਟਾਂ ਦੀ ਤਰਾਂ ਚਲਦੇ ਹਨ। ਸਾਨੂੰ ਜਿੰਦਗੀ 'ਚ ਸੂਰਜ ਤੋਂ ਗਿਆਨ ਲੈਣਾ ਚਾਹੀਦਾ ਹੈ ਕਿ ਸੂਰਜ ਡੁਬਦਾ ਵੀ ਹੈ ਤੇ ਚੜ੍ਹਦਾ ਵੀ ਹੈ। ਸੰਸਾਰ 'ਚ ਸਭ ਲੋਕਾਂ ਚ ਚੰਗੇ ਤੇ ਬੁਰੇ ਦਿਨ ਆਉਂਦੇ ਹਨ ਪਰ ਜਿਹਨਾਂ ਅੰਦਰ ਕੁਝ ਕਰਨ ਦੀ ਹਿੰਮਤ ਤੇ ਜਨੂੰਨ ਤੇ ਕੰਮ ਤੇ ਫੋਕਸ ਹੋ ਜਾਂਦਾ ਹੈ ਉਥੇ ਪੱਥਰਾਂ ਤੇ ਪਾਣੀ ਅਸਰ ਵੀ ਹੁੰਦਾ ਹੈ।

ਜੋ ਹਿੰਮਤ ਵਾਲੇ ਬੰਦੇ ਨੇ, ਤਕਦੀਰ ਉਹਨਾਂ ਦੀ ਦਾਸੀ ਏ,
ਕਿਸਮਤ ਨੂੰ ਝੂਰਦੇ ਰਹਿੰਦੇ ਆ, ਜੋ ਮਰਦ ਨਿਕਾਰੇ ਹੁੰਦੇ ਨੇ,
ਬੇ- ਹਿਮਤੇ ਨੇ ਜਿਹੜੇ ਬਹਿ ਕੇ ਸ਼ਿਕਵਾ ਕਰਨ ਮੁਕੱਦਰਾਂ ਦਾ
ਉਗਣ ਵਾਲੇ ਉਗ ਪੈਂਦੇ ਨੇ ਸੀਨਾ ਪਾੜ੍ਹ ਕੇ ਪੱਥਰਾਂ ਦਾ।

ਆਓ, ਇਕ ਪਲ, ਇਕ ਛਿਣ, ਇਕ ਮਿੰਟ, ਇਕ ਘੰਟਾ, ਇਕ ਦਿਨ, ਇਕ ਹਫਤਾ, ਇਕ ਮਹੀਨਾ, ਇਕ ਸਾਲ ਦੀ ਕਦਰ ਦੀ ਕਰੀਏ ਕਿਉਂਕਿ ਅਸੀਂ ਭਾਰਤੀ ਲੋਕ ਅਜੇ ਸਮੇ ਦੀ ਸਹੀ ਵਰਤੋਂ ਨਾ ਕਰਨ ਕੇ ਦੂਜਿਆਂ ਮੁਲਕਾਂ ਨਾਲੋਂ ਪਿਛੇ ਹਾਂ ਸਮਾਂ ਰੋਕਿਆਂ ਨਹੀਂ ਰੁਕਦਾ ...

ਜਰਾ ਸੋਚੋ, ਅਗਰ ਤੁਹਾਡੇ ਬੈਂਕ ਖਾਤੇ ਵਿੱਚ ਹਰ ਸਵੇਰੇ ਇਕ ਲੱਖ ਰੁਪਿਆ ਜਮਾਂ ਹੁੰਦਾ ਹੈ, ਇਸ ਦਾ ਦਿਨ ਬ ਦਿਨ ਕੋਈ ਬਕਾਇਆ ਨਹੀਂ ਰਹਿੰਦਾ। ਹਰ ਸ਼ਾਮ ਨੂੰ ਅਗਰ ਅਸੀਂ ਇਸਤੇਮਾਲ ਨਹੀਂ ਕਰ ਸਕਦੇ ਤਾਂ ਉਸਨੂੰ ਵੰਡ ਦਿੱਤੋ ਜਾਂਦਾ ਹੈ। ਤੁਸੀ ਹਰ ਇਕ ਪੈਸਾ ਕਢਵਾ ਲਵੋਂਗੇ।

ਸਾਡੇ ਸਾਰੀਆਂ ਕੋਲ ਇਸ ਤਰਾਂ ਦਾ ਬੈਂਕ ਹੈ, ਜਿਸ ਦਾ ਨਾਮ ਹੈ ਸਮਾਂ। ਹਰ ਸਵੇਰੇ ਸਾਡੇ ਖਾਤੇ ਵਿੱਚ 86400 ਸੈਕੰਡ ਹੁੰਦੇ ਹਨ। ਸ਼ਾਮ ਵੇਲੇ ਜੇ ਅਸੀਂ ਉਸ ਵਿੱਚੋ ਖਰਚ ਨਹੀਂ ਕਰ ਸਕੇ ਜਾਂ ਅਸੀਂ ਕਿਸੇ ਚੰਗੇ ਕੰਮ ਲਈ ਇਸਤੇਮਾਲ ਨਹੀਂ ਕਰ ਸਕੇ ਤਾਂ ਇਹ ਕੋਈ ਬਕਾਇਆ ਨਹੀਂ ਰੱਖਦਾ ਅਤੇ ਨਾ ਹੀ ਇਹ ਕਿਸੇ ਨੂੰ ਲਿਖੇ ਤੋਂ ਜਿਆਦਾ ਦਿੰਦਾ ਹੈ। ਹਰ ਦਿਨ ਿ ੲ ਹ ਤੁਹਾਡੇ ਲਈ ਨਵਾਂ ਖਾਤਾ ਖੋਲ੍ਹਦਾ ਹੈ। ਹਰ ਸ਼ਾਮ ਨੂੰ ਸਾਡੇ ਦਿਨ ਦੇ ਬਕਾਏ ਨੂੰ ਖਤਮ ਕਰ ਦਿੰਦਾ ਹੈ। ਜੇਕਰ ਤੁਸੀਂ ਦਿਨ ਦੀ ਪੂੰਜੀ ਇਸਤੇਮਾਲ ਨਹੀਂ ਕਰਦੇ ਤਾਂ ਨੁਕਸਾਨ ਤੁਹਾਡਾ ਹੈ। ਤੁਸੀਂ ਇਸ ਨੂੰ ਵਾਪਸ ਨਹੀਂ ਲਈ ਸਕਦੇ। ਇਥੇ ਆਉਣ ਵਾਲੇ ਕਲ ਲਈ ਕਢਵਾਉਣ ਲਈ ਕੁਝ ਵੀ ਨਹੀਂ ਹੈ।

ਤੁਹਾਨੂੰ ਅਜੇ ਦੇਰ ਜਮਾਂ ਖਾਤੇ ਦੇ ਲਈ ਜਰੂਰੀ ਜਿਨ੍ਹਾਂ ਚਾਹੀਦਾ ਹੈ। ਇਸ ਨੂੰ ਇਸ ਤਰਾਂ ਇਸਤੇਮਾਲ ਕਰੀਏ ਜਿਸ ਤੋਂ ਅਸੀ ਜਿਆਦਾ ਤੋਂ ਜਿਆਦਾ ਲਾਭ ਲੈ ਸਕੀਏ। ਜਿਸ ਤੋਂ ਸਾਨੂੰ ਖੁਸ਼ੀ ਮਿਲ ਸਕੇ। ਸਮਾਂ ਚਲਦਾ ਜਾਂਦਾ ਹੈ, ਅੱਜ ਲਈ ਜਿਆਦਾ ਜਿਆਦਾ ਇਸ ਦਾ ਇਸਤੇਮਾਲ ਕਰੋ। ਇਕ ਸੈਕੰਡ ਦੇ ਹਜਾਰਵੇ ਹਿੱਸੇ ਦੀ ਕੀਮਤ ਉਸ ਖਿਡਾਰੀ ਤੋਂ ਪੁੱਛੋਂ ਜਿਸਨੇ ਚਾਂਦੀ ਦਾ ਤਮਗਾ ਜਿਤਿਆ ਹੋਵੇ। ਆਪਣੇ ਹਰ ਪਲ ਨੂੰ ਜੋ ਤੁਹਾਡੇ ਕੋਲ ਹੈ, ਉਸਨੂੰ ਜਮਾਂ ਕਰੋ। ਯਾਦ ਰੱਖੋ ਕਿ ਸਮਾਂ ਕਿਸੇ ਦੀ ਉਡੀਕ ਨਹੀਂ ਕਰਦਾ। ਬੀਤਿਆ ਕੱਲ ਦਾ ਇਤਿਹਾਸ ਹੈ, ਆਉਣ ਵਾਲਾ ਕੱਲ ਇਕ ਬੁਝਾਰਤ ਹੈ , ਅੱਜ ਇਕਤਰਫ਼ਾ ਹੈ ੀ ਇਸੇ ਕਰਕੇ ਇਸ ਨੂੰ ਅਸੀਂ ਅੱਜ ਕਹਿੰਦੇ ਹਾਂ।

* ਇਕ ਸਾਲ ਦੀ ਕਦਰ ਉਸ ਵਿਦਿਆਰਥੀ ਨੂੰ ਪੁਛੋ ਜਿਹੜਾ ਕਿਸੇ ਜਮਾਤ ਵਿੱਚੋ ਫੇਲ ਹੋ ਗਿਆ ਹੋਵੇ।
* ਇਕ ਮਹੀਨੇ ਦੀ ਕਦਰ ਉਸ ਮਾਂ ਤੋਂ ਪੁਛੋ ਜਿਸਨੂੰ ਕਿ ਸਮੇਂ ਤੋਂ ਪਹਿਲਾਂ ਬਚੇ ਨੂੰ ਜਨਮ ਦਿੱਤੋ ਹੋਵੇ।
* ਇਕ ਹਫਤੇ ਦੀ ਕਦਰ ਹਫ਼ਤਾਵਾਰ ਅਖਬਾਰ ਦੇ ਸੰਪਾਦਕ ਨੂੰ ਪੁਛੋ।
* ਇਕ ਘੰਟੇ ਦੀ ਕੀਮਤ ਉਹਨਾਂ ਪ੍ਰੇਮੀਆਂ ਤੋਂ ਪੁਛੋ ਜਿਹੜੇ ਕਿ ਇਕ ਦੂਜੇ ਨੂੰ ਮਿਲਣ ਲਈ ਲੋਚਦੇ ਹਨ।
* ਇਕ ਮਿੰਟ ਦੀ ਕੀਮਤ ਉਸ ਆਦਮੀ ਤੋਂ ਪੁਛੋ ਜਿਹੜਾ ਕਿ ਕਿਸੇ ਦੁਰਘਟਨਾ ਵਿੱਚੋ ਬੱਚ ਗਿਆ ਹੋਵੇ।
* ਇਕ ਸਕਿੰਟ ਦੀ ਕੀਮਤ ਉਸ ਵਿਅਕਤੀ ਕੋਲੋਂ ਪੁਛੋ ਜਿਸਦੀ ਕਿ ਗੱਡੀ ਲੰਘੀ ਹੋਵੇ।

ਜੀ ਆਈਆਂ ਨੂੰ, ਸਵਾਗਤ ਹੈ।

ਨਵਾਂ ਵਰਾ ਕੋਰੇ ਕਾਗਜ ਦੀ ਤਰਾਂ ਹੁੰਦਾ ਹੈ। ਆਓ ਉਸਉਤੇ ਉਮਰ ਖੁਸ਼ੀਆਂ ਦੀ ਇਬਾਦਤ ਲਿਖੀਏ। ਦੁਨੀਆ 'ਚ ਵਸਦੇ ਪੰਜਾਬੀਓ ਕਾਮਨਾ ਕਰਦੇ ਹਾਂ ਕਿ ਸਾਰੀਆਂ ਦਾ ਭਵਿੱਖ ਸੁਨਹਿਰਾ ਹੋਵੇ, ਨਵੇਂ ਵਰੇ 'ਚ ਪੰਜਾਬੀ ਜੁਬਾਨ ਹੋਰ ਵਧੇ ਫੁਲੇ ਅਤੇ ਸਾਡੇ ਸੱਭਿਆਚਾਰ ਦਾ ਘੇਰਾ ਹੋਰ ਵਿਸ਼ਾਲ ਹੋਵੇ ੀਨਵੇ ਸਾਲ 'ਚ ਲੁਭਾਈ ਤਰੱਕੀ ਦੀਆਂ ਮੰਜਲਾਂ ਨੂੰ ਸਰ ਕਰੇ। ਭਾਈਚਾਰਕ ਸਾਂਝ ਅਤੇ ਅਮਨ ਸ਼ਾਂਤੀ ਬਣੀ ਰਹੇ ੀ ਨਵੇਂ ਵਰ੍ਹੇ ਤੇ ਸਭ ਨੂੰ ਸ਼ੁਭ ਇੱਛਾਵਾਂ।

"ਤੈਨੂੰ ਕਾਫ਼ਰ ਕਾਫ਼ਰ ਆਖਦੇ ,ਤੂੰ ਆਹੋ ,ਆਹੋ ਕਰਿਆ ਕਰ"

-(ਬੁਲ੍ਹੇ ਸ਼ਾਹ)

# ਪੰਜਾਬੀ ਭਵਨ ਲੁਧਿਆਣਾ ਨਾਲ ਆਖ਼ਰੀ ਦਮ ਤੱਕ ਪ੍ਰੇਮ ਕਰਨ ਵਾਲਾ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ

ਰਮੇਸ਼ ਬੱਗਾ ਚੋਹਲਾ
91-94631-32719

ਮਿਲਾਪੜੇ, ਮਿਠਾਸਲੇ,ਪਰਉਪਕਾਰੀ ਅਤੇ ਸਹਿਯੋਗੀ ਸੁਭਾਅ ਦੇ ਮਾਲਕ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਦਾ ਜਨਮ 13 ਫਰਵਰੀ 1931 ਨੂੰ ਪਿੰਡ ਬਰਨ, ਜ਼ਿਲ੍ਹਾ ਸਰਗੋਧਾ (ਪਾਕਿਸਤਾਨ) ਵਿਚ ਸ. ਹਰਵੰਤ ਸਿੰਘ ਦੇ ਗ੍ਰਹਿ ਵਿਖੇ ਹੋਇਆ।ਮਾਤ ਭਾਸ਼ਾ ਤੇ ਉਰਦੂ ਜ਼ੁਬਾਨ ਦੇ ਅਧਿਆਪਨ ਨਾਲ ਜੁੜੇ ਹੋਏ ਬਜਾਜ ਸਾਹਿਬ ਵਿਦਿਅਕ ਅਤੇ ਸਾਹਿਤਕ ਸੰਸਾਰ ਦੀ ਇੱਕ ਨਾਮਵਰ ਸ਼ਖ਼ਸੀਅਤ ਹਨ।ਰਸਮੀ ਵਿਦਿਆ ਦੀਆਂ ਸੋਲਾਂ ਜਮਾਤਾਂ (ਐਮ.ਏ) ਪਾਸ ਪ੍ਰੇਮ ਸਿੰਘ ਨੇ ਜਿਥੇ ਆਪ ਪੜ੍ਹਾਈ ਨਾਲ ਪ੍ਰੇਮ ਕੀਤਾ ਹੈ ਉਥੇ ਆਪਣੀ ਸਿਖਾਂਦਰੂ ਧਿਰ (ਕਾਲਜਾਂ ਦੇ ਵਿਦਿਆਰਥੀ ਅਤੇ ਉਰਦੂ ਸਿੱਖਣ ਦਾ ਚਾਹਵਾਨ) ਨੂੰ ਵੀ ਸਿੱਖਣ ਦਾ ਸੁਖਾਵਾਂ ਅਤੇ ਸੁਚੱਜਾ ਮਾਹੌਲ ਪ੍ਰਦਾਨ ਕੀਤਾ ਹੈ।ਆਪਣੇ ਅਧਿਆਪਨ ਦਾ ਸ੍ਰੀ ਗਣੇਸ਼ ਉਨ੍ਹਾਂ ਨੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਐਸ.ਡੀ ਕਾਲਜ ਤੋਂ ਬਾਤੌਰ ਪੰਜਾਬੀ ਲੈਕਚਰਾਰ ਕੀਤਾ ਅਤੇ ਉਸ ਤੋਂ ਕੁੱਝ ਸਮੇਂ ਬਾਅਦ ਜਗਰਾਵਾਂ ਵਾਲੇ ਲਾਲਾ ਲਾਜਪਤ ਰਾਇ ਕਾਲਜ ਵਿਚ ਪੜ੍ਹਾਉਣ ਦੇ ਨਾਲ-ਨਾਲ ਪ੍ਰਬੰਧਕੀ (ਪ੍ਰਿੰਸੀਪਲਸ਼ਿਪ ਦੀ) ਜ਼ਿਮੇਵਾਰੀ ਨੂੰ ਵੀ ਬਾਖ਼ੂਬੀ ਨਾਲ ਨਿਭਾਇਆ।1990 ਈ. ਵਿਚ ਉਹ ਇਸ ਕਾਲਜ ਦੀ ਸੇਵਾ ਤੋਂ ਮੁਕਤ ਹੋ ਗਏ ਅਤੇ ਪੰਜਾਬੀ ਸਾਹਿਤ ਅਕਾਦਮੀ ਦੀ ਪੰਜਾਬੀ ਭਵਨ ਵਿਚਲੀ ਹਵਾਲਾ ਲਾਇਬ੍ਰੇਰੀ ਨੂੰ ਤਨੋਂ-ਮਨੋਂ ਸਮਰਪਿਤ ਹੋ ਗਏ। ਲਾਇਬ੍ਰੇਰੀ ਪ੍ਰਤੀ ਉਨ੍ਹਾਂ ਦਾ ਇਹ ਸਮਰਪਣ ਇਸ ਤਰ੍ਹਾਂ ਦਾ ਹੈ ਕਿ ਜੇਕਰ ਇਸ ਲਾਇਬ੍ਰੇਰੀ ਵਿਚੋਂ ਪਿੰਸੀਪਲ ਪ੍ਰੇਮ ਸਿੰਘ ਬਜਾਜ ਨੂੰ ਮਨਫ਼ੀ ਕਰ ਦੇਈਏ ਤਾਂ ਬਕਾਏ ਵਿਚ ਨਿਰਜਿੰਦ ਕਿਤਾਬਾਂ ਅਤੇ ਰਸਾਲੇ ਹੀ ਬਚਦੇ ਹਨ ਜਾਂ ਇੰਜ ਕਹਿ ਲਈਏ ਕਿ ਬਜਾਜ ਸਾਹਿਬ ਦੀ ਹੋਂਦ ਤੋਂ ਬਿੰਨਾਂ ਲਾਇਬ੍ਰੇਰੀ ਦੀ ਹੋਂਦ ਜੇਕਰ ਖਤਮ ਨਾ ਵੀ ਹੋਵੇ ਤਾਂ ਡਾਂਵਾਂਡੋਲ ਜ਼ਰੂਰ ਹੋ ਸਕਦੀ ਹੈ। ਜਿਥੇ ਉਨ੍ਹਾਂ ਇਸ ਲਾਇਬ੍ਰੇਰੀ ਦੇ ਅਕਸ ਨੂੰ ਸੰਵਾਰਨ ਅਤੇ ਨਿਖ਼ਾਰਨਾ ਵਿਚ ਆਪਣਾ ਅਹਿਮ ਯੋਗਦਾਨ ਪਾਇਆ ਹੈ ਉਥੇ ਕਿਤਾਬਾਂ ਦੇ ਭੰਡਾਰਨ ਵਿਚ ਵੀ ਵਿਸ਼ੇਸ਼ ਰੁਚੀ ਦਿਖਾਈ ਹੈ। ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਨੇ ਦੋ ਦਹਾਕੇ ਤੋਂ ਵੱਧ ਸਮਾਂ ਇਸ ਲਾਇਬ੍ਰੇਰੀ ਦੀ ਛੱਤ ਹੇਠ ਗੁਜ਼ਾਰਿਆ ਹੈ ਅਤੇ ਇਸ ਸਮੇਂ ਦੇ ਦੌਰਾਨ ਉਨ੍ਹਾਂ ਨੇ ਮਾਤ ਭਾਸ਼ਾ ਦੇ ਕਈ ਖੋਜੀ ਤਾਲਿਬਇਲਮਾਂ ਦੀ ਤਲਬ ਦਾ ਸਹੀ ਤੇ ਸੰਤੁਲਿਤ ਮਾਰਗ ਦਰਸ਼ਨ ਕੀਤਾ ਹੈ। ਇਸ ਮਾਰਗਦਰਸ਼ਨ ਸਦਕਾ ਕਈ ਪਾੜ੍ਹੇ-ਪਾੜ੍ਹੀਆਂ ਨੇ ਆਪਣੇ ਖੋਜ ਕਾਰਜ਼ਾਂ ਨੂੰ ਸਹੀ ਦਿਸ਼ਾ ਵੱਲ ਲਿਜਾ ਕੇ ਆਪਣੇ ਮਜ਼ਮੂਨ ਦੀਆਂ ਸਿਖਰਾਂ ਨੂੰ ਛੂਹਿਆ ਹੈ। ਆਪਣੀ ਮਾਂ ਬੋਲੀ ਨਾਲ ਭਿੱਜਤਾ ਤੋਂ ਇਲਾਵਾ ਉਹ ਉਰਦੂ ਜ਼ੁਬਾਨ ਦੇ ਵੀ ਚੰਗੇ ਗਿਆਤਾ ਸਨ। ਉਨ੍ਹਾਂ ਦੀ ਇਸ ਗਿਆਤਕਾਰੀ ਦਾ ਲਾਹਾ (ਭਾਸ਼ਾ ਵਿਭਾਗ ਦੇ ਲੁਧਿਆਣਾ ਦਫ਼ਤਰ ਰਾਹੀਂ) ਉਰਦੂ ਜ਼ਬਾਨ ਨੂੰ ਸਿੱਖਣ ਦੇ ਹਜ਼ਾਰਾਂ ਚਾਹਵਾਨਾਂ ਨੇ ਲਿਆ ਹੈ। ਬਜਾਜ ਸਾਹਿਬ ਦੇ ਪੜ੍ਹਾਉਣ ਦਾ ਢੰਗ ਇਨ੍ਹਾਂ ਸਹਿਜ ਅਤੇ ਸਰਲ ਹੁੰਦਾ ਹੈ ਕਿ ਥੋੜ੍ਹੇ ਜਤਨ ਨਾਲ ਹੀ ਅਕਲ ਦਾ ਖ਼ਾਨਾ ਭਰਪੂਰ ਹੋਣ ਲੱਗ ਪੈਂਦਾ ਹੈ।



ਚੰਗੇ ਪਾਠਕ ਹੋਣ ਦੇ ਨਾਲ-ਨਾਲ ਪਿੰਸੀਪਲ ਪ੍ਰੇਮ ਸਿੰਘ ਬਜਾਜ ਇੱਕ ਚੰਗੇ ਲੇਖਕ ਵੀ ਸਨ। ਵਿਦਵਾਨ ਲੇਖਕਾਂ ਤੇ ਸਾਹਿਤਕਾਰਾਂ ਦੀ ਸੰਗਤ ਸਦਕਾ ਉਹ ਸਾਹਿਤਕ ਰੁਝਾਨ ਅਤੇ ਬਿਆਨ ਵੀ ਰੱਖਦੇ ਸਨ ਅਤੇ ਇਸ ਬਿਆਨ ਦੀ ਬਾਦੌਲਤ ਹੀ ਉਨ੍ਹਾਂ ਨੇ ਦੇਸ਼ ਭਗਤ ਬਾਬਾ ਸੋਹਨ ਸਿੰਘ ਭਕਨਾ ਨਾਲ ਹੋਈ ਮੁਲਾਕਾਤ ਨੂੰ ਕਿਤਾਬੀ ਰੂਪ ਦਿੱਤਾ ਹੈ। ਇਸ ਤੋਂ ਇਲਾਵਾ ਉਨ੍ਹਾਂ ਨੇ ਚਾਰ ਪੁਸਤਕਾਂ ਦਾ ਅੰਗਰੇਜ਼ੀ ਤੋਂ ਪੰਜਾਬੀ ਵਿਚ ਅਨੁਵਾਦ ਵੀ ਕੀਤਾ ਹੈ। ਵਡੇਰੀ ਉਮਰ ਵਿਚ ਪ੍ਰਵੇਸ਼ ਕਰਨ ਕਰਕੇ ਉਨ੍ਹਾਂ ਦੀ ਜਿਸਮਾਨੀ ਸ਼ਕਤੀ ਭਾਵੇਂ ਕੁੱਝ ਮਾਈਨਸ ਹੋ ਗਈ ਸੀ ਪਰ ਇੱਛਾ ਸ਼ਕਤੀ ਅਜੇ ਵੀ ਪਲੱਸ (ਚੜ੍ਹਦੀਕਲਾ ਵਾਲੀ) ਹੀ ਸੀ। ਇਸ ਪਲੱਸ ਪੁਆਇੰਟ ਕਾਰਨ ਹੀ ਉਹ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਵਿਚ ਡਟੇ ਰਹਿੰਦੇ ਸਨ। ਇਸ ਡਟੀਲੀ ਸੇਵਾ-ਭਾਵਨਾ ਸਦਕਾ ਹੀ ਵਿਦਿਅਕ ਅਤੇ ਸਾਹਿਤਕ ਹਲਕਿਆਂ ਵਿਚ ਉਨ੍ਹਾਂ ਦਾ ਰੱਜਵਾਂ ਮਾਣ-ਸਤਿਕਾਰ ਬਣਿਆ ਰਿਹਾ ਹੈ। ਪੰਜਾਬੀ ਭਵਨ ਲੁਧਿਆਣਾ ਦੀ ਲਾਇਬ੍ਰੇਰੀ ਨਾਲ ਮਣਾਂ-ਮੂੰਹੀ ਪ੍ਰੇਮ ਕਰਨ ਵਾਲਾ ਇਹ ਪ੍ਰੇਮੀ ਜਿਉੜਾ ਆਪਣੇ ਬਣਦੇ ਸਵਾਸ ਦੀ ਪੂੰਜੀ ਨੂੰ ਸਾਹਤਿਕ ਤੇ ਵਿਦਿਅਕ ਸਰਗਰਮੀ ਵਿਚ ਖਰਚ ਕੇ ਪਿਛਲੇ ਦਿਨੀਂ ਇਸ ਜਹਾਨ ਤੋਂ ਰੁਖ਼ਸਤ ਹੋ ਗਿਆ ਹੈ। ਭਾਵੇਂ ਸਰੀਰਕ ਤੌਰ 'ਤੇ ਪ੍ਰਿੰਸੀਪਲ ਬਜਾਜ ਪੰਜਾਬੀ ਭਵਨ ਦੇ ਵੇਹੜੈ ਵਿਚ ਹੁਣ ਕਿਧਰੇ ਵੀ ਨਜ਼ਰ ਨਹੀਂ ਆਵੇਗਾ ਪਰ ਉਸ ਦੇ ਹੱਥਾਂ ਦੀ ਛੋਹ ਨੂੰ ਭਵਨ ਵਿਚਲੇ ਪੁਸਤਕਾਲੇ ਦੀਆਂ ਪੁਸਤਕਾਂ ਵਿਚੋਂ ਜ਼ਰੂਰ ਮਹਿਸੂਸ ਕੀਤਾ ਜਾ ਸਕੇਗਾ।

ਪਰਉਪਕਾਰੀ ਬਿਰਤੀ ਦੇ ਧਨੀ ਪ੍ਰਿੰਸੀਪਲ ਪ੍ਰੇਮ ਸਿੰਘ ਬਜਾਜ ਨੂੰ ਅੱਜ (30 ਦਿਸੰਬਰ 2019) ਲੁਧਿਆਣਾ ਸ਼ਹਿਰ ਦੇ ਗੁਰਦੁਆਰਾ ਮਾਡਲ ਟਾਉਨ ਵਿਖੇ ਉਨਾਂ ਦੇ ਸੱਜਣ-ਸਨੇਹੀਆਂ ਅਤੇ ਅੰਗਾਂ-ਸਾਕਾਂ ਵੱਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਜਾ ਰਹੇ ਹਨ।

ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ


# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

**NEW & USED TIRES**
**WASH, LUBE, BRAKES**

Call: 530-824-5134

LUCAS OIL LUCAS INJECTOR CLEANER $28.99

Call: 650-642-0697

**3525 Highway 99, West Corning, CA 96021**
Across the Street from TA Truck Stop


ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ




# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR and Car Wash


**63 Muckelemi St**
**San Juan Bautista 95045**

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।



# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ




ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



Bihari Lal Chahal



Amardeep Chahal with his wife Promila Chahal

## ਸਮੂਹ ਸ੍ਰੀ ਬਿਹਾਰੀ ਲਾਲ ਚਾਹਲ ਪਰਿਵਾਰ

ਚੁੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ






## ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ







# ਪਾਲ ਸਹੋਤਾ

## ਓਵਰਸੀਜ਼ ਕਾਂਗਰਸ ਯੂ.ਐਸ.ਏ. ਦੇ ਕਨਵੀਨਰ

**559-269-6974**

# ਮਾਤਾ ਗੁਜਰ ਕੌਰ ਅਤੇ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਸ਼ਰਧਾ ਨਾਲ ਮਨਾਇਆ

**ਸੈਨਹੋਜ਼ੇ (ਬਿਊਰੋ)–** ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇ-ਫੋਰਨੀਆ) ਵਿਖੇ ਸਾਹਿਬ-ਏ-ਕਮਾਲ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪਰਿਵਾਰ ਵਿਚੋਂ ਮਾਤਾ ਗੁਜਰ ਕੌਰ ਜੀ, ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਸੈਨਹੋਜ਼ੇ ਗੁਰਦੁਆਰਾ ਵਿਖੇ ਸ਼ੁੱਕਰਵਾਰ 27 ਦਸੰਬਰ 2019 ਤੋਂ ਐਤਵਾਰ 29ਦਸੰਬਰ, 2019 ਨੂੰ ਮਨਾਏ ਗਏ। 27 ਦਸੰਬਰ ਨੂੰ ਅਖੰਡ ਪਾਠ ਅਰੰਭ ਫਤਹਿਗੜ੍ਹ ਸਾਹਿਬ ਅਤੇ ਗੁਰਦੁਆਰਾ ਸਾਹਿਬ ਸੈਨਹੋਜ਼ੇ ਦੀਆਂ ਸਿੱਖ ਸੰਗਤ ਦੇ ਸਹਿਯੋਗ ਨਾਲ ਆਰੰਭ ਕੀਤੇ ਗਏ। ਅਖੰਡ ਪਾਠ ਦੇ ਭੋਗ ਐਤਵਾਰ 30 ਦਸੰਬਰ ਨੂੰ ਪਾਏ ਗਏ। ਇਸ ਤੋਂ ਬਾਅਦ ਕੀਰਤਨ ਦਰਬਾਰ ਸਜਾਏ ਗਏ ਅਤੇ ਨਗਰ ਕੀਰਤਨ ਵੀ ਕੱਢਿਆ ਗਿਆ।

ਸਾਰਾ ਦਿਨ ਖਾਲਸਾ ਸਕੂਲ ਦੇ ਬੱਚਿਆਂ ਅਤੇ ਰਾਗੀ ਸਿੰਘਾਂ, ਢਾਡੀ ਜਥਿਆਂ ਨੇ ਕਥਾ ਅਤੇ ਬੀਰ ਰਸੀ ਵਾਰਾਂ ਦੁਆਰਾ ਸਾਰਾ ਦਿਨ ਸਾਹਿਬਜਾਦੇ ਅਤੇ ਮਾਤਾ ਜੀ ਨੂੰ ਯਾਦ ਕਰਦਿਆਂ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ।

ਇਸ ਮੌਕੇ ਅਦਾਰਾ 'ਦੇਸ਼ ਦੁਆਬਾ' ਵੱਲੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਨੂੰ ਪਿਛਲੇ ਦਿਨੀਂ ਮਨਾਏ ਗਏ ਪ੍ਰਥਮ ਧੰਨਵਾਦ ਸਮਾਗਮ ਸਬੰਧੀ ਪਲੈਕ ਭੇਟ ਕੀਤੀ ਗਈ।










































ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ







## ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



**Boparai Brothers:**

**J.S. Boparai, G.S. Boparai, M.S. Boparai & D.S. Boparai**



ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਸਾਲ 2020 ਦੀਆਂ ਲੱਖ-ਲੱਖ ਵਧਾਈਆਂ



## ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਦੀ ਨਵੀਂ ਕਮੇਟੀ ਦੀ ਚੋਣ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਵਾ ਸਿਟੀ ਦੀ ਨਵੀਂ ਪ੍ਰਬੰਧਕ ਕਮੇਟੀ ਦੀ ਚੋਣ 15 ਦਸੰਬਰ ਦਿਨ ਐਤਵਾਰ ਕਮੇਟੀ ਦੇ ਮੁੱਖ ਦਫਤਰ ਵਿਚ ਬਹੁਤ ਹੀ ਸਾਧੇ ਢੰਗ ਨਾਲ ਸਰਬਸੰਮਤੀ ਨਾਲ ਸੰਪੂਰਨ ਕੀਤੀ ਗਈ ਜਿਸ ਵਿਚ ਸਾਰੇ ਮੈਂਬਰਾਂ ਦੀ ਸਹਿਮਤੀ ਨਾਲ ਸਰਵ ਸ੍ਰੀ ਗੁਰਨਾਮ ਸਿੰਘ ਭੰਡਾਲ (ਚੇਆਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ) ਸ੍:ਕੁਲਦੀਪ ਸਿੰਘ (ਜਨਰਲ ਸੈਕਟਰੀ), ਦਲਵਿੰਦਰ ਰੱਲ (ਵਾਇਸ ਜਨਰਲ ਸੈਕਟਰੀ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ), ਜਸਵਿੰਦਰ ਸਿੰਘ (ਵਾਇਸ ਸਕੱਤਰ) ਚੁਣੇ ਗਏ। ਉਪਰੰਤ ਸਾਰੇ ਚੁਣੇ ਹੋਏ ਮੈਬਰਾਂ ਵਲੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਚਰਨਾਂ ਵਿਚ ਮੱਥਾ ਟੇਕ ਕੇ ਸਤਿਗੁਰਾਂ ਦਾ ਸ਼ੁਕਰਾਨਾ ਕੀਤਾ।

## ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ (ਕੈਲੋਫੋਰਨੀਆ) ਦੇ ਅਹੁਦੇਦਾਰ ਅਤੇ ਮੈਂਬਰ

**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Sri Guru Ravidas Temple 1480 HAYNE AVE YUBA CITY, CA, Ph- 530-674-2564**

## ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ




Your Honest and Experienced REALTOR

Buying or Selling a Home?
Work With an Agent You Can Trust!




John Singh Banga
(916) 271-5404
Banga.Realtor@gmail.com
Visit My Website:
www.banga.bhhser.com
7412 Elsie Ave.
Sacramento, CA 95828

BERKSHIRE HATHAWAY HomeServices
FOR OVER 15 YEARS A TOP PRODUCER
REALTOR
EQUAL HOUSING OPPORTUNITY

CALBRE #01397975

PURCHASE OR REFINANCE

Low rates and special California loan programs may be able to help you purchase a new home or lower your rate on your existing home. Call me today to see how affordable it can be.

FIRST TIME BUYER? CALL ME TO GET STARTED ON THE PATH TO HOME OWNERSHIP.

| DOWN PAYMENT ASSISTANCE | FHA | REFINANCE | CONV | & MORE |
|---|---|---|---|---|



AKASH BANGA
Loan Originator - NMLS #1868842
(916) 705-7837 | abanga@rhloans.com

TOP 25 MORTGAGE LENDER IN SACRAMENTO - 2018 REPORT
SACRAMENTO BUSINESS JOURNAL
EQUAL HOUSING LENDER

Residential Home Loans, a division of Cherry Creek Mortgage Company is not endorsed by, nor acting on behalf of, or at the direction of, the U.S. Department of Housing and Urban Development, Federal Housing Administration, the Veterans Administration, the U.S. Department of A griculture, Fannie Mae, Freddie Mac or the federal government or any state housing agency. This material is informational only. This is not an advertisement to extend credit as defined by Regulation Z, nor an application for credit as defined by RESPA/Regulation X. All applications are subject to underwriting guidelines and approval based upon the credit, assets, value of subject property and borrower's ability to repay. Not all applicants are eligible for or qualify for all loan products offered. All loan programs, terms, and conditions are subject to change without notice. Effective date 8/23/2018. Cherry Creek Mortgage Co., Inc. NMLS #3001 dba Residential Home Loans. Licensed by the Department of Business Oversight under the California Residential Mortgage Lending Act. License #4130289. 5751 Sunrise Blvd., Citrus Heights CA 95610











Pictures and video by Pal Films



Guru Nanak Dev Ji's message of universal brotherhood, equality and harmony is very well conveyed to audience in Miti Dhund Jag Chanan Howa play. We had a sold out show in Pittsburg. Everyone enjoyed this play with complete silence. People stayed even after the show to met the team of Punjab Lok Rang, their performance was amazing.

We are thankful to Mr. Surinder Dhanoa, Anoop Singh Cheema, Sonu Rana and all other members of PUNJAB LOK RANG for bringing such a wonderful play to Pittsburg.

We are thankful to Consul Sumati Rao for making time to come to Pittsburg and watch this play.

Thanks to all our patrons, sponsors and supporters who came to see the MitiDhund Jag Chanan Howa play and helped us:

Nirmal Singh, Farmers Insurance, Pal Films, Ricky Pal, Hillcrest Restaurant and Tap House, Jaswinder Kaur Mattu, Banga Constructions, Pittsburg - Hardial Banga, Chicago Pizza - Pittsburg- Sukhwinder Singha and Malkit Singh, Curry Bowl, Concord Anoop Cheema, Dass Sweets, Antioch - Anil Kumar, Rajbir Singh Sarkaria, Majestic Homes, Mehran Restaurant, Pittsburg - Ron and Chris, Tirath Sahota -Dave's Liquors -, Spice of India, Pittsburg _ Pami and Pardeep, Dilbag Singh SRGS, Vinod Kumar SRGS, Jagtar Bhatia, SRGS, Shinder Paul Narebat SRGS, Dharam Pal Chonkria SRGS, Wine and Liquor Antioch, India Care Association

This is an amazing play, if you missed it in Pittsburg; please see this play in other locations. It will be played in Tracy on January 11, 2020.

Once again, we thank Punajab Lok Rang and look forward to seeing their next play in Pittsburg Theatre.Ramesh Suman, Majestic Homes&Shashi Paul - Food Fair, Vacaville.

----

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।



ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ
ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ



Baksho Kaur Bisla Hardev Singh Bisla and Faimly

L.A. MERCHANDISE
Whole Sale +Retail

ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave. Yuba City, CA 95991

Loose Fabrics, Groceries, Blankets, Vegetables




New folding bed verities

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax

ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ



ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।







Baksho Kaur Bisla Hardev Singh Bisla

ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ

ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ

530-671-0439, Fax 530-822-0439 Cell- 530-844-3250


# ਮਾਸਟਰ ਸਾਧੂ ਸਿੰਘ 'ਤੱਖਰ' ਦੇ ਕੁਝ ਯਾਦਗਾਰੀ ਪਲ







Prem Kumar Chumber (Editor-In-Chief) pays floral tribute to his high school English teacher honorable Master Sadhu Singh Ji

(ਰਿਪੋਰਟ ਦੇਖੋ ਸਫਾ ੪ 'ਤੇ)




















# ਮਾਸਟਰ ਸਾਧੂ ਸਿੰਘ 'ਤੱਖਰ' ਦਾ ਦੇਹਾਂਤ

**ਫਰਿਜ਼ਨੋ (ਕੈਲੇਫੋਰਨੀਆ)–** ਮਾਸਟਰ ਸਾਧੂ ਸਿੰਘ 'ਤੱਖਰ' (83 ਸਾਲ) ਦਾ 25 ਦਸੰਬਰ, 2019 ਨੂੰ ਦੇਹਾਂਤ ਹੋ ਗਿਆ ਹੈ। ਉਹਨਾਂ ਨੇ ਇਸ ਦਿਨ ਰਾਤ 12.30 ਵਜੇ ਆਖਰੀ ਸਾਹ ਲਿਆ ਤੇ ਇਸ ਸੰਸਾਰ ਨੂੰ ਆਖਰੀ ਸਲਾਮ ਆਖ ਗਏ। ਉਹ ਪਿਛਲੇ ਲੰਮੇ ਸਮੇਂ ਤੋਂ ਦਿਲ ਦੀ ਬਿਮਾਰੀ ਤੋਂ ਪੀੜਤ ਸਨ, ਉਹ ਭਾਰਤੀ ਪੰਜਾਬ ਦੇ ਜ਼ਿਲ੍ਹਾ ਜਲੰਧਰ, ਤਸੀਲ ਨਕੋਦਰ ਦੇ ਬੜੇ ਹੀ ਮਸ਼ਹੂਰ ਪਿੰਡ ਸ਼ੰਕਰ ਦੇ ਵਾਸੀ ਸਨ। ਉਹ ਅਮਰੀਕਾ 'ਚ ਕੋਈ ਪਿਛਲੇ ਪੰਦਰਾਂ ਸਾਲਾਂ ਤੋਂ ਆਪਣੀ ਧਰਮ ਪਤਨੀ ਸਰਦਾਰਨੀ ਗੁਰਦੇਵ ਕੌਰ ਜੀ ਦੇ ਨਾਲ, ਆਪਣੀ ਸਪੁੱਤਰੀ ਤੇ ਜਵਾਈ ਕੋਲ ਰਹਿੰਦੇ ਸਨ। ਉਹਨਾਂ ਦੀਆਂ ਤਿੰਨ ਸਪੁੱਤਰੀਆਂ ਹੋਰ ਹਨ ਤੇ ਧੀਆਂ ਤੋਂ ਸਭ ਤੋਂ ਛੋਟਾ ਪੁੱਤਰ ਨਰਾਇਣ ਸਿੰਘ ਆਪਣੀਆਂ ਇਹਨਾਂ ਭੈਣਾਂ ਸਮੇਤ ਇੰਗਲੈਂਡ 'ਚ ਰਹਿੰਦੇ ਹਨ।

ਸਰਦਾਰ ਸਾਧੂ ਸਿੰਘ ਤੱਖਰ ਪਿੰਡ ਸ਼ੰਕਰ ਦੇ ਬਹੁਤ ਹੀ ਨਾਮੀ ਪਹਿਲਵਾਨ ਸਰਦਾਰ ਧਿਆਨ ਸਿੰਘ ਤੱਖਰ ਉਰਫ ਧਿਆਨਾ ਪਹਿਲਵਾਨ ਦੇ ਚਚੇਰੇ ਭਾਈ ਸਨ। ਸਰਦਾਰ ਧਿਆਨ ਸਿੰਘ ਜੀ ਦੇ ਸਪੁੱਤਰ ਸਰਦਾਰ ਰਛਪਾਲ ਸਿੰਘ ਤੱਖਰ ਉਰਫ ਪਾਲਾ ਸ਼ੰਕਰੀਆ ਨੇ ਵੀ ਪਹਿਲਵਾਨੀ ਦੇ ਖੇਤਰ 'ਚ ਬੜਾ ਨਾਮਣਾ ਖੱਟਿਆ ਹੈ। ਉਹ ਜਲੰਧਰ ਦੇ ਸਰਕਾਰੀ ਸਪੋਰਟਸ ਸਕੂਲ ਤੇ ਕਾਲਜ 'ਚ ਪਹਿਲਵਾਨੀ ਦੇ ਕੋਚ ਵੀ ਰਹਿ ਚੁੱਕੇ ਹਨ। ਅੱਜਕਲ੍ਹ ਕੈਲੇਫੋਰਨੀਆ ਦੇ ਯੂਬਾ ਸਿਟੀ 'ਚ ਰਹਿੰਦੇ ਹਨ। ਰਛਪਾਲ ਸਿੰਘ ਦਾ ਛੋਟਾ ਵੀਰ ਲੇਟ ਹੁਸ਼ਿਆਰ ਸਿੰਘ ਵੀ ਇਕ ਵਧੀਆ ਪਹਿਲਵਾਨ ਸੀ। ਇਹ ਪਰਿਵਾਰ ਨਕੋਦਰ ਖੇਤਰ ਦਾ ਇਕ ਨਾਮੀ-ਗ੍ਰਾਮੀ ਪਰਿਵਾਰ ਹੈ।

ਮਾਸਟਰ ਸਾਧੂ ਸਿੰਘ ਜੀ ਦਾ ਬਚਪਨ ਜਲੰਧਰ ਜ਼ਿਲ੍ਹੇ ਦੇ ਪਿੰਡ ਸੁੰਨੜ ਕਲਾਂ 'ਚ ਜੋ ਉਹਨਾਂ ਦਾ ਨਾਨਕਾ ਪਿੰਡ ਸੀ, ਵਿਖੇ ਬੀਤਿਆ ਤੇ ਇੱਥੇ ਰਹਿੰਦਿਆਂ ਹੀ ਉਹਨਾਂ ਨੇ ਰਾਮਗੜ੍ਹੀਆ ਕਾਲਜ ਫਗਵਾੜਾ ਤੋਂ ਗ੍ਰੈਜੂਏਸ਼ਨ ਕੀਤੀ ਤੇ ਇਸ ਦੇ ਨਾਲ ਹੀ ਇਸੇ ਹੀ ਕਾਲਜ ਤੋਂ ਬੀ. ਟੀ. (ਬੈਚੂਲਰ ਆਫ਼ ਟੀਚਿੰਗ) ਦੀ ਡਿਗਰੀ ਹਾਸਲ ਕੀਤੀ। ਇਸ ਉਪਰੰਤ ਉਹਨਾਂ ਦੀ ਅਧਿਆਪਕ ਵਜੋਂ ਪਹਿਲੀ ਨਿਯੁਕਤੀ ਤਸੀਲ ਫਿਲੌਰ ਦੇ ਮਸ਼ਹੂਰ ਪਿੰਡ ਵੰਡਾਲਾ ਦੇ ਖਾਲਸਾ ਹਾਇਰ ਸੈਕੰਡਰੀ ਸਕੂਲ 'ਚ 1965 'ਚ ਹੋਈ। ਉਸ ਸਮੇਂ ਉਥੇ ਸਰੀਂਹ ਪਿੰਡ, ਤਸੀਲ ਨਕੋਦਰ ਦੇ ਸਰਦਾਰ ਉਜਾਗਰ ਸਿੰਘ ਪ੍ਰਿੰਸੀਪਲ ਸਨ। ਇਸ ਸਕੂਲ ਦੇ ਉਹਨਾਂ ਦੇ ਦੂਸਰੇ ਸਾਥੀ ਸ. ਤੇਜਾ ਸਿੰਘ, ਸ. ਤ੍ਰਲੋਕ ਸਿੰਘ ਕਾਲੜਾ, ਮਾਸਟਰ ਭਗਤ ਰਾਮ (ਸਾਬਕਾ ਐਮ. ਪੀ. ਫਿਲੌਰ ਖੇਤਰ), ਤਰਲੋਕ ਸਿੰਘ ਕੂਨਰ ਤੇ ਸ੍ਰੀ ਰਾਮ ਵਰਗੇ ਸੁਹਿਰਦ ਸਾਥੀ ਅਧਿਆਪਕ ਸਨ। ਇੱਥੇ ਪੜ੍ਹਾਉਂਦਿਆਂ ਹੋਇਆਂ ਉਹ ਇਕ ਪਾਪੂਲਰ ਆਦਰਸ਼ ਅਧਿਆਪਕ ਬਣ ਗਏ। ਉਹ ਇਕ ਬਹੁਤ ਹੀ ਵਧੀਆ ਤੇ ਆਪਣੇ ਅਧਿਆਪਨ ਦੇ ਕਿੱਤੇ ਨੂੰ ਪੂਰੀ ਤਰ੍ਹਾਂ ਸਮਰਪਿਤ ਸਨ। ਉਹਨਾਂ ਨੂੰ ਆਪਣੇ ਵਿਦਿਆਰਥੀਆਂ ਦੇ ਕੰਨਾਂ ਦੇ ਸੁਰਾਖਾਂ 'ਚ ਆਪਣੀ ਗੱਲ ਭਾਵ ਸਿੱਖਿਆ ਪਾਉਣ ਦੀ ਪੂਰੀ ਜੁਗਤ ਸੀ। ਉਹ ਕਦੀ ਵੀ 'ਓਵਰ ਦੀ ਹਿੱਡਜ਼' ਸਿੱਖਿਆ ਨਹੀਂ ਦਿੰਦੇ ਸਨ ਤੇ ਬੱਚਿਆਂ ਦੇ ਮਾਨਸਿਕ ਪੱਧਰ ਤੇ ਰਹਿ ਕੇ ਹੀ ਪੜ੍ਹਾਉਂਦੇ ਸਨ। ਕਲਾਸ 'ਤੇ ਪੂਰੀ ਤਰ੍ਹਾਂ ਨਿਅੰਤਰਣ ਰੱਖਦੇ ਸਨ। ਇਸ ਲਈ ਹੀ ਉਹਨਾਂ ਦੇ ਪੜ੍ਹਾਏ ਹੋਏ ਬੱਚੇ ਹਮੇਸ਼ਾ ਅਨੁਸ਼ਾਸਨ 'ਚ ਰਹਿੰਦੇ ਸਨ। ਉਹਨਾਂ ਦੇ ਪੜ੍ਹਾਏ ਹੋਏ ਸਿਖਿਆਰਥੀ ਅੱਜ ਦੇਸ਼-ਵਿਦੇਸ਼ 'ਚ ਉੱਚ ਪਦਵੀਆਂ 'ਤੇ ਨਿਯੁਕਤ ਹਨ। ਵੰਡਾਲੇ ਦਾ ਇਹ ਪ੍ਰਾਈਵੇਟ ਸਕੂਲ ਕੁਝ ਸਾਲਾਂ ਬਾਅਦ ਸਰਕਾਰ ਆਪਣੇ ਨਿਅੰਤਰਣ 'ਚ ਕਰ ਲੈਂਦੀ ਹੈ ਤੇ ਇਹ ਸਰਕਾਰੀ ਸਕੂਲ ਬਣ ਜਾਂਦਾ ਹੈ। ਇਸ ਉਪਰੰਤ ਸਾਧੂ ਸਿੰਘ ਜੀ ਆਪਣੀ ਬਦਲੀ 1972 ਦੇ ਆਖਰੀ ਮਹੀਨਿਆਂ 'ਚ ਆਪਣੇ ਜੱਦੀ ਪਿੰਡ ਸ਼ੰਕਰ ਦੀ ਕਰਵਾ ਲੈਂਦੇ ਹਨ। ਇਸ ਸਕੂਲ 'ਚ ਉਹ ਕੋਈ 24 ਸਾਲ ਦਾ ਲੰਮਾ ਸਮਾਂ ਸੇਵਾ ਕਰਕੇ 1996 'ਚ ਸੇਵਾ ਮੁਕਤ ਹੁੰਦੇ ਹਨ। ਇਸ ਸਕੂਲ 'ਚ ਆ ਕੇ ਵੀ ਉਹਨਾਂ ਨੇ ਆਪਣੇ ਕਿੱਤੇ ਨਾਲ ਪੂਰਾ ਇਨਸਾਫ ਕੀਤਾ ਤੇ ਬੜਾ ਨਾਮਣਾ ਖੱਟਿਆ। ਉਹ ਇਕ ਆਦਰਸ਼ ਅਧਿਆਪਕ ਦੇ ਸਾਰੇ ਗੁਣ ਰੱਖਦੇ ਸਨ ਤੇ ਅਧਿਆਪਨ ਦੇ ਨਾਲ ਨਾਲ ਖੇਡਾਂ ਦੇ ਖੇਤਰ 'ਚ ਵੀ ਮੁਹਾਰਤ ਰੱਖਦੇ ਸਨ।

ਇਸ ਸਕੂਲ 'ਚ ਉਹ ਲੰਮਾ ਸਮਾਂ ਫੁਟਬਾਲ ਦੇ ਇੰਚਾਰਜ ਵੀ ਰਹੇ ਤੇ ਜ਼ਿਲ੍ਹਾ ਪੱਧਰ 'ਤੇ ਕਈ ਜਿੱਤਾਂ ਪ੍ਰਾਪਤ ਕੀਤੀਆਂ। ਇੱਥੇ ਉਹਨਾਂ ਦੇ ਪੁਰਾਣੇ ਸਾਥੀ ਅਧਿਆਪਕ ਸ. ਪਾਲ ਸਿੰਘ ਹੇਰ, ਸ੍ਰੀ ਜਗੀਰੀ ਲਾਲ, ਚੌਧਰੀ ਸੁਖਦੇਵ ਸਿੰਘ, ਸ੍ਰੀ ਐਚ. ਐਲ. ਕਪੂਰ, ਸ. ਪਿਆਰਾ ਸਿੰਘ, ਸ. ਸ਼ਮਿੰਦਰ ਸਿੰਘ, ਸ. ਅਮਰਜੀਤ ਸਿੰਘ ਪੁਰੇਵਾਲ, ਬਲਵੰਤ ਸਿੰਘ ਹੇਰ ਆਦਿ ਸਨ ਤੇ ਇਹਨਾਂ ਸਭ ਅਧਿਆਪਕਾਂ ਦਾ ਟੀਮ ਵਰਕ ਸੀ, ਜਿਸਦੀ ਬਦੌਲਤ ਸਕੂਲ ਦਾ ਨਾਂ ਜ਼ਿਲ੍ਹਾ ਪੱਧਰ 'ਤੇ ਪ੍ਰਥਮ ਸਥਾਨ 'ਤੇ ਸੀ। ਇਸ ਸਕੂਲ ਦੇ ਮੁਖੀ ਰਹੇ ਸ. ਗੁਰਚਰਨ ਸਿੰਘ ਪੁਰੇਵਾਲ, ਸਰਦਾਰ ਕਰਮ ਸਿੰਘ ਮੱਲ੍ਹੀ, ਸ੍ਰੀ ਵਿਸ਼ਵਾਮਿੱਤਰ ਦੁੱਗਲ, ਸ੍ਰੀ ਡੀ. ਡੀ. ਲਾਖਾ ਤੇ ਸਰਦਾਰ ਹਰਜਿੰਦਰ ਸਿੰਘ ਤੱਖਰ ਦੀ ਸੁਚੱਜੀ ਅਗਵਾਈ ਦਾ ਸਮੁੱਚੇ ਸਟਾਫ਼ ਤੇ ਸਰਦਾਰ ਸਾਧੂ ਸਿੰਘ ਜੀ ਨੇ ਪਿਆਰ ਤੇ ਨਿੱਘ ਮਾਣਿਆ।

ਮੈਂ, (ਪ੍ਰੇਮ ਕੁਮਾਰ ਚੁੰਬਰ) ਤੇ ਮੇਰੇ ਵੱਡੇ ਵੀਰ ਸ੍ਰੀ ਸੀ. ਐਲ. ਚੁੰਬਰ ਤੇ ਮੇਰੇ ਤੋਂ ਛੋਟੇ, ਮੇਰੇ ਦੋਵੇਂ ਭਰਾ ਵੀ ਸਰਦਾਰ ਸਾਧੂ ਸਿੰਘ ਜੀ ਦੇ ਸਿੱਖਿਆਰਥੀ ਹਨ। 'ਉਹ ਮੇਰੇ ਵੱਡੇ ਵੀਰ ਸੀ. ਐਲ. ਚੁੰਬਰ ਦੀ ਬਹੁਤ ਤਾਰੀਫ ਕਰਦੇ ਸਨ ਤੇ ਕਹਿੰਦੇ ਸਨ ਕਿ 'ਮੈਂ ਅਜਿਹੇ ਹੁਸ਼ਿਆਰ ਵਿਦਿਆਰਥੀ ਬਹੁਤ ਘੱਟ ਦੇਖੇ ਹਨ ਜੋ ਟੀਚਰ ਦੇ ਪੜ੍ਹਾਉਣ ਵਾਲੇ ਸਲੇਬਸ ਨੂੰ, ਟੀਚਰ ਦੇ ਪੜ੍ਹਾਉਣ ਤੋਂ ਪਹਿਲਾਂ ਹੀ ਘਰੋਂ ਪੜ੍ਹ ਕੇ ਆਉਣ ਤੇ ਫਿਰ ਅਧਿਆਪਕ ਨੂੰ ਉਹ ਉਸੇ ਹੀ ਟੌਪਿਕ ਤੇ ਪ੍ਰਸ਼ਨਾਂ ਦਾ ਹੋਰ ਸਪਸ਼ਟੀਕਰਨ ਕਰਨ ਲਈ ਪ੍ਰਸ਼ਨ ਕਰੇ। ਇਹੋ ਹੀ ਕਾਰਨ ਹੈ ਕਿ ਉਹਨਾਂ ਨੇ ਹਰੇਕ ਪ੍ਰੀਖਿਆ ਮੈਰਿਟ 'ਤੇ ਰਹਿ ਕੇ ਪਾਸ ਕੀਤੀ। ਉਹ ਉਸ ਵਰਗਾ ਬਣਨ ਲਈ ਦੂਜੇ ਬੱਚਿਆਂ ਨੂੰ ਵੀ ਪ੍ਰੇਰਦੇ ਸਨ।' ਮੈਂ ਆਪਣੇ ਸਤਿਕਾਰਯੋਗ ਅਧਿਆਪਕ ਸਾਹਿਬ ਦੇ ਇਸ ਸੰਸਾਰ ਤੋਂ ਚਲੇ ਜਾਣ 'ਤੇ ਇਸ ਨੂੰ ਆਪਣੀ ਨਿੱਜੀ ਪੀੜਾ ਸਮਝਦਾ ਹਾਂ।

ਹੁਣ ਵੀ ਮੈਂ ਉਹਨਾਂ ਨਾਲ ਆਪਣੇ ਨਿੱਜੀ ਤੇ ਅਖ਼ਬਾਰ ਸਬੰਧੀ ਮਸਲਿਆਂ ਨੂੰ ਸੁਲਝਾਉਣ ਲਈ ਸਲਾਹ ਮਸ਼ਵਰਾ ਲੈਂਦਾ ਰਹਿੰਦਾ ਸਾਂ ਤੇ ਉਹਨਾਂ ਦੀ ਯੋਗ ਰਹਿਨੁਮਾਈ ਨਾਲ ਹੀ ਅੱਜ ਮੈਂ ਇਸ ਸਥਾਨ ਤੇ ਆਪਣਾ ਮੁਕਾਮ ਬਣਾਇਆ ਹੈ। ਉਹ ਮੇਰੀ ਅਖ਼ਬਾਰ 'ਦੇਸ਼ ਦੁਆਬਾ' ਦੇ ਰੈਗੂਲਰ ਪਾਠਕ ਸਨ। ਇਸ ਦੀ ਬਿਹਤਰੀ ਲਈ ਤੇ ਚੜ੍ਹਦੀ ਕਲਾ ਬਣਾਉਣ ਲਈ ਅਗਵਾਈ ਕਰਦੇ ਰਹਿੰਦੇ ਸਨ। ਉਹਨਾਂ ਦੇ ਬਹੁਤ ਹੀ ਪੁਰਾਣੇ ਸਾਥੀ ਜਿਹਨਾਂ ਨੇ ਕੋਈ ਸਤਾਰਾਂ-ਅਠਾਰਾਂ ਸਾਲ ਉਹਨਾਂ ਦੇ ਨਾਲ ਅਧਿਆਪਨ ਦੇ ਖੇਤਰ 'ਚ ਕੰਮ ਕੀਤਾ, ਸ੍ਰੀ ਐਚ. ਐਲ. ਕਪੂਰ ਸਾਹਿਬ ਨੇ ਵੀ ਸ. ਸਾਧੂ ਸਿੰਘ ਜੀ ਦੀ ਧਰਮ ਪਤਨੀ ਸ੍ਰੀਮਤੀ ਗੁਰਦੇਵ ਕੌਰ ਤੇ ਉਹਨਾਂ ਦੀ ਪੁੱਤਰੀ ਨਾਲ, ਸ. ਸਾਧੂ ਸਿੰਘ ਜੀ ਦੀ ਬੇਵਕਤੀ ਮੌਤ ਦਾ ਅਫਸੋਸ ਤੇ ਸੰਵੇਦਨਾ ਪ੍ਰਗਟ ਕੀਤੀ ਤੇ ਉਹਨਾਂ ਨਾਲ ਗੁਜ਼ਾਰੇ ਦਿਨਾਂ ਦੀਆਂ ਯਾਦਾਂ ਨੂੰ ਯਾਦ ਕੀਤਾ ਤੇ ਇਹ ਕਿਹਾ ਕਿ ਅੱਜ ਸਾਡਾ ਜਿਗਰੀ ਯਾਰ ਇਸ ਸੰਸਾਰ ਨੂੰ ਅਲਵਿਦਾ ਆਖ ਗਿਆ ਹੈ। ਅਸੀਂ ਦੋਹਾਂ ਨੇ ਖੇਡਾਂ ਤੇ ਵਿਦਿਆ ਦੇ ਖੇਤਰ 'ਚ ਹਮੇਸ਼ਾ ਮੋਢੇ ਨਾਲ ਮੋਢਾ ਜੋੜ ਕੇ ਕੰਮ ਕੀਤਾ। ਇਹ ਸਕੂਲ ਉਹਨਾਂ ਦਿਨਾਂ 'ਚ ਜ਼ਿਲ੍ਹੇ ਭਰ ਦਾ ਇਕ ਨਮੂਨੇ ਦਾ ਮਾਡਲ ਸਕੂਲ ਸਮਝਿਆ ਜਾਂਦਾ ਸੀ, ਜਦ ਵੀ ਕੋਈ ਵਿਦੇਸ਼ੀ ਜਾਂ ਦੇਸੀ ਟੀਮ ਪੰਜਾਬ ਦੇ ਵਿਦਿਅਕ ਮਿਆਰ ਦੀ ਪਰਖ ਕਰਨ ਲਈ ਆਉਂਦੀ ਤਾਂ ਜ਼ਿਲ੍ਹਾ ਸਿੱਖਿਆ ਅਫਸਰ, ਸ਼ੰਕਰ ਸਕੂਲ ਦੀ ਵਿਜਟ ਹੀ ਕਰਵਾਉਂਦਾ ਹੁੰਦਾ ਸੀ। ਇਸ ਸਕੂਲ ਦਾ ਵਿਦਿਅਕ ਮਿਆਰ ਸ਼ਹਿਰ ਦੇ ਸਕੂਲਾਂ ਨਾਲੋਂ ਕਿਤੇ ਉੱਚਾ ਹੁੰਦਾ ਸੀ ਤੇ ਸਾਲਾਨਾ ਪ੍ਰੀਖਿਆਵਾਂ 'ਚ ਕਈ-ਕਈ ਮੈਰਿਟਾਂ 'ਚ ਬੱਚਿਆਂ ਦੇ ਨਾਮ ਹੁੰਦੇ ਸੀ। ਇਹ ਸਾਰਾ ਕੁਝ ਟੀਮ ਵਰਕ ਦੀ ਸਪਿਰਿਟ ਕਰਕੇ ਹੀ ਸੀ। ਉਸ ਸਮੇਂ ਦੇ ਵਿਦਿਅਕ ਪੱਧਰ ਦੀ ਪ੍ਰਸੰਸਾ ਨੂੰ ਅੱਜ ਵੀ ਸਕੂਲ ਰਿਕਾਰਡ 'ਚ ਪਈਆਂ ਲਾਗ ਬੁੱਕਾਂ 'ਚੋਂ ਦੇਖਿਆ ਜਾ ਸਕਦਾ ਹੈ।

ਮੈਂ ਪ੍ਰੇਮ ਕੁਮਾਰ ਚੁੰਬਰ ਤੇ ਸਮੁੱਚੇ 'ਦੇਸ਼ ਦੁਆਬਾ' ਅਦਾਰੇ ਵੱਲੋਂ ਸ. ਸਾਧੂ ਸਿੰਘ ਜੀ ਦੇ ਅਕਾਲ ਚਲਾਣੇ 'ਤੇ ਅਫਸੋਸ ਪ੍ਰਗਟ ਕਰਦਾ ਹਾਂ ਤੇ ਉਹਨਾਂ ਦੀ ਰੂਹ ਦੀ ਸ਼ਾਂਤੀ ਲਈ ਕਾਮਨਾ ਕਰਦਾ ਹਾਂ ਤੇ ਪਿੱਛੇ ਪਰਿਵਾਰ ਨੂੰ ਭਾਣਾ ਮੰਨਣ ਤੇ ਬਲ ਬਖ਼ਸ਼ਣ ਦੀ ਅਰਦਾਸ ਕਰਦਾ ਹਾਂ।

ਸਰਦਾਰ ਸਾਧੂ ਸਿੰਘ ਤੱਖਰ ਦੇ ਪਰਿਵਾਰਕ ਮੈਂਬਰਾਂ ਦੀ ਸੂਚਨਾ ਅਨੁਸਾਰ ਉਹਨਾਂ ਦਾ ਸੰਸਕਾਰ ਮਿਤੀ ਜਨਵਰੀ 4, 2020 ਨੂੰ 'ਸ਼ਾਂਤ ਭਵਨ ਫੋਲਰ' ਫਰਿਜ਼ਨੋ ਵਿਖੇ 11 ਵਜੇ ਸਵੇਰੇ ਤੋਂ 1 ਵਜੇ ਦੁਪਹਿਰ ਤੱਕ ਹੋਵੇਗਾ। ਉਸ ਉਪਰੰਤ ਉਹਨਾਂ ਨਮਿਤ ਅੰਤਿਮ ਅਰਦਾਸ ਦੀ ਰਸਮ 'ਨਾਨਕਸਰ ਗੁਰਦੁਆਰਾ ਸਾਹਿਬ' ਚੈਰੀ ਐਵੀਨਿਊ ਫਰਿਜ਼ਨੋ ਵਿਖੇ ਹੋਵੇਗੀ। ਹੋਰ ਜਾਣਕਾਰੀ ਲਈ ਇਹਨਾਂ ਫੋਨ ਨੰਬਰਾਂ 559-892-7800 ਜਾਂ 559-892-7877 ਤੇ ਸੰਪਰਕ ਕੀਤਾ ਜਾ ਸਕਦਾ ਹੈ।

**ਵੱਲੋਂ– ਪ੍ਰੇਮ ਕੁਮਾਰ ਚੁੰਬਰ, ਮੁੱਖ ਸੰਪਾਦਕ**
**'ਅਦਾਰਾ ਦੇਸ਼ ਦੁਆਬਾ'**

**(ਤਸਵੀਰਾਂ ਦੇਖੋ ਸਫਾ 20 'ਤੇ)**

# ਅਮਰੀਕਾ 'ਚ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨਾਂ ਵਿਚ ਭਾਰੀ ਇਕੱਠ

**ਸੈਕਰਾਮੈਂਟੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਅੱਜਕਲ੍ਹ ਕੁਝ ਤਰਕ ਦੇ ਮੁੱਦਿਆਂ ਨੂੰ ਲੈ ਕੇ ਚਰਚਾ ਵਿਚ ਆਏ ਸਿੱਖ ਧਰਮ ਦੇ ਸ਼੍ਰੋਮਣੀ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲਿਆਂ ਦੇ ਦੀਵਾਨ ਅਮਰੀਕਾ ਦੇ ਵੱਖ-ਵੱਖ ਸੂਬਿਆਂ ਵਿਚ ਸਜਾਏ ਗਏ, ਜਿੱਥੇ ਉਨ੍ਹਾਂ ਤੋਂ ਭਾਰੀ ਗਿਣਤੀ ਵਿਚ ਬਿਨਾਂ ਮਤਭੇਦ ਤੋਂ ਸੁਣਨ ਆਈਆਂ ਸਿੱਖ ਸੰਗਤਾਂ ਨੇ ਗੁਰਬਾਣੀ ਦਾ ਲਾਹਾ ਲਿਆ। ਸ਼ਿਕਾਗੋ, ਸੈਕਰਾਮੈਂਟੋ ਤੋਂ ਇਲਾਵਾ ਉਹ ਵਾਲਟੀਮੋਰ ਦੇ ਵੱਖ-ਵੱਖ ਗੁਰਦੁਆਰਿਆਂ ਦੀਆਂ ਸੰਗਤਾਂ ਨਾਲ ਗੁਰਬਾਣੀ ਵਿਚਾਰ ਕਰਨਗੇ। ਸੈਕਰਾਮੈਂਟੋ ਦੇ ਦਸਮੇਸ਼ ਦਰਬਾਰ ਗੁਰਦੁਆਰਾ ਸਾਹਿਬ ਵਿਚ ਭਾਰੀ ਗਿਣਤੀ ਵਿਚ ਸੰਗਤਾਂ ਨੇ ਉਹਨਾਂ ਨੂੰ ਧਿਆਨ ਬਿਰਤੀ ਨਾਲ ਸੁਣਿਆ।

ਸਾਹਿਬਜ਼ਾਦਿਆਂ ਦੀਆਂ ਸ਼ਹੀਦੀਆਂ ਉਪਰ ਗੁਰਬਾਣੀ ਦੇ ਆਧਾਰ ਤੇ ਸਮੇਂ ਦੀ ਮੁਗਲ ਸਰਕਾਰ ਦੁਆਰਾ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਅਤੇ ਮੌਜੂਦਾ ਸਮੇਂ ਦੇ ਧਾਰਮਿਕ ਆਗੂਆਂ ਨੂੰ ਉਸ ਸਮੇਂ ਦੇ ਆਗੂਆਂ ਦੇ ਤੁਲਨਾਤਮਕ ਬਿਰਤਾਂਤਕ ਪੱਖ ਰਾਹੀਂ ਸੰਗਤਾਂ ਨੂੰ ਸੰਬੋਧਨ ਵੀ ਕੀਤਾ। ਉਹਨਾਂ ਕਥਾ ਦੇ ਨਾਲ ਨਾਲ ਆਪਣੇ ਉਪਰ ਲਗਾਏ ਗਏ ਇਲਜ਼ਾਮਾਂ ਨੂੰ ਨਿਰਾਧਾਰ ਦੱਸਦਿਆਂ ਇਹ ਵੀ ਕਿਹਾ ਕਿ ਮੇਰੇ ਪ੍ਰਤੀ ਇਕ




ਵਿਅਕਤੀ ਕੁਲਵੰਤ ਸਿੰਘ ਵੱਲੋਂ ਸ੍ਰੀ ਅਕਾਲ ਤਖਤ ਸਾਹਿਬ ਨੂੰ ਇਹ ਕਹਿਣਾ ਕਿ ਬਾਬਾ ਢੱਡਰੀਆਂ ਵਾਲਾ ਦਸਮ ਪਿਤਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦੇ ਚਾਲ ਚੱਲਣ ਬਾਰੇ ਗਲਤ ਕਹਿੰਦਾ ਹੈ। ਕੀ ਇਹ ਸਭ ਮੰਨਣਯੋਗ ਹੈ? ਉਹਨਾਂ ਕਿਹਾ ਕਿ ਮੈਂ ਅੱਜ ਤੱਕ ਕਦੇ ਵੀ ਸਿੱਖੀ ਸਿਧਾਂਤਾਂ ਅਤੇ ਗੁਰੂ ਸਾਹਿਬਾਨਾਂ ਦੇ ਫਲਸਫੇ ਤੋਂ ਕਦੇ ਬਾਹਰ ਨਹੀਂ ਗਿਆ ਤੇ ਮੈਨੂੰ ਉਹ ਸਰਕਾਰੀ ਤੰਤਰ ਕਥਾ ਕਰਨ ਤੇ ਪ੍ਰਚਾਰ ਕਰਨ ਤੋਂ ਰੋਕ ਰਿਹਾ ਹੈ ਤੇ ਜਦੋਂ ਤੱਕ ਸਿੱਖ ਸੰਗਤਾਂ ਉਹਨਾਂ ਨੂੰ ਪਿਆਰ ਕਰਦੀਆਂ ਹਨ, ਉਹ ਸੰਭਵ ਨਹੀਂ ਹੋ ਸਕਦਾ ਤੇ ਦੂਸਰੇ ਪਾਸੇ ਮੈਂ ਕਥਾ ਤੇ ਪ੍ਰਚਾਰ ਬੰਦ ਕਰਨ ਲਈ ਕਿਸੇ ਵੇਲੇ ਵੀ ਤਿਆਰ ਹਾਂ।

ਦੂਸਰੇ ਪਾਸੇ ਕੁਝ ਲੋਕ ਗੁਰ-ਦੁਆਰਾ ਸਾਹਿਬ ਦੇ ਬਾਹਰ ਬੱਚਿਆਂ ਨੂੰ ਅੱਗੇ ਕਰਕੇ ਵਿਰੋਧ ਕਰ ਰਹੇ ਸਨ ਪਰ ਉਹਨਾਂ ਨੂੰ ਭਾਰੀ ਗਿਣਤੀ 'ਚ ਆਈ ਸੰਗਤਾਂ ਨੇ ਅਣਸੁਣਿਆ ਕਰ ਦਿੱਤਾ ਸਗੋਂ ਇਹ ਕਹਿੰਦੇ ਸੁਣੇ ਗਏ ਕਿ ਇਹਨਾਂ ਵਿਰੋਧ ਕਰਨ ਵਾਲੇ ਲੋਕਾਂ ਕਰਕੇ ਸਿੱਖਾਂ ਦੀ ਸ਼ਾਨ ਵਿਚ ਫਰਕ ਪੈਂਦਾ ਹੈ।


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**1-916-947-8920 (ਫੋਨ), 1-916-238-1393 (ਫੈਕਸ)**

**E-mail : deshdoaba@yahoo.com**

**www.deshdoaba.com www.ambedkartimes.com**



## ਕੰਨਿਆਂ ਦੀ ਲੋੜ

ਨਾਈ ਸਿੱਖ ਲੜਕਾ, ਪੜ੍ਹਿਆ-ਲਿਖਿਆ, ਉਮਰ 30 ਸਾਲ, ਕੱਦ 5 ਫੁੱਟ 11 ਇੰਚ, ਸੋਹਣਾ-ਸੁਨੱਖਾ ਇਸ ਵਕਤ ਡੁਬਈ ਵਿਚ ਹੈਵੀ ਡਿਊਟੀ ਟਰੱਕ ਟਰੇਲਰ ਚਲਾ ਰਿਹਾ ਹੈ, ਲਈ ਕੈਨੇਡਾ ਜਾਂ ਅਮਰੀਕਾ ਤੋਂ ਲੜਕੀ ਦੀ ਲੋੜ ਹੈ। ਜਾਤ-ਪਾਤ ਦਾ ਕੋਈ ਬੰਧਨ ਨਹੀਂ। ਤਲਾਕਸ਼ੁਦਾ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਲੜਕੇ ਦਾ ਅੰਕਲ ਅਮਰੀਕਾ ਵਿਚ ਸੈਟ ਕਰਨ ਵਿਚ ਮਦਦ ਕਰੇਗਾ। ਹੋਰ ਜਾਣਕਾਰੀ ਲਈ ਸੰਪਰਕ ਕਰੋ 550-355-4065, ਇੰਡੀਆ 91-94655-06499

## ਵਰ ਦੀ ਲੋੜ

Suitable Ravidassia Sikh family seeking watch for our beautiful, slim and very smart girl, 35 years, 5 feet 4 inch currently working as a Doctor Dentist, looking for similar qualification and qualities in life partner, No caste-bar, please serious enquiries only and call (916) 544-4368

## ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ 'ਤੇ

# 'ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ, ਵੋਹ ਕਮ ਹੈ'


ਪ੍ਰੋ: ਐਚ.ਐਲ.ਕਪੂਰ

ਸਾਹਿਬ-ਏ-ਕਮਾਲ, ਦਸਮ ਪਾਤਸ਼ਾਹ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ 22 ਦਸੰਬਰ 1666 ਈਸਵੀ ਮੁਤਾਬਕ 7 ਪੋਹ, 1723 ਵਿਕਰਮੀ ਨੂੰ ਪਟਨਾ ਸਾਹਿਬ ਦੀ ਧਰਤੀ ਤੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤੇ ਮਾਤਾ ਗੁਜਰੀ ਜੀ ਦੇ ਗ੍ਰਹਿ ਵਿਖੇ ਹੋਇਆ ਅਤੇ ਉਹ ਮਨੁੱਖਤਾ ਦੀ ਸੇਵਾ ਤੇ ਰੱਖਿਆ ਕਰਦਿਆਂ 7 ਅਕਤੂਬਰ 1708 ਈਸਵੀ ਮੁਤਾਬਕ 5 ਕੱਤਕ, 1765 ਵਿਕਰਮੀ ਨੂੰ ਕੋਈ 42 ਸਾਲ ਦੇ ਕਰੀਬ ਉਮਰ ਭੋਗ ਕੇ ਜੋਤੀ ਜੋਤ ਸਮਾ ਗਏ।

ਆਪ ਨੇ ਮਨੁੱਖਤਾ ਦੀ ਭਲਾਈ ਲਈ ਤੇ ਮਜ਼ਲੂਮਾਂ ਦੀ ਰੱਖਿਆ ਲਈ ਆਪਣਾ ਸਭ ਕੁਝ ਲੇਖੇ ਲਾ ਦਿੱਤਾ ਤੇ ਇਨਾ ਕੁਝ ਕਰਕੇ ਵੀ ਆਪਣੇ ਆਪ ਨੂੰ ਪਰਮ-ਪੁਰਖ ਪ੍ਰਮਾਤਮਾ ਦਾ ਦਾਸ ਹੀ ਜਾਣਿਆ। ਸਦੀਆਂ ਤੋਂ ਜ਼ੁਲਮ ਦੀ ਮਾਰ ਝੱਲ ਰਹੇ ਦੱਬੇ-ਕੁਚਲੇ ਹਿੰਦੋਸਤਾਨੀ ਸਮਾਜ ਵਿਚ, ਨਵੀਂ ਰੂਹ ਫੂਕ ਕੇ, ਜ਼ਾਲਮਾਂ ਨੂੰ ਕਰਾਰੇ ਹੱਥ ਦਿਖਾ ਕੇ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਦੇ ਡਰ ਨੂੰ ਦੂਰ ਕਰਕੇ ਅਜੋਕੀ ਦੁਨੀਆਂ ਦੇ ਮਨੁੱਖੀ ਅਧਿਕਾਰਾਂ ਅਤੇ ਮਨੁੱਖੀ ਸਤਿਕਾਰ ਦੀ ਬਹਾਲੀ ਲਈ ਸਿਰਤੋੜ ਯਤਨ ਕੀਤਾ। ਗੁਰੂ ਜੀ ਕਿੰਨੇ ਮਹਾਨ ਹਨ ਕਿ ਉਹਨਾਂ ਨੇ ਅੱਜ ਤੋਂ ਕੋਈ ਤਿੰਨ ਸੌ ਸਾਲ ਤੋਂ ਵੀ ਜ਼ਿਆਦਾ ਸਮਾਂ ਪਹਿਲਾਂ ਇਹ ਐਲਾਨ ਕੀਤਾ ਕਿ ਸਮੁੱਚੀ ਮਾਨਵਤਾ ਵਿਚ, ਉਸ ਇਕੋ ਅਕਾਲ-ਪੁਰਖ ਦੀ ਜੋਤ ਕੰਮ ਕਰ ਰਹੀ ਹੈ ਤੇ ਸਭ ਮਨੁੱਖ ਸਮਾਨ ਹਨ। ਉਹਨਾਂ ਨੂੰ ਜਾਤ-ਪਾਤ, ਨਸਲ ਤੇ ਰੰਗ ਭੇਦ ਦੇ ਆਧਾਰ ਤੇ ਵੰਡਿਆ ਨਹੀਂ ਜਾ ਸਕਦਾ। ਇਸ ਲਈ ਸਾਰੀ ਮਾਨਵਤਾ ਨੂੰ ਇਕ ਇਕਾਈ ਮੰਨਦਿਆਂ, ਸਭ ਨੂੰ ਪ੍ਰਮਾਤਮਾ ਦਾ ਰੂਪ ਸਮਝਣ ਦਾ ਸੰਦੇਸ਼ ਦਿੱਤਾ:

ਕੋਈ ਭਇਓ ਮੁੰਡੀਆ ਸੰਨਿਆਸੀ<br>
ਕੋਈ ਜੋਗੀ ਭਇਓ,<br>
ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ।।<br>
ਹਿੰਦੂ ਤੁਰਕ ਕੋਊ ਰਾਫਿਜੀ ਇਮਾਮ ਸਾਫੀ,<br>
ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ।।<br>
ਕਰਤਾ ਕਰੀਮ ਸੋਈ ਰਾਜਿਕ ਰਹੀਮ ਓਈ,<br>
ਦੂਸਰੋ ਨਾ ਭੇਦ ਕੋਈ ਭੂਲ ਭ੍ਰਮ ਮਾਨਬੋ।।<br>
ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ,<br>
ਏਕ ਹੀ ਸਰੂਪ ਸਬੈ ਏਕੈ ਜੋਤਿ ਜਾਨਬੋ।।

ਗੁਰੂ ਗੋਬਿੰਦ ਸਿੰਘ ਜੀ ਨੇ 1699 ਈਸਵੀ ਨੂੰ ਵਿਸਾਖੀ ਵਾਲੇ ਦਿਨ ਇਕ ਵਿਸ਼ਾਲ ਇਕੱਠ ਦੇ ਸਾਹਮਣੇ ਦੀਵਾਨ ਲਾ ਕੇ 'ਖਾਲਸਾ-ਪੰਥ' ਦੀ ਨੀਂਹ ਰੱਖੀ। 'ਪੰਜ ਪਿਆਰਿਆਂ' ਨੂੰ ਅੰਮ੍ਰਿਤ ਛਕਾਅ ਕੇ 'ਸਿੰਘ' ਸਾਜਿਆ ਤੇ ਉਹਨਾਂ ਤੋਂ ਆਪ ਵੀ ਅੰਮ੍ਰਿਤ ਛਕਿਆ ਤੇ 'ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ' ਅਖਵਾਇਆ।

ਗੁਰੂ ਜੀ ਨੇ ਜੋ ਪੰਜ ਪਿਆਰਿਆਂ ਦੀ ਚੋਣ ਕੀਤੀ, ਉਹ ਵੱਖ-ਵੱਖ ਵਰਗਾਂ ਦੇ ਲੋਕ ਸਨ। ਉਹਨਾਂ ਵਿਚ ਖੱਤਰੀ, ਜਾਟ, ਝੀਵਰ, ਛੀਂਬਾ ਤੇ ਨਾਈ ਵਰਗ ਦੇ ਲੋਕ ਸਨ। (ਹਵਾਲਾ ਗੁਰੂ ਕੀਆਂ ਸਾਖੀਆਂ : "ਪ੍ਰਿਥਮੈ ਦੈਆ ਰਾਮ ਸੋਪਤੀ ਖੱਤਰੀ ਬਾਸੀ ਲਾਹੌਰ ਖਲਾ ਹੂਆ।। ਪਾਛੈ ਮੁਹਕਮ ਚੰਦ ਛੀਪਾ ਬਾਸੀ ਦਵਾਰਕਾ, ਸਾਹਿਬ ਚੰਦ ਨਾਈ ਬਾਸੀ ਬਿਦਰ, ਧਰਮ ਚੰਦ ਜਵੰਦਾ ਜਾਟ ਵਾਸੀ ਹਸਤਾਨਾਪੁਰ (ਦਿੱਲੀ), ਹਿੰਮਤ ਚੰਦ ਝੀਵਰ ਵਾਸੀ ਜਗਨਨਾਥ ਬਾਰੋ-ਬਾਰੀ ਖਲੇ ਹੂਏ।") ਖੱਤਰੀ ਵਰਗ ਨੂੰ ਛੱਡ ਕੇ ਬਾਕੀ ਚਾਰੇ ਵਰਗਾਂ ਦੇ ਲੋਕ ਦਲਿਤ ਵਰਗ ਦੇ ਸਨ। ਖੱਤਰੀ ਵੀ ਕੋਈ ਆਰਥਿਕ ਪੱਖੋਂ ਤੇ ਸਮਾਜਿਕ ਰੁਤਬੇ ਦੇ ਪੱਖੋਂ, ਕੋਈ ਜ਼ਿਆਦਾ ਅਹਿਮ ਵਿਅਕਤੀ ਨਹੀਂ ਸੀ। ਇਸ ਤਰ੍ਹਾਂ 'ਪੰਜ ਪਿਆਰਿਆਂ' ਦੀ ਸਿਧਾਂਤਕ 'ਸੰਸਥਾ' ਤੇ ਨਾਂ ਤਾਂ ਕੋਈ ਉਚ-ਜਾਤੀ ਜਾਂ ਵਰਗ ਦਾ ਦਬਦਬਾ ਰਿਹਾ ਅਤੇ ਨਾ ਹੀ ਕਿਸੇ ਇਕ 'ਵਿਸ਼ੇਸ਼ ਵਰਗ' ਦਾ ਏਕਾ ਅਧਿਕਾਰ ਰਹਿ ਸਕਿਆ। ਇਸ ਤਰ੍ਹਾਂ ਗੁਰੂ ਸਾਹਿਬ ਨੇ ਆਪਣੀ ਉਚੇਰੀ ਸੂਝ-ਬੂਝ ਨਾਲ ਜਾਤੀ ਪ੍ਰਥਾ ਤੇ ਵਿਸ਼ੇਸ਼ ਵਰਗ ਉੱਤੇ ਇਕ ਭਰਵੀਂ ਸੱਟ ਮਾਰੀ। ਉਹਨਾਂ ਨੇ ਸਮਾਜਿਕ ਤੇ ਧਾਰਮਿਕ ਜੀਵਨ ਬਤੀਤ ਕਰਨ ਅਤੇ ਮਨੁੱਖੀ ਮੰਤਵ, ਪ੍ਰਭੂ ਪ੍ਰਾਪਤੀ ਵਾਸਤੇ ਜਾਤ-ਪਾਤ ਜਾਂ ਵਰਗ ਵਿਸ਼ੇਸ਼ ਦੀ ਲੋੜ ਨੂੰ ਨਕਾਰ ਦਿੱਤਾ ਤੇ ਮਾਨਵਵਾਦ ਨੂੰ ਪਹਿਲ ਦਿੱਤੀ। ਇਸ ਤਰ੍ਹਾਂ ਕਰਕੇ ਗੁਰੂ ਨਾਨਕ ਦੇਵ ਜੀ ਦੀ ਜਾਤ-ਪਾਤ ਤੇ ਵਰਗਵਾਦ ਦੇ ਵਿਰੁੱਧ ਵਿਚਾਰਧਾਰਾ ਨੂੰ ਵਿਸ਼ੇਸ਼ ਪ੍ਰਤੀਨਿਧਤਾ ਦਿੱਤੀ। ਗੁਰੂ ਨਾਨਕ ਦੇਵ ਜੀ ਜਾਤ-ਪਾਤ ਵਿਰੁੱਧ ਆਪਣੇ ਵਿਚਾਰ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਨੀਚਾ ਅੰਦਰ ਨੀਚ ਜਾਤ ਨੀਚੀ ਹੂੰ ਅਤਿ ਨੀਚ।।<br>
ਨਾਨਕ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ।।<br>
ਜਿਥੈ ਨੀਚ ਸਮਾਲੀਅਨਿ ਤਿਥੈ ਨਦਰ ਤੇਰੀ ਬਖਸ਼ੀਸ।।

ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਉਦੇਸ਼ ਸੱਚੇ ਧਰਮ ਦੀ ਸਥਾਪਨਾ, ਗਰੀਬਾਂ, ਮਜ਼ਲੂਮਾਂ ਅਤੇ ਨਿਤਾਣਿਆਂ ਦੀ ਰੱਖਿਆ ਕਰਨਾ ਤੇ ਹਰ ਤਰ੍ਹਾਂ ਦੇ ਜ਼ਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਹਨਾਂ ਨੇ ਜਾਣ ਲਿਆ ਸੀ ਕਿ ਸਮਾਜ ਦੇ ਪਤਨ ਤੇ ਗਿਰਾਵਟ ਦਾ ਕਾਰਨ ਮਨੁੱਖ ਦੀ ਗੁਲਾਮ ਮਾਨਸਿਕਤਾ ਹੈ। ਉਹਨਾਂ ਦਾ ਧਰਮ ਯੁੱਧ ਕਰਨ ਦਾ ਕਾਰਨ ਲੋਕਾਂ ਤੇ ਹੋ ਰਹੇ ਜ਼ੁਲਮ-ਜਬਰ ਨੂੰ ਰੋਕਣਾ ਸੀ ਤੇ ਦੁਸ਼ਮਣ ਦਾ ਕਰਾਰੇ ਹੱਥਾਂ ਨਾਲ ਮੁਕਾਬਲਾ ਕਰਕੇ ਉਸ ਦੇ ਦੰਦ ਖੱਟੇ ਕਰਨਾ ਸੀ। ਉਹ ਆਪਣੇ ਜੀਵਨ ਦੇ ਮਨੋਰਥ ਨੂੰ ਬੜੀ ਸਪਸ਼ਟਤਾ ਨਾਲ 'ਬਚਿਤ੍ਰ ਨਾਟਕ' ਵਿਚ ਇਸ ਤਰ੍ਹਾਂ ਪ੍ਰਗਟ ਕਰਦੇ ਹਨ:

ਹਮ ਇਹ ਕਾਜ ਜਗਤ ਮੋ ਆਏ।।<br>
ਧਰਮ ਹੇਤ ਗੁਰਦੇਵਿ ਪਠਾਏ।।<br>
ਜਹਾ ਤਹਾ ਤੁਮ ਧਰਮ ਬਿਥਾਰੋ।।<br>
ਦੁਸ਼ਟ ਦੋਖਯਨਿ ਪਕਰਿ ਪਛਾਰੋ।।<br>
ਧਰਮ ਚਲਾਵਨ ਸੰਤ ਉਬਾਰਨ।।<br>
ਦੁਸ਼ਟ ਸਭਨ ਕੋ ਮੂਲ ਉਪਾਰਿਨ।।

ਗੁਰੂ ਜੀ ਨੇ ਅਖੌਤੀ ਧਰਮਾਂ, ਗੁਰੂਆਂ ਦੇ ਪਾਖੰਡ ਦੇ ਪਾਜ ਨੂੰ ਖੂਬ ਉਘਾੜਿਆ। ਉਹਨਾਂ ਨੇ ਪਾਖੰਡਾਂ ਤੇ ਕਰਮ ਕਾਂਡਾਂ ਦੀ ਨਿਖੇਧੀ ਕੀਤੀ ਤੇ ਲੋਕਾਈ ਨੂੰ ਸੱਚੇ-ਸੁੱਚੇ ਮਾਰਗ ਤੇ ਚੱਲਣ ਦਾ ਉਪਦੇਸ਼ ਦਿੱਤਾ। ਮੂਰਤੀ ਪੂਜਾ, ਬੁੱਤ ਪ੍ਰਸਤੀ, ਤੀਰਥਾਂ 'ਤੇ ਯਾਤਰਾ ਕਰਨੀ ਤੇ ਸਮਾਧੀਆਂ ਲਾਉਣ ਆਦਿ ਦੀ ਨਿਖੇਧੀ ਕੀਤੀ ਤੇ ਜਨ-ਜੀਵਨ ਨੂੰ ਉਪਦੇਸ਼ ਦਿੱਤਾ ਕਿ ਇਹਨਾਂ ਕਰਮ ਕਾਂਡਾਂ ਨਾਲ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਨੇ ਹੋਰ ਵੀ ਅਖੌਤੀ ਧਾਰਮਿਕ ਵਿਸ਼ਵਾਸਾਂ ਦਾ ਰੱਜ ਕੇ ਖੰਡਨ ਕੀਤਾ। ਲੋਕਾਂ ਨੂੰ ਇਕ ਅਕਾਲ ਪੁਰਖ ਦੇ ਸੱਚੇ ਮਾਰਗ ਦੇ ਧਾਰਨੀ ਬਣਨ ਦਾ ਉਪਦੇਸ਼ ਦਿੱਤਾ:

ਕਹਾ ਭਯੋ ਜੋ ਦੋਊ ਲੋਚਨ ਮੂੰਦ ਕੈ।<br>
ਬੈਠ ਰਹਿਓ ਬਕ ਧਯਾਨ ਲਗਾਇਓ।।<br>
ਨਾਤ ਫਿਰਿਓ ਲੀਏ ਸਾਤ ਸਮੁੰਦ੍ਰਨ।।<br>
ਲੋਕ ਗਇਓ ਪਰਲੋਕ ਗਵਾਇਓ।।<br>
ਬਾਸ ਕੀਓ ਬਿਖਿਆਨ ਸੋ ਬੈਠ ਕੇ।।<br>
ਐਸੋ ਹੀ ਐਸ ਸੁ ਬੈਸ ਬਿਤਾਇਓ।।<br>
ਸਾਚ ਕਹੋ ਸਨ ਲੇਹ ਸਭੈ।।<br>
ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ।।

ਸਭ ਤੋਂ ਵੱਡੀ ਕ੍ਰਾਂਤੀਕਾਰੀ ਗੱਲ ਗੁਰੂ ਜੀ ਨੇ ਇਹ ਕੀਤੀ ਕਿ ਉਨ੍ਹਾਂ ਨੇ ਦੱਬੇ-ਕੁਚਲੇ, ਲਿਤਾੜੇ ਹੋਏ, ਗਰੀਬ ਤੇ ਕਿਰਤੀ ਲੋਕਾਂ ਨੂੰ ਆਪਣੇ ਗਲੇ ਲਗਾਇਆ। ਸਦੀਆਂ ਤੋਂ ਗੁਲਾਮੀ ਵਿਚ ਜਕੜੇ ਲੋਕਾਂ ਨੂੰ ਜਾਗਰਿਤ ਕਰਕੇ ਅਣਖ ਦੀ ਜ਼ਿੰਦਗੀ ਜਿਊਣ ਦੀ ਜਾਚ ਦੱਸੀ। ਇਹੀ ਲੋਕ ਗੁਰੂ ਕਿਰਪਾ ਨਾਲ ਖਾਲਸਾ ਸਜ ਕੇ ਗੁਰੂ ਨਜ਼ਰਾਂ ਵਿਚ ਪ੍ਰਵਾਨ ਚੜ੍ਹੇ। ਗੁਰੂ ਜੀ ਇਸ ਤੇ ਤਸੱਲੀ ਪ੍ਰਗਟ ਕਰਦੇ ਹੋਏ ਕਹਿੰਦੇ ਹਨ:

ਇਨਹੀ ਕੀ ਕਿਰਪਾ ਕੇ ਸਜੇ ਹਮ ਹੈ।।<br>
ਨਹੀਂ ਮੋ ਸੇ ਗਰੀਬ ਕਰੋਰ ਪਰੈ।।

ਦਸਮ ਪਿਤਾ ਜੀ ਦੀ ਇਹ ਇਕ ਬਹੁਤ ਹੀ ਉੱਚੀ ਸੋਚ ਦਾ ਨਤੀਜਾ ਹੈ ਕਿ ਉਹਨਾਂ ਨੇ ਆਪਣੇ ਪੈਰੋਕਾਰਾਂ ਨੂੰ ਬਰਾਬਰੀ ਦਾ ਰੁਤਬਾ ਦਿੱਤਾ। ਦੁਨੀਆਂ ਦੇ ਕਿਸੇ ਵੀ ਇਤਿਹਾਸ ਵਿਚ ਅਜਿਹੀ ਮਿਸਾਲ ਨਹੀਂ ਮਿਲਦੀ, ਖ਼ਾਲਸੇ ਨੂੰ ਆਪਣਾ ਰੂਪ ਦੱਸ ਕੇ ਬਰਾਬਰਤਾ ਹੀ ਨਹੀਂ ਦਿੱਤੀ ਸਗੋਂ ਆਪਣਾ 'ਗੁਰੂ' ਵੀ ਸਵੀਕਾਰ ਕੀਤਾ ਤੇ ਖਾਲਸਾ ਪ੍ਰਗਟ ਕਰਕੇ ਗੁਰੂ ਦੀਖਿਆ ਦਾ ਅਧਿਕਾਰ ਵੀ 'ਗੁਰੂ ਪੰਥ' ਨੂੰ ਸੌਂਪ ਦਿੱਤਾ। ਇਸ ਬਾਰੇ ਉਹ ਇਸ ਤਰ੍ਹਾਂ ਫੁਰਮਾਉਂਦੇ ਹਨ:

ਖਾਲਸਾ ਮੇਰੋ ਰੂਪ ਹੈ ਖਾਸ।<br>
ਖਾਲਸਾ ਮੈਂ ਹਉ ਕਰਉ ਨਿਵਾਸ।<br>
ਖਾਲਸਾ ਮੇਰੋ ਸਤਿਗੁਰ ਪੂਰਾ।<br>
ਖਾਲਸਾ ਮੇਰੋ ਸੱਜਣ ਸੂਰਾ।

ਦੁਨੀਆਂ ਦੇ ਹੋਰ ਧਾਰਮਿਕ ਗੁਰੂਆਂ ਤੇ ਰਹਿਬਰਾਂ ਵਾਂਗ ਉਹਨਾਂ ਨੇ ਆਪਣੇ ਆਪ ਨੂੰ ਪ੍ਰਮਾਤਮਾ ਨਹੀਂ ਅਖਵਾਇਆ, ਆਪਣਾ ਨਾਮ ਨਹੀਂ ਜਪਾਇਆ ਅਤੇ ਨਾ ਹੀ ਆਪਣੇ ਨਾਮ ਦਾ ਕੋਈ ਧਰਮ ਚਲਾਇਆ। ਆਪਣੇ ਆਪ ਨੂੰ ਉਹਨਾਂ ਅਕਾਲ ਪੁਰਖ ਦਾ ਦਾਸ ਤੇ ਸੇਵਕ ਦੱਸਿਆ। 'ਗੁਰੂ ਗ੍ਰੰਥ ਸਾਹਿਬ' ਨੂੰ ਗੁਰੂ ਦਾ ਦਰਜਾ ਦੇ ਕੇ ਇਸ ਵਿਚੋਂ ਇਕ ਵਧੀਆ ਜੀਵਨ ਜਾਂਚ ਲੈਣ ਦੀ ਪ੍ਰੇਰਨਾ ਦਿੱਤੀ ਤੇ ਮਨੁੱਖ ਨੂੰ ਪੂਰਨ ਮਨੁੱਖ ਬਣਨ ਵਿਚ ਆਪਣੀ ਖੁਸ਼ੀ ਪ੍ਰਗਟ ਕੀਤੀ ਤੇ ਨਾਲ ਹੀ ਸਖ਼ਤ ਹਦਾਇਤ ਕੀਤੀ ਕਿ ਮੈਨੂੰ ਪ੍ਰਮਾਤਮਾ ਨਹੀਂ ਸਮਝਣਾ, ਸਗੋਂ 'ਗੁਰੂ ਗ੍ਰੰਥ ਸਾਹਿਬ' ਵਿਚ ਦਿੱਤੀਆਂ ਮਨੁੱਖੀ ਜੀਵਨ ਨੂੰ ਵਧੀਆ ਮਾਨਵ ਬਣਾਉਣ ਲਈ ਦਿੱਤੀਆਂ ਸਿੱਖਿਆਵਾਂ ਤੇ ਸਿਧਾਂਤਾਂ ਨੂੰ ਜੀਵਨ ਵਿਚ ਅਪਨਾ ਕੇ ਅਮਲੀ ਰੂਪ ਦੇਣਾ ਹੈ ਤੇ ਪਾਖੰਡਾਂ, ਅੰਧ ਵਿਸ਼ਵਾਸਾਂ ਤੇ ਪੂਜਾ-ਪਾਠਾਂ ਦੀਆਂ ਵਿਧੀਆਂ ਤੋਂ ਦੂਰ ਰਹਿਣਾ ਹੈ। 'ਬਚਿੱਤਰ ਨਾਟਕ' ਵਿਚ ਇਸ ਪ੍ਰਤੀ ਆਪਣੇ ਵਿਚਾਰ ਇਸ ਤਰ੍ਹਾਂ ਵਰਣਨ ਕਰਦੇ ਹਨ:

ਜੋ ਹਮ ਕੋ ਪ੍ਰਮੇਸਰ ਉਚਿਰ ਹੈ।।<br>
ਤੇ ਸਭ ਨਰਕ ਕੁੰਡ ਮਹਿ ਪਰਿ ਹੈ।।<br>
ਮੋ ਕੋ ਦਾਸ ਤਵਨ ਕਾ ਜਾਨੋ।।<br>
ਯਾ ਮੈਂ ਭੇਦੁ ਨਾ ਰੰਚ ਪਛਾਣੋ।।

ਪ੍ਰਸਿੱਧ ਇਤਿਹਾਸਕਾਰ ਮੈਕਾਲਿਫ ਅਨੁਸਾਰ: "ਗੁਰੂ ਗੋਬਿੰਦ ਸਿੰਘ ਜੀ ਵਿਚ ਇਕ ਇਲਾਹੀ ਤਾਕਤ ਸੀ। ਉਨ੍ਹਾਂ ਦੇ ਉਪਦੇਸ਼ਾਂ ਦਾ ਆਮ ਲੋਕਾਂ ਤੇ ਜਾਦੂਈ ਅਸਰ ਹੋਇਆ ਅਤੇ ਨਿਮਾਣੇ-ਨਿਤਾਣੇ ਤੇ ਸਾਹ-ਸੱਤ ਹੀਣ ਲੋਕਾਂ ਨੂੰ ਸੰਸਾਰ ਦੇ ਪ੍ਰਸਿੱਧ ਯੋਧੇ ਬਣਾ ਦਿੱਤਾ।"

ਉਹਨਾਂ ਦਾ ਉਦੇਸ਼ ਜਾਂ ਨਿਸ਼ਾਨਾ ਕੋਈ ਆਪਣੀ ਨਿੱਜੀ ਗਰਜ ਜਾਂ ਵੈਰ ਦੀ ਭਾਵਨਾ ਨਹੀਂ, ਬਲਕਿ ਅਕਾਲ ਪੁਰਖ ਦੀ ਪਾਲਣਾ ਹੈ। ਪ੍ਰਭੂ ਵੱਲੋਂ ਸੌਂਪੀ ਜ਼ਿੰਮੇਵਾਰੀ ਬਾਰੇ ਉਹ 'ਬਚਿੱਤ੍ਰ ਨਾਟਕ' ਵਿਚ ਆਪਣੇ ਵਿਚਾਰ ਇੰਝ ਪ੍ਰਗਟ ਕਰਦੇ ਹਨ:

'ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋ ਜਗ ਮਾਹਿ।।'

ਗੁਰੂ ਜੀ ਨੇ ਜੰਗਾਂ ਦੇ ਮੈਦਾਨ ਵਿਚ ਸਿਰਫ਼ ਸਿੰਘਾਂ ਨੂੰ ਹੀ ਨਹੀਂ ਸ਼ਹੀਦ ਕਰਵਾਇਆ ਸਗੋਂ ਧਰਮ ਦੀ ਰੱਖਿਆ ਲਈ ਆਪਣੇ ਚਾਰ ਪੁੱਤਰਾਂ ਨੂੰ ਵੀ ਸ਼ਹੀਦ ਕਰਵਾ ਦਿੱਤਾ। ਆਪ ਜੀ ਦੇ ਵੱਡੇ ਸਾਹਿਬਜ਼ਾਦੇ ਚਮਕੌਰ ਸਾਹਿਬ ਦੇ ਯੁੱਧ ਵਿਚ ਤੇ ਛੋਟੇ ਸਾਹਿਬਜ਼ਾਦੇ ਸਰਹੰਦ ਵਿਖੇ ਦੀਵਾਰ ਵਿਚ ਚਿਣ ਕੇ ਸ਼ਹੀਦ ਕੀਤੇ ਗਏ। ਜਦੋਂ ਮਾਤਾ ਜੀ ਨੇ ਪੁੱਤਰਾਂ ਦੇ ਵਿਛੋੜੇ ਵਿਚ ਵਿਆਕੁਲ ਹੋ ਕੇ ਪੁੱਛਿਆ ਕਿ ਮੇਰੇ ਲਾਲ ਕਿੱਥੇ ਹਨ ਤਾਂ ਗੁਰੂ ਜੀ ਨੇ ਬੇਮਿਸਾਲ ਉਤਰ ਦਿੱਤਾ। ਇਹੋ ਜਿਹਾ ਉਤਰ ਕੋਈ ਸਰਬੰਸਦਾਨੀ ਹੀ ਦੇ ਸਕਦਾ ਹੈ। 'ਪੰਥ ਖਾਲਸਾ' ਵੱਲ ਸੰਕੇਤ ਕਰਦਿਆਂ ਤੇ ਮੁਸਕਰਾਉਂਦਿਆਂ ਹੋਇਆਂ ਕਿਹਾ:-




ਇਨ ਪੁਤਰਨ ਕੇ ਸੀਸ ਪਰ,<br>
ਵਾਰ ਦੀਏ ਸੁਤ ਚਾਰ।।<br>
ਚਾਰ ਮੋਏ ਤੋ ਕਿਆ ਹੂਯਾ,<br>
ਜੀਵਤ ਕਈ ਹਜ਼ਾਰ।।

ਗੁਰੂ ਗੋਬਿੰਦ ਸਿੰਘ ਜੀ ਨੇ ਆਨੰਦਪੁਰ ਸਾਹਿਬ ਵਿਖੇ ਆਨੰਦਮਈ ਜੀਵਨ ਵੀ ਬਿਤਾਇਆ, ਪਾਉਂਟਾ ਸਾਹਿਬ ਦੇ ਕੁਦਰਤੀ ਨਜ਼ਾਰੇ ਵੀ ਮਾਣੇ, ਭੁੱਖਾਂ ਤੇ ਉਨੀਂਦਰੇ ਵੀ ਕੱਟੇ, ਮਾਛੀਵਾੜੇ ਦੇ ਜੰਗਲਾਂ ਵਿਚ ਰਾਤਾਂ ਵੀ ਕੱਟੀਆਂ, ਚਾਰੇ ਪੁੱਤਰਾਂ ਤੇ ਆਪਣੇ ਪਿਤਾ ਜੀ ਨੂੰ ਸ਼ਹੀਦ ਹੁੰਦਿਆਂ ਵੀ ਦੇਖਿਆ, ਪਰ ਫਿਰ ਵੀ ਕੋਈ ਸ਼ਿਕਵਾ-ਸ਼ਿਕਾਇਤ ਨਹੀਂ ਕੀਤੀ, ਸਗੋਂ ਜੇ ਕੀਤਾ ਤਾਂ ਪ੍ਰਮਾਤਮਾ ਦਾ ਸ਼ੁਕਰਾਨਾ ਜ਼ਰੂਰ ਕੀਤਾ:-

ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ,<br>
ਤੁਧ ਬਿਨ ਰੋਗ ਰਜਾਈਆਂ ਦਾ ਓਢਣ,<br>
ਨਾਮ ਨਿਵਾਸਾਂ ਦੇ ਰਹਿਣਾ।।<br>
ਸੂਲ ਸੁਰਾਹੀ ਖੰਜਰ ਪਿਆਲਾ,<br>
ਭੱਠ ਖੇੜਿਆਂ ਦਾ ਰਹਿਣਾ।।

ਇਤਨਾ ਕੁਝ ਕੁਰਬਾਨ ਕਰ ਦੇਣ ਦੇ ਬਾਅਦ ਵੀ ਗੁਰੂ ਜੀ ਵਿਚ ਕੋਈ ਫਰਕ ਨਹੀਂ ਆਇਆ, ਸਗੋਂ ਉਨ੍ਹਾਂ ਨੇ ਹਜ਼ਾਰਾਂ ਦੀ ਗਿਣਤੀ ਵਿਚ ਸ਼ਹੀਦ ਪੈਦਾ ਕਰ ਦਿੱਤੇ, ਜਿਹਨਾਂ ਨੇ ਆਪਣਾ ਖ਼ੂਨ ਵਹਾਉਣ ਵਿਚ ਰੱਤਾ ਵੀ ਗੁਰੇਜ਼ ਨਹੀਂ ਕੀਤਾ, ਸਗੋਂ ਮੁਗਲਾਂ ਦੇ ਚਿਰ ਸਥਾਈ ਰਾਜ ਦੀਆਂ ਜੜ੍ਹਾਂ ਉਖੇੜ ਦਿੱਤੀਆਂ। ਇਕ ਮਹਾਨ ਇਤਿਹਾਸਕਾਰ ਡਾ. ਗੋਕਲਚੰਦ ਨਾਰੰਗ ਗੁਰੂ ਜੀ ਬਾਰੇ ਲਿਖਦੇ ਹਨ:-

"ਜੇਕਰ ਗੁਰੂ ਗੋਬਿੰਦ ਸਿੰਘ ਜੀ ਔਰੰਗਜ਼ੇਬ ਜਿਹੇ ਜਾਲਮ ਸਮਰਾਟ ਦੇ ਟਾਕਰੇ ਵਿਚ ਉਸ ਸਮੇਂ ਨਾ ਆਉਂਦੇ ਤਾਂ ਹਿੰਦੂ ਧਰਮ ਦੀ ਦੀਵਾ ਸਦਾ ਲਈ ਗੁੱਲ ਹੋ ਜਾਂਦਾ।" ਅੱਜ ਵੀ ਸਾਰੀ ਦੁਨੀਆਂ ਵਿਚ ਦਸਮੇਸ਼ ਪਿਤਾ ਦਾ 'ਪੰਥ' ਚੜ੍ਹਦੀ ਕਲਾ ਵਿਚ ਹੈ। ਇਸੇ ਤਰ੍ਹਾਂ ਮਸ਼ਹੂਰ ਸ਼ਾਇਰ ਅੱਲਾ ਯਾਰ ਖਾਂ ਜੋਗੀ ਵਰਗੇ ਸ਼ਾਇਰ ਗੁਰੂ ਸਾਹਿਬ ਦੀ ਬਹੁ-ਪੱਖੀ ਸ਼ਖਸੀਅਤ ਬਾਰੇ ਲਿਖਣ ਲਈ ਸ਼ਬਦਾਂ ਦੀ ਘਾਟ ਦੱਸਦਾ ਹੋਇਆ ਲਿਖਦਾ ਹੈ: "ਕਰਤਾਰ ਕੀ ਸੌਗੰਧ, ਨਾਨਕ ਕੀ ਕਸਮ ਹੈ। ਜਿਤਨੀ ਵੀ ਹੋ ਗੋਬਿੰਦ ਕੀ ਤਾਰੀਫ ਵੋਹ ਕਮ ਹੈ।"

ਜਿੱਥੇ ਗੁਰੂ ਜੀ ਇਕ ਮਹਾਨ ਸੰਤ-ਸਿਪਾਹੀ ਸਨ, ਉਥੇ ਨਾਲ ਹੀ ਉਹ ਸਾਹਿਤ ਰਚਨਾ ਦੇ ਵੀ ਚਾਨਣ ਮੁਨਾਰੇ ਸਨ। ਉਨ੍ਹਾਂ ਦੇ ਦਰਬਾਰ ਵਿਚ 52 ਸਾਹਿਤਕਾਰ ਸਨ ਜੋ ਰਾਤ ਦਿਨ ਇਕ ਸਮਾਜਿਕ ਕ੍ਰਾਂਤੀ ਲਿਆਉਣ ਲਈ ਸਾਹਿਤ ਰਚਨਾ ਕਰਦੇ ਰਹਿੰਦੇ ਸਨ। ਗੁਰੂ ਜੀ ਨੇ ਜਿੱਥੇ ਆਪ ਸਾਹਿਤ ਰਚਨਾ ਕੀਤੀ, ਉਥੇ ਆਪਣੇ ਦਰਬਾਰੀ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਗ੍ਰਹਿ ਕਰਕੇ ਸੰਭਾਲਣ ਦਾ ਉਪਰਾਲਾ ਵੀ ਕੀਤਾ ਤੇ ਉਸ ਮਹਾਨ ਗ੍ਰੰਥ ਦਾ ਨਾਂ 'ਵਿਦਿਆ ਸਾਗਰ' ਰੱਖਿਆ। ਇਸ ਗ੍ਰੰਥ ਦਾ ਭਾਰ ਵਿਦਵਾਨਾਂ ਦੇ ਕਥਨ ਅਨੁਸਾਰ ਨੌ ਮਣ ਦੇ ਕਰੀਬ ਸੀ, ਜੋ ਗੁਰੂ ਜੀ ਦੇ ਆਨੰਦਪੁਰ ਛੱਡਣ ਉਪਰੰਤ, ਸਰਸਾ ਨਦੀ ਪਾਰ ਕਰਦਿਆਂ, ਹੜ੍ਹ ਆਉਣ ਕਾਰਨ ਦਰਿਆ ਵਿਚ ਰੁੜ੍ਹ ਗਿਆ। ਇਹ ਪੰਜਾਬੀ ਸਾਹਿਤ ਦੇ ਇਤਿਹਾਸ ਵਿਚ ਨਾ ਪੂਰਾ ਹੋਣ ਵਾਲਾ ਘਾਟਾ ਹੈ। ਇਹ ਪੰਜਾਬੀ ਸਾਹਿਤ ਦਾ ਗੁਰੂ ਜੀ ਦੇ ਸਮੇਂ ਦਾ ਇਕ ਅਮੀਰ ਸਾਹਿਤਕ ਖ਼ਜ਼ਾਨਾ ਸੀ।

ਗੁਰੂ ਜੀ ਦੀਆਂ ਕੁਝ ਪ੍ਰਸਿੱਧ ਰਚਨਾਵਾਂ ਇਸ ਪ੍ਰਕਾਰ ਹਨ। ਪੰਜਾਬੀ ਵਿਚ 'ਚੰਡੀ ਦੀ ਵਾਰ' ਜੋ ਸਿੰਘਾਂ ਨੂੰ ਜੰਗਾਂ-ਯੁੱਧਾਂ ਲਈ ਤਿਆਰ ਕਰਨ ਲਈ ਢਾਡੀਆਂ ਦੁਆਰਾ ਗਾ ਕੇ ਸੁਣਾਈ ਜਾਂਦੀ ਸੀ। ਇਸ ਵੀਰ ਰਸੀ ਵਾਰ ਦੀ ਰਚਨਾ ਦਾ ਉਦੇਸ਼ ਹੀ ਮਨੁੱਖ ਵਿਚ ਆਪਣੇ ਅਧਿਕਾਰਾਂ ਦੀ ਪ੍ਰਾਪਤੀ ਧਰਮ ਦੀ ਰੱਖਿਆ ਲਈ ਜ਼ਾਲਮ ਨੂੰ ਕਰਾਰੇ ਹੱਥ ਦਿਖਾ ਕੇ ਹੀ ਮਿੱਤਰਤਾ ਦਾ ਰਸਤਾ ਅਪਣਾਉਣ ਤੇ ਜ਼ੁਲਮ ਦਾ ਰਸਤਾ ਛੱਡਣ ਦਾ ਅਹਿਸਾਸ ਕਰਵਾਇਆ ਜਾ ਸਕਦਾ ਹੈ। ਪੰਜਾਬੀ ਵਿਚ ਇਕੋ ਸ਼ਬਦ ਮਿੱਤਰ ਪਿਆਰੇ ਨੂੰ ਹਾਲ ਮੁਰਾਦਾਂ ਦਾ ਕਹਿਣਾ' ਹੈ। 'ਜ਼ਫ਼ਰਨਾਮਾ' ਜੋ ਔਰੰਗਜ਼ੇਬ ਵੱਲ ਇਕ ਪੱਤਰ ਦੇ ਰੂਪ ਵਿਚ ਫਾਰਸੀ ਜੁਬਾਨ ਦੀ ਇਕ ਮਹਾਨ ਕਲਾਕ੍ਰਿਤ ਹੈ। 'ਬਚਿਤ੍ਰ ਨਾਟਕ' ਗੁਰੂ ਜੀ ਦੀ ਸਵੈ-ਜੀਵਨੀ ਦੇ ਰੂਪ ਵਿਚ ਹੈ। ਦੁਨੀਆਂ ਦੇ ਇਤਿਹਾਸ ਵਿਚ ਸਿਰਫ ਗੁਰੂ ਗੋਬਿੰਦ ਸਿੰਘ ਜੀ ਹੀ ਇਕ ਅਜਿਹੀ ਧਰਮ ਗੁਰੂ ਸ਼ਖਸੀਅਤ ਹਨ, ਜਿਹਨਾਂ ਨੇ ਆਪਣੀ ਸਵੈ-ਜੀਵਨ ਲਿਖੀ ਹੈ। ਇਸ ਵਿਚ ਉਹਨਾਂ ਦੀ 32 ਸਾਲ ਦੀ ਉਮਰ ਤੱਕ ਦੇ ਜੀਵਨ ਸਮਾਚਾਰ ਦਰਜ ਹਨ। ਇਨ੍ਹਾਂ ਰਚਨਾਵਾਂ ਤੋਂ ਇਲਾਵਾ ਗੁਰੂ ਜੀ ਦੀਆਂ ਹੋਰ ਵੀ ਕਈ ਸਾਹਿਤਕ ਰਚਨਾਵਾਂ ਹਨ। ਗੁਰੂ ਜੀ ਦਾ ਵਿਚਾਰ ਸੀ ਕਿ ਸਾਹਿਤ ਰਚਨਾ ਹੀ ਦੇਸ਼ ਵਿਚ ਕ੍ਰਾਂਤੀ ਲਿਆਉਣ ਲਈ ਮਨੁੱਖਤਾ ਵਿਚ ਕ੍ਰਾਂਤੀਕਾਰੀ ਭਾਵਨਾ ਪੈਦਾ ਕਰ ਸਕਦੀ ਹੈ।

ਮਰਦ ਅਗੰਮੜੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਜੀਵਨ ਵਿਚ 14 ਲੜਾਈਆਂ ਲੜੀਆਂ ਹਨ। ਉਨ੍ਹਾਂ ਨੇ ਪਹਿਲਾਂ ਆਪ ਕਦੇ ਵੀ ਕਿਸੇ 'ਤੇ ਹਮਲਾ ਨਹੀਂ ਕੀਤਾ, ਸਗੋਂ ਜੋ 'ਪੰਥ ਖਾਲਸਾ' ਦੇ ਦੋਖੀ ਸਨ ਤੇ ਜਿਨ੍ਹਾਂ ਤੋਂ ਖ਼ਾਲਸੇ ਦੀ ਚੜ੍ਹਤ ਬਰਦਾਸ਼ਤ ਨਹੀਂ ਹੁੰਦੀ ਸੀ ਤੇ ਸਿੱਖ ਧਰਮ ਦੀ ਵਧਦੀ ਹੋਈ ਪ੍ਰਸਿੱਧਤਾ ਨੂੰ ਨਫ਼ਰਤ ਕਰਦੇ ਸਨ, ਵੱਲੋਂ ਹੀ ਹਮੇਸ਼ਾ ਗੁਰੂ ਜੀ ਤੇ ਹਮਲੇ ਕਰਦੇ ਸਨ। ਇਹ ਜੰਗਾਂ ਉਨ੍ਹਾਂ ਨੇ ਜ਼ਮੀਨ ਤੇ ਕਬਜ਼ਾ ਕਰਨ ਜਾਂ ਆਪਣੀ ਬਾਦਸ਼ਾਹਤ ਕਾਇਮ ਕਰਨ ਲਈ ਨਹੀਂ ਲੜੀਆਂ, ਸਗੋਂ ਇਹ ਜੰਗਾਂ ਮਜ਼ਲੂਮਾਂ ਦੀ ਰਾਖੀ ਲਈ, ਉਹਨਾਂ ਤੇ ਹੋ ਰਹੇ ਜ਼ੁਲਮਾਂ ਦੇ ਖ਼ਾਤਮੇ ਲਈ ਲੜੀਆਂ। ਉਹ ਚਾਹੁੰਦੇ ਸਨ ਕਿ ਜ਼ਾਲਮ, ਜ਼ੁਲਮ ਦਾ ਰਸਤਾ ਛੱਡ ਦੇਵੇ ਤੇ ਰਾਜ ਨੂੰ ਲੋਕ ਹਿੱਤ ਵਿਚ ਚਲਾਵੇ। ਐਸੇ ਯੁੱਧਾਂ ਨੂੰ ਉਹ ਸਜਦਾ ਕਰਦੇ ਹਨ:- 'ਨਮੋ ਜੁੱਧ ਜੁਧੋ' ਕਹਿੰਦੇ ਹਨ। ਔਰੰਗਜ਼ੇਬ ਨੂੰ ਉਹ 'ਜ਼ਫ਼ਰਨਾਮੇ' ਵਿਚ ਲਿਖਦੇ ਹਨ ਕਿ ਜਦੋਂ ਸਾਰੇ ਹੀਲੇ-ਵਸੀਲੇ ਮੁੱਕ ਜਾਣ ਤਾਂ ਸ਼ਸਤਰ ਚੁੱਕਣੇ ਜਾਇਜ਼ ਹਨ:-

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ਸ਼ਤ।।<br>
ਹਲਾਲ ਅਸਤ ਬੁਰਦਨ ਬ ਸ਼ਮਸ਼ੀਰ ਦਸਤ।।

ਗੁਰੂ ਜੀ ਨੇ ਏਕਤਾ, ਸਮਾਨਤਾ ਤੇ ਨਿਆਂ ਦਾ ਝੰਡਾ ਬੁਲੰਦ ਰੱਖਣ ਲਈ, ਸਮੇਂ ਦੀ ਵੱਡੀ ਤੋਂ ਵੱਡੀ ਤਾਕਤ ਨਾਲ ਟੱਕਰ ਵੀ ਲਈ। ਜਿਨ੍ਹਾਂ ਨੇ ਅੰਮ੍ਰਿਤ ਦੀ ਘੁੱਟ ਪੀਤੀ, ਉਹ ਸ਼ੇਰ ਬਣ ਗਏ ਅਤੇ ਚਿੜੀਆਂ ਤੋਂ ਬਾਜ ਤੁੜਵਾਉਣ ਲਈ ਭਾਵ ਕਮਜ਼ੋਰ ਤੇ ਸ਼ੋਸ਼ਿਤ ਵਰਗ ਤੋਂ ਜ਼ਾਲਮ ਦਾ ਘਾਣ ਕਰਵਾਉਣ ਲਈ ਤਿਆਰ-ਬਰ-ਤਿਆਰ ਹੋ ਗਏ:-

ਚਿੜੀਓ ਸੇ ਮੈਂ ਬਾਜ ਤੁੜਵਾਊ।।<br>
ਤਬੈ ਗੋਬਿੰਦ ਸਿੰਘ ਨਾਮ ਕਹਾਊ।।

ਆਓ! ਗੁਰੂ ਜੀ ਦੇ ਜਨਮ ਦਿਨ ਤੇ ਇਹ ਪ੍ਰਣ ਕਰੀਏ ਕਿ ਅਸੀਂ ਗੁਰੂ ਜੀ ਦੇ ਦਿੱਤੇ ਗਏ 'ਸਮਾਜਿਕ ਬਰਾਬਰੀ' ਦੇ ਸਿਧਾਂਤ ਉੱਤੇ ਚੱਲਣ ਲਈ ਪਹਿਰਾ ਦਿਆਂਗੇ, ਜਾਤ-ਪਾਤ ਦੇ ਕੋਹੜ ਨੂੰ ਸਿਰੇ ਤੋਂ ਨਿਕਾਰਾਂਗੇ, ਗੁਰੂ ਸਾਹਿਬ ਦੇ 'ਮਾਨਸ ਕੀ ਜਾਤ ਸਬੈ ਏਕੋ ਪਹਿਚਾਨਵੋ' ਦੇ ਸਿਧਾਂਤ ਨੂੰ ਮਾਨਵਤਾ ਵਿਚ ਮਾਨਵਵਾਦ ਪੈਦਾ ਕਰਨ ਲਈ, ਅਮਲੀ ਜਾਮਾ ਪਹਿਨਾਵਾਂਗੇ। ਸਮਾਜ ਵਿਚ ਕਮਜ਼ੋਰ ਤੇ ਗਰੀਬ ਆਦਮੀਆਂ ਤੇ ਹੋ ਰਹੇ ਧੱਕੇ ਅਤੇ ਜ਼ੁਲਮ ਦਾ ਲੋਕ ਰਾਜ਼ੀ ਕਦਰਾਂ ਕੀਮਤਾਂ ਨਾਲ ਟਾਕਰਾ ਕਰਾਂਗੇ। ਸਮਾਜ ਵਿਚ ਵੱਧ ਰਹੇ ਵਰਗਵਾਦ ਦੇ ਕੋਹੜ ਨੂੰ ਮਿਟਾਵਾਂਗੇ।

ਗੁਰੂ ਸਾਹਿਬਾਨ ਦੇ ਅੰਤਰ ਰਾਸ਼ਟਰਵਾਦੀ ਨਾਅਰੇ 'ਸਰਬੱਤ ਦਾ ਭਲਾ' ਨੂੰ ਅੰਤਰ ਰਾਸ਼ਟਰਵਾਦੀ ਭਾਵਨਾ ਪੈਦਾ ਕਰਨ ਲਈ, ਸਿਰਤੋੜ ਯਤਨ ਕਰਾਂਗੇ। ਔਰਤ ਨੂੰ ਸਮਾਜ ਵਿਚ ਇੱਜ਼ਤ ਤੇ ਬਰਾਬਰੀ ਦਾ ਹੱਕ ਦਿਆਂਗੇ। ਆਪਣੇ ਮਾਨਵੀ ਅਧਿਕਾਰਾਂ ਤੇ ਆਪਣੇ ਕਰਤਵਾਂ ਨੂੰ ਪਛਾਣਦੇ ਹੋਏ ਮਾਨਵਹਿੱਤ ਲਈ ਵਰਤਾਂਗੇ। ਗੁਰੂ ਜੀ ਦੇ ਦਿਖਾਏ ਸੱਚੇ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਕਰਾਂਗੇ।

ਇਹਨਾਂ ਉਕਤ ਅਮਲਾਂ ਨਾਲ ਹੀ ਗੁਰੂ ਸਾਹਿਬਾਨ ਵੱਲੋਂ ਸਿਰਜਿਆ ਗਿਆ ਵਧੀਆ ਮਾਨਵ ਬਣਨ ਦਾ ਸੰਦੇਸ਼ ਦੁਨੀਆਂ ਦੇ ਕੋਨੇ-ਕੋਨੇ ਵਿਚ ਪਹੁੰਚਾਵਾਂਗੇ। ਮੇਰੇ ਵੱਲੋਂ ਭਾਰਤ ਦੀ ਮਹਾਨ ਸ਼ਖਸੀਅਤ, ਸਰਬੰਸਦਾਨੀ, ਵਿਦਵਤਾ ਦੇ ਮੁਜੱਸਮੇ, ਇਨਕਲਾਬੀ ਯੋਧੇ, ਕਰਮਯੋਗੀ, ਸੰਤ ਸਿਪਾਹੀ, ਮਰਦ-ਅਗੰਮੜੇ, ਸਾਹਿਬ-ਏ-ਕਮਾਲ ਤੇ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ ਦਿਨ 'ਤੇ ਸਮੁੱਚੀ ਲੋਕਾਈ ਨੂੰ ਲੱਖ-ਲੱਖ ਵਧਾਈ ਹੋਵੇ ਜੀ।

## 'ਭੀਮਾ ਕੋਰੇਂ ਗਾਉਂ ਵਿਜੈ ਦਿਵਸ' 1 ਜਨਵਰੀ 'ਤੇ ਵਿਸ਼ੇਸ਼

# ਭੀਮਾ ਕੋਰੇਂ ਗਾਉਂ ਯੁੱਧ - ਦਲਿਤਾਂ ਦਾ ਸ਼ਾਨਾਮੱਤੇ ਇਤਿਹਾਸ

ਇਤਿਹਾਸ ਦੀਆਂ ਕਿਤਾਬਾਂ ਵਿੱਚ ਭੀਮਾ-ਕੋਰੇਗਾਂਵ ਯੁੱਧ ਦਾ ਵਰਨਣ 'ਅੰਗਰੇਜ਼-ਮਰਾਠਾ' ਵਿਚਕਾਰ ਲੜਾਈ ਦੇ ਰੂਪ ਵਿੱਚ ਹੀ ਕੀਤਾ ਜਾਂਦਾ ਹੈ। ਕੁੱਝ ਇਤਿਹਾਸਕਾਰ ਇਸ ਯੁੱਧ ਨੂੰ ਬ੍ਰਿਟਿਸ਼ ਸਾਮਰਾਜਵਾਦ ਅਤੇ ਹਿੰਦੂ ਰਾਸ਼ਟਰਵਾਦ ਦੇ ਵਿਚਕਾਰ ਹੋਈ ਲੜਾਈ ਦੇ ਰੂਪ ਵਿੱਚ ਦੇਖਦੇ ਹਨ। ਪਰ ਦਲਿਤ ਮਹਾਰ ਇਸ ਯੁੱਧ ਨੂੰ ਜਾਤੀਵਾਦੀ ਪੇਸ਼ਵਾਵਾਂ 'ਤੇ ਜਿੱਤ ਨੂੰ ਭੀਮਾ ਕੋਰੇਗਾਂਵ 'ਵਿਜੈ ਦਿਵਸ' ਦੇ ਤੌਰ ਤੇ ਹਰ ਸਾਲ ਇਕ ਜਨਵਰੀ ਨੂੰ ਮਨਾਉਦੇ ਹਨ। ਹੁਣ ਇਹ ਭੀਮਾ-ਕੋਰੇਗਾਂਵ ਦੀ ਲੜਾਈ ਸਿਰਫ ਅੰਗਰੇਜ਼ਾਂ ਵੱਲੋਂ ਪੇਸ਼ਵਾਵਾਂ ਨੂੰ ਹਰਾਉਣ ਦੀ ਲੜਾਈ ਹੀ ਨਹੀਂ ਰਹਿ ਗਈ, ਬਲਕਿ ਦਲਿਤਾਂ ਦੀ ਬਹਾਦਰੀ ਅਤੇ ਸਵੈਮਾਨ ਦੀ ਬਣ ਗਈ ਹੈ। ਪਿੱਛਲੇ ਦੋ ਸਾਲ ਤੋਂ ਭੀਮਾ ਕੋਰੇਗਾਂਵ ਜੇਤੂ ਸਮਾਰਕ ਦਲਿਤਾਂ ਵਿਚ ਚੇਤਨਾ ਜਗਾਉਣ ਅਤੇ ਪੀੜਤ ਲੋਕਾਂ ਵਿਚ ਭਾਈਚਾਰਾ ਵਧਾਉਣ ਵਾਲਾ ਸਮਾਰਕ ਬਣ ਗਿਆ ਹੈ। ਇਹ ਵੱਖਰੀ ਗੱਲ ਹੈ ਕਿ ਦਲਿਤਾਂ ਦੀਆਂ ਬਹਾਦਰੀਆਂ ਜਾਂ ਕੁਬਾਨੀਆਂ ਨੂੰ ਇਤਿਹਾਸਕਾਰਾਂ ਨੇ ਕਦੇ ਵੀ ਗੰਭੀਰਤਾ ਨਾਲ ਨਹੀਂ ਲਿਆ ਹੈ।

ਭੀਮਾ-ਕੋਰੇਗਾਂਵ 1818 ਦੀ ਘਟਨਾ ਹੈ। ਇਸ ਯੁੱਧ ਦਾ ਸੰਖੇਪ ਇਤਿਹਾਸ ਇਹ ਹੈ ਕਿ ਸ਼ਿਵਾ ਜੀ ਦੇ ਪੁੱਤਰ ਸੰਭਾ ਜੀ ਨੂੰ ਉਸ ਦੀਆਂ ਅੱਖਾਂ ਕੱਢ ਕੇ ਹਿੰਦੂ ਸਰਦਾਰਾਂ ਨੇ ਮਾਰ ਦਿੱਤਾ ਅਤੇ ਸ਼ਿਵਾ ਜੀ ਦੀ ਗੱਦੀ 'ਤੇ ਮਨੂੰਵਾਦੀ ਪੇਸ਼ਵਾ ਰਾਜੇ ਕਾਬਜ਼ ਹੋ ਗਏ ਅਤੇ ਫਿਰ ਇਹ ਮਨੂੰਵਾਦੀ ਆਪਣੀਆ ਮਨ ਆਈਆ ਕਰਨ ਲੱਗੇ। ਜਦੋਂ ਪੇਸ਼ਵਾਵਾਂ ਅਤੇ ਅੰਗਰੇਜ਼ਾਂ ਵਿਚਕਾਰ ਸਬੰਧ ਬੁਰੀ ਤਰ੍ਹਾਂ ਵਿਗੜ ਗਏ ਤਾਂ ਬਾਜ਼ੀ ਰਾਓ ਪੇਸ਼ਵਾ ਅਤੇ ਅੰਗਰੇਜ਼ਾਂ ਵਿਚਕਾਰ ਯੁੱਧ ਤੋਂ ਬਿਨਾਂ ਕੋਈ ਦੂਜਾ ਚਾਰਾ ਨਾ ਰਿਹਾ। ਉਸ ਵੇਲੇ ਫੌਜ਼ੀ ਬਟਾਲੀਅਨਾਂ ਦੇ ਨਾਮ ਜਾਤਾਂ 'ਤੇ ਸਨ। ਦਲਿਤਾਂ ਦੀ ਵੀ ਮਹਾਰ ਬਟਾਲੀਅਨ ਸੀ ਜਿਸ ਦਾ ਕਮਾਂਡਰ ਸੈਨਾਕ ਸੀ, ਜਿਸ ਕੋਲ ਮਹਾਰ ਬਟਾਲੀਅਨ ਦੇ ਬਹਾਦਰ ਲੜਾਕੂ 500 ਸੈਨਿਕ ਸਨ। ਅੰਗਰੇਜ਼ਾਂ ਨੇ ਬੰਬੇ ਵਿੱਚ ਮਹਾਰ ਬਟਾਲੀਅਨ' ਨੂੰ ਸਹਾਇਤਾ ਲਈ ਬੇਨਤੀ ਕੀਤੀ। ਕਮਾਂਡਰ ਸੈਨਾਕ ਲਈ ਇਹ ਬੜੀ ਖਤਰਨਾਖ ਸਥਿਤੀ ਸੀ। ਸਥਿਤੀ ਨੂੰ ਸਮਝਦਿਆਂ ਕਮਾਂਡਰ ਸੈਨਾਕ ਪੂਨੇ ਵਿਖੇ ਪੇਸ਼ਵਾ ਬਾਜੀ ਰਾਓ ਨੂੰ ਮਿਲਿਆ ਤੇ ਕਿਹਾ ਕਿ ਉਹ ਨਹੀਂ ਚਾਹੁੰਦਾ ਕਿ ਉਹ ਅੰਗਰੇਜ਼ਾਂ ਨਾਲ ਰਲ ਕੇ ਆਪਣੇ ਦੇਸ਼ ਦੇ ਰਾਜ਼ੇ ਖਿਲਾਫ ਲੜੇ। ਇਸ ਲਈ ਜੇ ਮਹਾਰ ਬਟਾਲੀਅਨ ਅੰਗਰੇਜ਼ਾਂ ਖਿਲਾਫ਼, ਤੁਹਾਡੇ ਹੱਕ ਵਿਚ ਲੜੇ ਅਤੇ ਲੜਾਈ ਜਿੱਤੀ ਜਾਵੇ ਤਾਂ ਫਿਰ ਦਲਿਤ ਲੋਕਾਂ ਦੀ ਤੁਹਾਡੇ ਪੇਸ਼ਵਾ ਰਾਜ ਵਿੱਚ ਅਤੇ ਫੌਜ ਵਿੱਚ ਕੀ ਸਥਿਤੀ ਹੋਵੇਗੀ? ਤਾਂ ਪੇਸ਼ਵਾ ਨੇ ਸਪੱਸ਼ਟ ਕਿਹਾ, "ਜੋ ਤੁਹਾਡੇ ਬਾਰੇ ਸ਼ਾਸ਼ਤਰਾਂ ਤੇ ਮਨੂੰ ਸਿਮਰਤੀ ਵਿੱਚ ਲਿਖਿਆ ਗਿਆ ਹੈ ਉਹੀ ਕਨੂੰਨ ਲਾਗੂ ਹੋਵੇਗਾ।''

ਕਮਾਂਡਰ ਸੈਨਾਕ ਨੇ ਇਹ ਸੁਣਦਿਆਂ ਹੀ ਗੁਸੇ 'ਚ ਉਠਦਿਆ ਕਿਹਾ," ਤੁਸੀ ਮਨੂੰਵਾਦੀ ਲੋਕ ਅੰਗਰੇਜਾਂ ਦੀ ਗੁਲਾਮੀ ਤਾਂ ਸਵਿਕਾਰ ਕਰ ਸਕਦੇ ਹੋ, ਪਰ ਆਪਣੇ ਹੀ ਭਰਾਵਾਂ ਨੂੰ ਬਰਾਬਰ ਦੇ ਹੱਕ ਦੇਣ ਲਈ ਤਿਆਰ ਨਹੀ ਹੋ। ਕਮਾਂਡਰ ਸੈਨਾਕ ਨੇ ਫੈਸਲਾ ਲਿਆ ਕਿ ਦਲਿਤ ਲੋਕਾਂ ਦੇ ਮਨੂੰ ਸਿਮਰਤੀ ਰਾਹੀਂ ਜੋ ਅਧਿਕਾਰ ਖਤਮ ਕੀਤੇ ਗਏ ਸਨ, ਉਹਨਾਂ ਨੂੰ ਪ੍ਰਾਪਤ ਕਰਨ ਵਾਸਤੇ ਉਹਨਾਂ ਨੂੰ ਪੇਸ਼ਵਾਵਾਂ ਨਾਲ ਯੁੱਧ ਕਰਨ ਤੋਂ ਬਿਨਾਂ ਹੋਰ ਕੋਈ ਰਾਹ ਨਹੀਂ ਹੈ। ਇਸ ਤਰਾਂ ਪੇਸ਼ਵਾਵਾਂ ਨੇ ਦਲਿਤਾਂ ਨੂੰ ਸਨਮਾਨ ਤੇ ਬਰਾਬਰੀ ਦੇਣ ਦੀ ਥਾਂ, ਅੰਗਰੇਜ਼ਾਂ ਵੱਲੂ ਧੱਕ ਦਿੱਤਾ, ਸਿੱਟੇ ਵਜ਼ੋਂ ਦਲਿਤ ਮਹਾਰ ਬਟਾਲੀਅਨ ਦੇ ਸੈਨਿਕ ਅੰਗਰੇਜ਼ਾਂ ਵਲੋਂ ਲੜੇ। ਸੈਨਾਕ ਦੀ ਮਹਾਰ ਬਟਾਲੀਅਨ ਦੇ 500 ਅਤੇ 300 ਹੋਰ ਸਿਪਾਹੀਆਂ ਨੇ ਪੇਸ਼ਵਾ ਰਾਜ ਦੇ 28000 ਸਿਪਾਹੀਆਂ ਵਿਰੁੱਧ ਭਿਅੰਕਰ ਯੁੱਧ ਕੀਤਾ। ਮਹਾਰ ਬਟਾਲੀਅਨ ਨੇ ਪੇਸ਼ਵਾ ਰਾਜ ਦਾ ਮਲੀਆਮੇਟ ਕਰ ਦਿੱਤਾ। ਪੇਸ਼ਵਾਵਾਂ ਦੀ ਬਹੁਤ ਬੁਰੀ ਤਰਾਂ ਹਾਰ ਹੋਈ।

ਲੋਕਹਿੱਤਵਾਦੀ ਨਾਂਅ ਨਾਲ ਜਾਣੇ ਜਾਂਦੇ 19ਵੀਂ ਸਦੀ ਦੇ ਮਹਾਰਾਸ਼ਟਰ ਦੇ ਸੁਧਾਰਕ ਗੋਪਾਲ ਹਰੀ ਦੇਸ਼ਮੁੱਖ ਨੇ ਆਪਣੀ ਰਚਨਾ 'ਸ਼ਤਪੱਤਰ' ਵਿੱਚ ਸਿੱਖਿਆ ਹੈ, "ਅਛੂਤ ਸਿਪਾਹੀ ਬਿਨਾਂ ਖਾਧੇ-ਪੀਤੇ, ਭੁੱਖਣ-ਭਾਣੇ ਲੜੇ ਅਤੇ ਉਹਨਾਂ ਨੇ ਪੇਸ਼ਵਾਵਾਂ ਨੂੰ ਕਰਾਰੀ ਹਾਰ ਦਿੱਤੀ। ਪੇਸ਼ਵਾਵਾਂ ਦਾ ਖਾਤਮਾ ਹੁੰਦਿਆਂ ਹੀ ਪੂਣੇ ਦੀਆਂ ਔਰਤਾਂ ਨੇ ਜਸ਼ਨ ਮਨਾਇਆ ਸੀ। ਹੇਠਲੀ ਜਾਤੀ ਦੇ ਲੋਕਾਂ 'ਤੇ ਪੇਸ਼ਵਾਵਾਂ ਦੇ ਅੱਤਿਆਚਾਰ ਲੋਕ ਯਾਦਾਂ ਵਿੱਚ ਅੱਜ ਵੀ ਜਿਊਦੇ ਹਨ।''

ਉਹਨਾਂ ਲਿੱਖਿਆ, "ਜਦੋਂ ਈਸਟ ਇੰਡੀਆ ਕੰਪਨੀ ਨੇ 'ਬੰਬਈ ਆਰਮੀ' ਦੇ ਲਈ ਫੌਜੀਆਂ ਦੀ ਭਰਤੀ ਸ਼ੁਰੂ ਕੀਤੀ ਤਾਂ ਉਦੋਂ ਅਛੂਤ ਦਲਿਤਾਂ ਨੇ ਇਸ ਮੌਕੇ ਦਾ ਪੂਰਾ ਲਾਭ ਉਠਾਇਆ ਕਿਉਕਿ ਉਦੋ ਸਮਾਜਿਕ ਤੇ ਆਰਥਿਕ ਮੁਕਤੀ ਲਈ ਫੌਜ ਵਿਚ ਭਰਤੀ ਇਕ ਕ੍ਰਾਂਤੀ ਸੀ। ਨਹੀ ਤਾਂ ਪਿੰਡਾਂ ਵਿੱਚ ਜਿਊਦੇ ਰਹਿਣ ਲਈ ਦਲਿਤਾਂ ਨੂੰ ਮਰੇ ਹੋਏ ਜਾਨਵਰਾਂ ਦਾ ਮਾਸ ਖਾਣ ਦੀ ਹੀ ਅਜ਼ਾਦੀ ਸੀ। ਫੌਜੀ ਭਰਤੀ ਨਾਲ ਦਲਿਤਾਂ ਨੂੰ ਵੀ ਜਿੱਥੇ ਮਨੁੱਖੀ ਸਨਮਾਨ ਵਾਲਾ ਜੀਵਨ ਮਿਲਿਆ, ਉਥੇ ਨਾਲ ਹੀ ਚੰਗੇ ਪੈਸੇ ਹਰ ਮਹੀਨੇ ਤਨਖਾਹ ਵੀ ਮਿਲਣ ਲੱਗੀ। ਇਨ੍ਹਾਂ ਸਹੂਲਤਾਂ ਦੇ ਸਾਹਮਣੇ ਅਛੂਤ ਦਲਿਤਾਂ ਲਈ ਰਾਜਨੀਤਕ ਅਜ਼ਾਦੀ ਅਤੇ ਰਾਸ਼ਟਰਵਾਦ ਬੇਕਾਰ ਦੀਆਂ ਗੱਲਾਂ ਹਨ। ਅੰਗਰੇਜ਼ਾਂ ਦਾ ਰਾਜ ਆਉਣ ਕਾਰਨ ਦਲਿਤਾਂ ਨੂੰ ਬਹੁਤ ਸਾਰੇ ਫਾਇਦੇ ਹੋਏ। ਉਹ ਜਾਤੀਆਂ ਦੇ ਵਾੜਿਆਂ 'ਚੋਂ ਅਜ਼ਾਦ ਹੋ ਕੇ ਬਾਹਰ ਨਿਕਲੇ, ਪੜ੍ਹਾਈ, ਨੌਕਰੀ ਇਹ ਸਭ ਕੁਝ ਅੰਗਰੇਜ਼ਾਂ ਦੀ ਵਜ੍ਹਾ ਨਾਲ ਹੀ ਤਾਂ ਉਹਨਾਂ ਨੂੰ ਪ੍ਰਾਪਤ ਹੋਇਆ ਤੇ ਇਸ ਰਾਹ 'ਤੇ ਚੱਲਦਿਆਂ ਹੀ ਦਲਿਤ ਅੰਦੋਲਨ ਦੇ ਨਿਰਮਾਣ ਨੂੰ ਬਲ ਮਿਲਿਆ ਹੈ।''

ਇੱਥੇ ਇਹ ਵੀ ਜਿਕਰਯੋਗ ਹੈ ਕਿ ਪੇਸ਼ਵਾ ਰਾਜ 'ਚ ਦਲਿਤਾਂ ਦੇ ਆਮ ਰਾਹਾਂ ਤੇ ਚੱਲਣ ਦੀ ਪਾਬੰਦੀ ਸੀ ਜਿਨ੍ਹਾਂ ਤੇ ਉੱਚ ਜਾਤੀ ਲੋਕ ਚੱਲਦੇ ਸਨ। ਦਲਿਤਾਂ ਨੂੰ ਆਪਣੀ ਪਹਿਚਾਣ ਲਈ ਗੱਲ ਵਿਚ ਕਾਲਾ ਡੋਰਾ ਬੰਨਣਾ ਪੈਂਦਾ ਸੀ ਤਾਂ ਕਿ ਸਵਰਨ ਹਿੰਦੂ ਗਲਤੀ ਨਾਲ ਉਨ੍ਹਾਂ ਨੂੰ ਛੂਹ ਕੇ ਭ੍ਰਿਸ਼ਟ ਨਾ ਹੋ ਜਾਣ। ਦਲਿਤਾਂ ਨੂੰ ਲੱਕ ਨਾਲ ਝਾੜੂ ਬੰਨ੍ਹਕੇ ਚੱਲਣਾ ਪੈਂਦਾ ਸੀ ਤਾਂ ਕਿ ਉਨ੍ਹਾਂ ਦੀ ਪੈੜ ਮਿਟਦੀ ਜਾਵੇ ਤੇ ਸਵਰਨ ਉਸ ਦੇ ਚਲਦੇ ਸਮੇਂ ਭਿੱਟ ਤੋਂ ਬਚ ਸਕਣ। ਦਲਿਤਾਂ ਨੂੰ ਗਲ ਵਿਚ ਕੁੱਜਾ ਬੰਨ੍ਹਣਾ ਪੈਂਦਾ ਸੀ ਤਾਂ ਕਿ ਜੇਕਰ ਉਨ੍ਹਾਂ ਨੂੰ ਥੁੱਕ ਆਵੇ ਤਾਂ ਉਹ ਕੁੱਜੇ ਵਿਚ ਹੀ ਥੁੱਕਣ ਕਿਉਂਕਿ ਧਰਤੀ ਉਤੇ ਥੁੱਕਣ ਨਾਲ ਉਸ ਉਪਰ ਉਚ ਜਾਤੀ ਦੇ ਆਦਮੀ ਦਾ ਪੈਰ ਪੈਣ ਤੇ ਉਹ ਭਿੱਟਿਆ ਜਾ ਸਕਦਾ ਸੀ। ਪੇਸ਼ਵਾਵਾਂ ਦੇ ਰਾਜ ਵਿਚ ਔਰਤਾਂ ਦੀ ਹਾਲਤ ਬਹੁਤ ਨਾਜ਼ਕ ਸੀ। ਔਰਤਾਂ ਨੂੰ ਖਰੀਦਣ, ਵੇਚਣ ਦੇ ਬਾਜ਼ਾਰ ਲੱਗਦੇ ਸਨ। ਸਤੀ ਦੇ ਨਾਮ ਤੇ ਔਰਤਾਂ ਨੂੰ ਜਿੰਦੇ ਜਲਾ ਦਿੱਤਾ ਜਾਂਦਾ ਸੀ। ਪੇਸ਼ਵਾਈ ਸ਼ਾਸ਼ਕਾਂ ਵਿੱਚ ਅਯਾਸ਼ੀ ਸਿਖਰਾਂ ਉਤੇ ਸੀ, ਪੇਸ਼ਵਾ ਰਾਜਾ ਨਾਨਾ ਫੜਨਵੀਸ ਦੀਆਂ ਨੌਂ ਪਤਨੀਆਂ ਸਨ। ਮਰਨ ਸਮੇਂ ਉਸ ਦੀ ਉਮਰ 59 ਸਾਲ ਤੇ ਜਿਊਬਾਈ ਦੀ 9 ਸਾਲ ਸੀ। ਮਨੂੰਵਾਦ ਅਨੁਸਾਰ ਉਸ ਸਮੇਂ ਇਹ ਵਿਸ਼ਵਾਸ਼ ਪ੍ਰਚਲਿਤ ਸੀ ਕਿ ਜਿੰਨੀ ਘੱਟ ਉਮਰ ਦੀ ਲੜਕੀ ਨਾਲ ਸੰਭੋਗ ਕੀਤਾ ਜਾਵੇਗਾ, ਮਨੁੱਖ ਉਨੀ ਹੀ ਲੰਮੀ ਉਮਰ ਭੋਗੇਗਾ ਅਤੇ ਹਮੇਸ਼ਾਂ ਜਵਾਨ ਰਹੇਗਾ। ਮਨੂੰਵਾਦੀ ਬੁੱਢੇ ਰਈਸ 5 ਸਾਲ ਦੀਆਂ ਕੰਨਿਆਵਾਂ ਨਾਲ ਵਿਆਹ ਕਰਕੇ ਸੰਭੋਗ ਕਰਦੇ ਸੀ। ਜੇਦ ਉਹ ਬੱਚੀ ਦੇ ਜਵਾਨ ਹੁੰਦੇ-ਹੁੰਦੇ ਹੀ ਮਰ ਜਾਂਦੇ ਸੀ ਤਾਂ ਫਿਰ ਇਹਨਾਂ ਬਾਲ ਵਿਧਵਾਵਾਂ ਨੂੰ ਉਹਨਾਂ ਦੇ ਨੌਕਰ-ਚਾਕਰ ਵਰਗਲਾਉਂਦੇਤੇ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ। ਸਿੱਟੇ ਵਜੋਂ ਉਹ ਗਰਭਵਤੀ ਹੋ ਜਾਂਦੀਆਂ ਸਨ। ਫਿਰ ਉਹ ਬਾਲ ਵਿਧਵਾਵਾਂ ਜਾਂ ਤਾਂ ਕਾਂਸ਼ੀ ਜਾਂ ਮਥੁਰਾ ਵਿੱਚ ਛੱਡ ਦਿੱਤੀਆਂ ਜਾਂਦੀਆਂ ਸਨ ਜਾਂ ਫਿਰ ਦੇਸ਼ ਦੀਆਂ ਮਸ਼ਹੂਰ ਵੇਸ਼ਵਾਵਾਂ, ਸਜਾ ਕੇ ਆਪਣੇ ਕੋਠਿਆਂ ਤੇ ਬਿਠਾ ਲੈਂਦੀਆਂ ਸਨ ਅਤੇ ਉਹਨਾਂ ਦੇ ਦੇਹ ਵਪਾਰ ਤੋਂ ਧੰਨ ਇਕੱਠਾ ਕਰਦੀਆਂ ਹਨ। ਅੱਜ ਦੇ ਬਾਬਿਆਂ ਦੀਆਂ ਜੋ ਕਰਤੂਤਾਂ ਸਾਹਮਣੇ ਆ ਰਹੀਆਂ ਹਨ ਉਸ ਪਿੱਛੇ ਵੀ ਇਹੀ ਰਾਜ ਹੈ।

ਮਹਾਤਮਾ ਜੋਤੀ ਰਾਓ ਫੂਲੇ ਦੇ ਸਕੂਲ ਵਿਚ ਪੜ੍ਹ ਰਹੀ ਮਾਂਗ ਜਾਤੀ ਦੀ ਇਕ ਦਲਿਤ ਕੁੜੀ 1885 ਵਿੱਚ ਆਪਣੀ ਜਾਤੀ ਨੂੰ ਸਹਿਣ ਕਰਨ ਵਾਲੇ ਵੱਖ-ਵੱਖ ਕਰੂਰ ਅੱਤਿਆਚਾਰਾਂ ਬਾਰੇ ਲਿੱਖਦੀ ਹੈ, "ਸਾਨੂੰ ਗਰੀਬ ਮਾਂਗ-ਮਹਾਰਾਂ ਨੂੰ ਉਜਾੜ ਕੇ ਪਾਸ਼ਵਾ ਲੋਕ ਖੁਦ ਵੱਡੇ ਵੱਡੇ ਮਹਿਲ ਉਸਾਰ ਕੇ ਬਹਿ ਗਏ, ਐਨਾ ਹੀ ਨਹੀਂ, ਇਹਨਾਂ ਸਾਨੂੰ ਤੇਲ, ਸੰਦੂਰ, ਇੱਕ ਜ਼ਹਿਰਨੁਮਾ ਤਰਲ ਪਿਆ ਕੇ ਕੋਠੀ ਦੀ ਨੀਂਹ ਵਿੱਚ ਨਿਰਵਸਤਰ ਕਰਕੇ ਗੱਡਣ ਦਾ ਕੁਕਰਮ ਵੀ ਕੀਤਾ। ਪੇਸ਼ਵਾ ਬਾਜੀਰਾਵ ਦਾ ਜਦੋਂ ਰਾਜ ਸੀ, ਉਸ ਸਮੇਂ ਮਾਂਗ ਜਾਂ ਮਹਾਰ ਇਹਨਾਂ ਵਿੱਚੋਂ ਕੋਈ ਵੀ ਜੇ ਸਕੂਲ ਦੇ ਮੂਹਰਿਉਂ ਦੀ ਵੀ ਲੰਘ ਜਾਂਦਾ ਤਾਂ ਗੁਲਟੇਕੜੀ ਦੇ ਮੈਦਾਨ ਵਿੱਚ ਉਹ ਦੇ ਸਿਰ ਨੂੰ ਤਲਵਾਰ ਦਾ ਬੈਟ-ਬੱਲਾ ਬਣਾ ਕੇ ਖੇਡਿਆ ਜਾਂਦਾ ਸੀ।''

ਡਾ. ਅੰਬੇਡਕਰ ਹਰ ਸਾਲ ਪਹਿਲੀ ਜਨਵਰੀ ਨੂੰ ਕੋਰੇਂ ਗਾਉ ਵਿਖੇ ਮਹਾਰ ਦਲਿਤ ਸ਼ਹੀਦਾਂ ਨੂੰ ਸਿਜਦਾ ਕਰਨ ਜਾਇਆ ਕਰਦੇ ਸੀ। ਹੁਣ ਯਾਦ ਦੇ ਤੌਰ 'ਤੇ ਉਹਨਾਂ ਦੇ ਲੱਖਾਂ ਪੈਰੋਕਾਰ ਹਰ ਸਾਲ ਇਕ ਜਨਵਰੀ ਨੂੰ ਭੀਮਾ-ਕੋਰੇਗਾਂਵ ਵਲੂ ਵਹੀਰਾਂ ਘੱਤਦੇ ਹਨ। ਦਲਿਤ ਵਰਗ ਹੁਣ ਇਸ ਸਮਾਰਕ ਨੂੰ ਉਚ ਜਾਤੀਆਂ ਦੇ ਦਮਨ ਨੂੰ ਉਖਾੜ ਸੁੱਟਣ ਦੀ ਸਮਰੱਥਾ ਦੇ ਪ੍ਰਤੀਕ ਵਜੋਂ ਵੇਖਦਾ ਹੈ। ਇਹ ਭੀਮਾ ਕੋਰੇਗਾਂਵ ਦੀ ਦੂਸਰੀ ਸ਼ਤਾਬਦੀ ਦੇ ਸਮਾਰੋਹ ਮੌਕੇ ਲੱਖਾਂ ਦਲਿਤਾਂ ਅਤੇ ਪ੍ਰਗਤੀਵਾਦੀ ਲੋਕਾਂ ਦੀ ਸ਼ਮੂਲੀਅਤ ਤੋਂ ਸਪੱਸ਼ਟ ਹੋ ਗਿਆ ਹੈ। ਭੀਮਾ-ਕੋਰੇਗਾਂਵ ਯੁੱਧ ਤੋਂ ਇਹ ਵੀ ਪ੍ਰਮਾਣ ਮਿਲਦਾ ਹੈ ਕਿ ਅਛੂਤ ਮਹਾਰ ਤੇ ਦਲਿਤ ਸਮਾਜ ਦੇ ਲੋਕ ਕਿੰਨੇ ਦਲੇਰ, ਸਾਹਸੀ ਅਤੇ ਉਹ ਦਲਿਤ ਕਮਾਂਡਰ ਸੈਨਾਕ ਵਰਗੇ 'ਨਾਇਕ' ਵੀ ਹੋ ਸਕਦੇ ਹਨ। ਅਸਲੀਅਤ ਵਿੱਚ ਹਿੰਦੂ ਇਤਿਹਾਸਕਾਰਾਂ ਨੇ ਨਿਰਪੱਖ ਤੌਰ ਤੇ ਇਤਿਹਾਸ ਲਿਖਿਆ ਹੀ ਨਹੀਂ। ਹਿੰਦੂ ਇਤਿਹਾਸ/ਮਿਥਿਹਾਸ 'ਚ ਚਾਰ ਯੁੱਗਾਂ ਦੀ, ਭੀਮ ਦੇ ਪੂਛੋਂ ਫੜਕੇ ਹਾਥੀ ਅਕਾਸ਼ 'ਚ ਮਾਰਨ ਦੀ, ਕਕਈ ਦੇ ਚਲਦੇ ਰੱਥ ਦੇ ਧੁਰੇ 'ਚ ਬਾਂਹ ਦੇਣ ਦੀ, ਧਰਤੀ ਦੇ ਬਲਦ ਦੇ ਸਿੰਗ 'ਤੇ ਖੜ੍ਹਨ ਦੀ, ਕੁੰਤੀ ਨੂੰ ਹਵਾ 'ਚ ਗਰਭ ਹੋਣ ਦੀ, ਪਰਾਸ਼ਾ ਦੇ ਆਪਣੀ ਮਾਂ ਦੇ ਗਰਭ ਵਿੱਚ 12 ਸਾਲ ਰਹਿਣ ਦੇ ਮਿਥਿਹਾਸ ਦੀ ਗੱਲ ਤਾਂ ਹੈ, ਪਰ ਪ੍ਰਾਚੀਨ ਕਾਲ ਵਿੱਚ ਆਰੀਆਂ ਅਤੇ ਆਦਿਨਿਵਾਸੀਆਂ ਵਿਚਕਾਰ ਹੋਏ ਘਮਸਾਨ ਯੁੱਧਾਂ, ਫਿਰ ਬੁੱਧਾਂ ਅਤੇ ਬ੍ਰਾਹਮਣਾਂ ਵਿਚਕਾਰ ਹੋਈ ਕ੍ਰਾਂਤੀ ਅਤੇ ਉਲਟ ਕ੍ਰਾਂਤੀ ਦਾ ਹਿੰਦੂ ਇਤਿਹਾਸਕਾਰਾ ਨੇ ਕਿਧਰੇ ਵੀ ਵਰਨਣ ਨਹੀਂ ਕੀਤਾ ਹੈ। ਬੋਧਾਂ ਦੇ ਰਾਜ ਸਮੇਂ ਬੁੱਧ ਧੱਮ ਕੇਵਲ ਭਾਰਤ ਵਿਚ ਹੀ ਨਹੀ ਬਲਕਿ ਏਸ਼ੀਆ ਦਾ ਚਾਨਣ ਅਤੇ ਭਾਰਤ ਦੇਸ਼ ਸੋਨੇ ਦੀ ਚਿੜੀ ਬਣਿਆ। ਕਦੇ ਇਨ੍ਹਾਂ ਘੂੰਏ ਇਤਿਹਾਸਕਾਰਾ ਨੇ ਕਿਧਰੇ ਵੀ ਇਹਨਾਂ ਦਾ ਜ਼ਿਕਰ ਨਹੀਂ ਕੀਤਾ?

ਸ਼ੰਭੂਕ, ਬਬਰੀਕ, ਕਪਸ਼-ਕੁੰਜਲੀ, ਸੰਤ ਚੱਕਰਧਰ, ਸੰਤ ਤੁੱਕਾ ਰਾਮ ਨੂੰ ਧੋਖੇ ਨਾਲ ਕਤਲ ਕੀਤਾ ਗਿਆ। ਸੰਤ ਨੰਤ ਨਾਰ ਨੂੰ ਚਿੰਦਬਰਨ ਮੰਦਰ ਸਾਹਮਣੇ ਜਿੰਦਾ ਜਲਾਇਆ ਗਿਆ। ਸੰਤ ਚੋਖਾ ਮੈਲਾ ਨੂੰ ਪੰਡਰਪੁਰ ਦੀਆਂ ਗਲੀਆਂ ਵਿੱਚ ਗੱਡੇ ਪਿੱਛੇ ਬੰਨ ਕੇ ਸ਼ਹੀਦ ਕੀਤਾ ਗਿਆ। ਰਜ਼ੀਆ ਬੰਬੀ ਜੋਧਪੁਰ ਦੇ ਕਿਲੇ ਦੀਆਂ ਨੀਹਾਂ ਵਿਚ ਜਿੰਦਾ ਚੁਣਵਾਈ ਗਈ। ਇਕਲੱਭਿਆ ਨੂੰ ਧੋਖੇ ਨਾਲ ਅੰਗਹੀਣ ਕੀਤਾ ਗਿਆ, ਸੰਤ ਨਾਮ ਦੇਵ ਨੂੰ ਬਾਰ-ਬਾਰ ਅੱਤਿਆਚਾਰ ਕਰਕੇ ਮਹਾਰਾਸ਼ਟਰ ਛੱਡਣ ਲਈ ਮਜਬੂਰ ਕੀਤਾ ਗਿਆ। ਆਦਿ ਦੀਆਂ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਇਸ ਸਥਾਪਤ ਸਾਹਿਤ/ਇਤਿਹਾਸ ਵਿਚ ਸੂਹ ਵੀ ਨਹੀ ਮਿਲਦੀ।



ਐਸ ਐਲ ਵਿਰਦੀ

ਸ਼੍ਰੀ ਗੁਰੂ ਤੇਗ ਬਹਾਦਰ ਜੀ ਦਾ ਦਿੱਲੀ ਤੋਂ ਸੀਸ ਚੁੱਕ ਕੇ ਲਿਆਉਣ ਵਾਲੇ ਭਾਈ ਜੈਤਾ ਦੀ ਬਹਾਦਰੀ, ਭਾਈ ਸਦਾ ਨੰਦ ਦਾ ਬਲੀਦਾਨ, ਪੰਜ ਪਿਆਰੇ ਭਾਈ ਧਰਮ ਦਾਸ ਜਾਟ, ਭਾਈ ਮੋਹਕਮ ਚੰਦ ਛੀਂਬਾ, ਭਾਈ ਸਾਹਿਬ ਚੰਦ ਨਾਈ, ਭਾਈ ਹਿੰਮਤ ਰਾਏ ਝਿਊਰ, ਭਾਈ ਦਇਆ ਰਾਮ, ਵੀਰ ਸਿੰਘ ਤੇ ਹਮੀਰ ਸਿੰਘ, ਸੰਗਤ ਸਿੰਘ, ਚਮਕੌਰ ਦੀ ਗੜ੍ਹੀ ਦੇ ਸ਼ਹੀਦ, ਰੰਗਰੇਟੇ ਸ਼ਹੀਦ, ਮੱਸਾ ਰੰਗੜ ਦਾ ਸਿਰ ਵੱਢਣ ਵਾਲੇ, ਹਰਿਮੰਦਰ ਸਾਹਿਬ ਤੇ ਅਕਾਲ ਤਖ਼ਤ ਸਾਹਿਬ ਨੂੰ ਮਨੂੰਵਾਦੀਆਂ ਤੋਂ ਅਜ਼ਾਦ ਕਰਵਾਉਣ ਵਾਲੇ ਦਲਿਤ ਯੋਧਿਆਂ ਦੀਆਂ ਕੁਰਬਾਨੀਆਂ ਨੂੰ ਦਬਾਇਆ ਗਿਆ ਹੈ।

1857 ਦੇ ਅਜ਼ਾਦੀ ਅੰਦੋਲਨ ਦੇ ਮੋਢੀ ਮਾਤਾ ਦੀਨ ਭੰਗੀ, ਮਰਦਾਨੀ ਝਲਕਾਰੀ ਬਾਈ, ਵਿਰਸਾ ਮੁੰਡਾ, ਮਹਾਂਵੀਰੀ ਦੇਵੀ, ਬੰਕੇ ਚਮਾਰ, ਵੀਰਾ ਪਾਸੀ, ਕੇਸ਼ਵ ਪਿਲਈ, ਰਾਮ ਚੰਦਰ ਭੰਗੀ, ਜਲਿਆਂ ਵਾਲੇ ਬਾਗ ਦੇ ਸ਼ਹੀਦ ਦੁਲੀਆ ਤੇ ਨੱਥੂ ਧੋਬੀ, ਗਦਰੀ ਬਾਬਾ ਮੰਗੂ ਰਾਮ ਮੁਗੋਵਾਲੀਆ, ਰਾਮਪਤੀ ਤੇ ਸਮਪਤੀ, ਨਰਾਇਣਾ ਗੁਰੂ, ਸਵਾਮੀ ਨਾਇਕਰ, ਅਛੂਤਾ ਨੰਦ, ਦੇਸ਼ ਦੀ ਪਹਿਲੀ ਅਧਿਆਪਕਾ ਸਵਿਤਰੀ ਬਾਈ ਫੂਲੇ, ਸਤਨਾਮੀ ਸੰਗਰਾਮ, ਆਦਿ ਧਰਮ ਅੰਦੋਲਨ, ਚੌਦਾਰ ਤਲਾਬ ਮੋਰਚਾ, ਕਾਲਾ ਨਾਸਿਕ ਮੰਦਰ ਮੋਰਚਾ, ਸਾਇਮਨ ਕਮਿਸ਼ਨ ਮੋਰਚੇ ਦਲਿਤਾਂ ਦੀ ਗਵਾਹੀ, ਲੰਡਨ ਗੋਲਮੇਜ਼ ਕਾਨਫਰੰਸਾਂ, ਕਮਿਊਨਲ ਐਵਾਰਡ, ਪੂਨਾ ਪੈਕਟ, ਹਿੰਦੂ ਕੋਡ ਬਿਲ, ਆਦਿ ਮਹਾਂਪੁਰਸ਼ਾਂ, ਵਿਦਵਾਨਾ ਤੇ ਯੋਧਿਆ ਦੇ ਸੰਘਰਸ਼ਾਂ ਤੇ ਕੁਰਬਾਨੀਆਂ ਨੂੰ ਛੁਪਾਇਆ ਗਿਆ ਹੈ।

ਇੰਨਾ ਹੀ ਨਹੀ ਉਨ੍ਹਾਂ ਅਣਗਿਣਤ ਮਨੁੱਖਾਂ, ਜਿਨ੍ਹਾਂ ਆਪਣੇ ਖੂਨ ਪਸੀਨੇ ਨਾਲ ਤਾਜ ਮਹੱਲ ਤੇ ਪਿਰਾਮਿਡ ਬਣਾਏ, ਜਿਨ੍ਹਾਂ ਨੇ ਆਪਣੀਆਂ ਹੱਡੀਆਂ ਦੀ ਮਿੱਝ ਨਾਲ ਨੂਰਜਹਾਂ ਨੂੰ ਇਸ਼ਨਾਨ ਕਰਾਇਆ, ਜਿਨ੍ਹਾਂ ਆਪਣੀਆ ਗਰਦਨਾਂ ਕਟਾ ਕੇ ਪ੍ਰਿਥਵੀਰਾਜ ਦੇ ਮਹੱਲ ਵਿੱਚ ਸੰਜੋਗਤਾਂ ਨੂੰ ਪਹੁੰਚਾਇਆ?

ਸ਼ਵਾ ਜੀ ਨੂੰ ਕੈਦ ਵਿਚੋਂ ਛੁਡਾ ਕੇ ਲਿਆਉਣ ਵਾਲੇ ਮੇਹਤਰ ਭੰਗੀ, ਲਾਲ ਕਿਲਾ, ਜੈਪੁਰ ਦਾ ਹਵਾ ਮਹਿਲ, ਹਾਵੜਾ ਬਰਿਜ, ਕੁੱਤਬ ਮਿਨਾਰ ਅਤੇ ਢਾਕੇ ਦੀ ਮਲ ਮਲ ਬਣਾਉਣ ਵਾਲੇ ਦਲਿਤ ਮਜ਼ਦੂਰਾਂ ਤੇ ਕਾਰੀਗਰਾਂ, ਜਿਨ੍ਹਾਂ ਦੇ ਹੱਥ ਪੈਰ ਕੱਟ ਦਿੱਤੇ ਗਏ, ਉਨ੍ਹਾਂ ਦੀਆਂ ਕਲਾਂ ਕਿਰਤਾਂ, ਸ਼ਹੀਦੀਆ ਦੀਆਂ ਗਾਥਾਵਾਂ ਇਸ ਸਥਾਪਤ ਸਾਹਿਤ/ਇਤਿਹਾਸ ਵਿੱਚੋਂ ਗਾਇਬ ਕਿਉ ਹਨ?

ਦੇਸ਼ ਪ੍ਰੇਮ ਕੇਵਲ ਕਿਸੇ ਦੇਸ਼ ਦੇ ਨਕਸ਼ੇ ਨੂੰ ਪਿਆਰ ਕਰਨ ਦਾ ਨਾਂ ਨਹੀਂ ਹੈ ਬਲਕਿ ਜਾਤ, ਨਸਲ, ਲਿੰਗ, ਰੰਗ ਭੇਦ ਤੋਂ ਮੁਕਤ, ਇੱਕ ਮਨੁੱਖ ਦਾ ਦੂਜੇ ਮਨੁੱਖ ਨਾਲ ਅਜ਼ਾਦੀ, ਸਮਾਨਤਾ, ਭਾਈਚਾਰਾ ਅਤੇ ਨਿਆਂ ਅਧਾਰਤ ਬਰਾਬਰ ਦਾ ਵਿਵਹਾਰ ਹੀ ਦੇਸ਼ ਪ੍ਰੇਮ ਹੁੰਦਾ ਹੈ। ਕੋਰੇਂ ਗਾਉਂਯੁੱਧ ਦਾ ਵਿਜੈ ਸਤੰਭ ਦਲਿਤਾਂ ਦੇ ਲਈ ਅੱਜ ਇੱਕ ਪ੍ਰੇਰਨਾ ਸਰੋਤ ਸਥਾਨ ਬਣ ਗਿਆ ਹੈ। ਭੀਮਾ-ਕੋਰੇਗਾਂਵ ਯੁੱਧ ਵਿਜੈ ਦਿਵਸ ਇਕ ਜਨਵਰੀ 2020 ਨੂੰ ਹੁਣ ਇਹ ਪੰਜਾਬ ਦੇ ਦਿਲ ਸਨਅਤੀ ਸ਼ਹਿਰ ਫਗਵਾੜਾ ਵਿਖੇ ਵੀ ਮਨਾਇਆ ਜਾ ਰਿਹਾ ਹੈ।

## ਨਵੇਂ ਸਾਲ 'ਤੇ ਵਿਸ਼ੇਸ ਲੇਖ - ਬਲਜਿੰਦਰ ਕੌਰ ਸ਼ੇਰਗਿੱਲ

# ਸੰਨ 2019 ਇਤਿਹਾਸਿਕ ਵਰ੍ਹਾਂ

ਸਮਾਂ 12ਮਹੀਨੇ 365 ਦਿਨ ਭਾਵ ਇੱਕ ਵਰ੍ਹਾ ਪੂਰਾ ਹੋਣ ਬਾਅਦ ਦੂਜੇ ਨਵੇਂ ਵਰ੍ਹੇ ਦੀ ਸ਼ੁਰੂਆਤ ਹੋ ਜਾਣਾ ਜਿਵੇਂ ਹਨ੍ਹੇਰੇ ਤੋਂ ਬਾਅਦ ਚਾਨਣ ਹੋਣਾ ਲਾਜ਼ਮੀ ਹੈ ਉਸੇ ਤਰ੍ਹਾਂ ਇੱਕ ਸਾਲ ਬੀਤ ਜਾਂਣ ਮਗਰੋਂ ਨਵੇਂ ਸਾਲ ਦਾ ਆਗਾਜ਼ ਹੋਣਾ ਹੀ ਹੁੰਦਾ ਹੈ। ਇਹ ਚੱਕਰ ਇਸੇ ਤਰ੍ਹਾਂ ਨਿਰੰਤਰ ਚੱਲਦਾ ਰਹਿੰਦਾ ਹੈ। ਬੀਤੇ ਹੋਏ ਸਾਲ ਦੌਰਾਨ ਕਈ ਉਤਾਰ ਚੜ੍ਹਾਅ ਆਉਂਦੇ ਜਾਂਦੇ ਰਹੇ ਹੋਣਗੇ ਪਰ ਇਹ ਵਿਧੀ ਦਾ ਵਿਧਾਨ ਹੈ ਇਸ ਨੂੰ ਕੋਈ ਟਾਲ ਨਹੀਂ ਸਕਦਾ, ਜੇਕਰ ਜਨਮ ਹੋਇਆ ਹੈ ਤਾਂ ਇਸ ਦਾ ਅੰਤ ਹੋਣਾ ਵੀ ਅਟੱਲ ਸੱਚਾਈ ਹੈ।

### ਸੰਨ 2019 ਇਤਿਹਾਸਿਕ ਵਰ੍ਹਾਂ

ਇਸ ਸਾਲ ਨੂੰ ਇਤਿਹਾਸਕ ਵਰ੍ਹਾ ਆਖਿਆ ਜਾ ਸਕਦਾ ਹੈ ਇਹ ਵਰ੍ਹਾਂ ਇਤਿਹਾਸਿਕ ਇਸ ਲਈ ਹੈ ਕਿਉਂਕਿ ਇਸ ਵਰ੍ਹੇ ਦੌਰਾਨ ਵੱਡਭਾਗੇ ਸਮੇਂ 'ਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ 550ਸਾਲਾ ਪ੍ਰਕਾਸ਼ ਪੁਰਬ ਮਨਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ ਭਾਵੇਂ ਉਨ੍ਹਾਂ ਨੂੰ ਸ਼ਬਦਾਂ ਵਿਚ ਬਿਆਨ ਕਰਨਾ ਮੁਸ਼ਕਿਲ ਹੈ।

ਪਰੰਤੂ ਇਹ ਉਹ ਦੌਰ ਆਇਆ ਹੈ ਜਿੱਥੇ ਕਰਤਾਰਪੁਰ, ਪਾਕਿਸਤਾਨ ਲਾਂਘਾ ਖੁੱਲ੍ਹਣ ਨਾਲ ਦੋ ਮੁਲਕਾਂ ਦਾ ਮਿਲਾਪ ਹੋਇਆ ਹੈ। ਸੰਨ 1947 ਭਾਰਤ ਤੇ ਪਾਕਿਸਤਾਨ ਦੀ ਵੰਡ ਕਾਰਨ ਦੋਨੋਂ ਮੁਲਕ ਅਜਿਹੇ ਵੱਖੋਂ -ਵੱਖ ਹੋਏ ਕਿ ਲੋਕਾਂ ਦੀ ਅਸਥਾ ਨਾਲ ਜੁੜੇ ਧਾਰਮਿਕ ਅਸਥਾਨ ਵੀ ਵੱਖ ਹੋਏ ਗਏ ਸਨ ਹੁਣ ਲਾਂਘਾ ਖੁੱਲਣ ਨਾਲ ਇਹਨਾਂ ਗੁਰੂ ਧਾਮਾਂ ਦੇ ਦਰਸ਼ਨ ਤਾਂਘ ਵੀ ਪੂਰੀ ਹੋ ਗਈ ਹੈ। ਇਸ ਵਰ੍ਹੇ ਦੌਰਾਨ ਲੋਕਾਂ ਦੀ ਸ਼ਰਧਾ ਭਾਵਨਾ ਬਾਖੂਬੀ ਦੇਖਣ ਨੂੰ ਮਿਲੀ ਹੈ। ਬੜੇ ਉਤਸ਼ਾਹ ਤੇ ਗੁਰੂ ਦੀ ਕ੍ਰਿਪਾ ਨਾਲ ਵੱਡੇ ਪੱਧਰ ਤੇ ਗੁਰੂ ਦਾ ਲੰਗਰਾਂ ਦਾ ਪ੍ਰੰਬਧ ਕੀਤੇ ਗਏ। ਇਹ ਸਭ ਇਹ ਵਰ੍ਹਾ ਦੋ ਮੁਲਕਾਂ ਲਈ ਪਿਆਰ ਦਾ ਸੁਨੇਹਾ ਲੈ ਕੇ ਆਇਆ ਹੈ। ਲਾਂਘਾ ਖੁੱਲ੍ਹਣ ਤੇ ਮਹਿਸੂਸ ਹੋਇਆ ਜਿਵੇਂ ਕਿ ਦੋ ਵਿਛੜੇ ਯਾਰ ਮਿਲ ਗਏ ਹੋਣ।




### ਵਿਰਾਸਤੀ ਖੇਡ

ਵਿਰਾਸਤੀ ਖੇਡ ਗੱਤਕਾ, ਸਿੱਖਾਂ ਦੇ ਮਾਰਸ਼ਲ ਆਖੀ ਜਾਂਦੀ ਹੈ ਇਸ ਖੇਡ ਦੀ ਸ਼ੁਰੂਆਤ ਦਹਾਕੇ ਪਹਿਲਾ ਹੋ ਚੁੱਕੀ ਸੀ ਭਾਵੇ ਕਿ ਇਹ ਖੇਡ ਉਦੋਂ ਵਿੱਦਿਅਕ ਅਦਾਰਿਆਂ ਦਾ ਹਿੱਸਾ ਨਹੀਂ ਸੀ ਪਰੰਤੂ ਯੋਧਿਆ ਸੂਰਬੀਰਾਂ ਲਈ ਇਹ ਖੇਡ ਮੁੱਖ ਹਿੱਸਾ ਹੁੰਦੀ ਸੀ। ਇਹ ਖੇਡ ਆਪਣੇ ਆਪ ਦਾ ਬਚਾਓ ਕਰਨਾ ਤੇ ਦੁਸਮਣ ਦੇ ਵਾਰ ਦਾ ਡੱਟ ਕੇ ਸਾਹਮਣਾ ਕਰਨਾ ਵੀ ਸਿਖ਼ਾਉਂਦੀ ਹੈ ਇਸ ਖੇਡ ਨਾਲ ਸਰੀਰਕ ਫਿੱਟਨੈਸ ਵੀ ਮਿਲਦੀ ਹੈ। ਇਹ ਖੇਡ ਨੂੰ ਵਿੱਦਿਅਕ ਅਦਾਰੇ 'ਚ ਸ਼ਾਮਿਲ ਕਰ ਬੱਚਿਆਂ ਨੂੰ ਇਹ ਖੇਡ ਦੇ ਮਹੱਤਵ ਬਾਰੇ ਭਰਪੂਰ ਜਾਣਕਾਰੀ ਹਾਸਿਲ ਹੋਵੇਗੀ।

ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਸਿੱਖਿਆ ਸਕੱਤਰ ਵਲੋਂ ਲਿਆ ਇਹ ਫ਼ੈਸਲਾ ਸੁਲਾਹਣਯੋਗ ਹੈ ਪੰਜਾਬ ਸਕੂਲ ਸਿੱਖਿਆ ਵਿਭਾਗ ਨੇ ਗੱਤਕਾ ਖੇਡ ਨੀਤੀ 2019 ਦਾ ਹਿੱਸਾ ਬਣਾਉਂਦੇ ਇਸ ਸਾਲ ਇਸ ਨੂੰ ਪ੍ਰਾਇਮਰੀ ਖੇਡ ਮੁਕਾਬਲਿਆਂ 'ਚ ਸ਼ਾਮਲ ਕਰ ਲਿਆ ਹੈ। ਵਿਦਿਆਰਥੀਆਂ ਲਈ ਗੱਤਕਾ ਖੇਡ ਸਵੈ ਗੁਣ ਪੈਦਾ ਕਰਨ ਦੇ ਨਾਲ -ਨਾਲ ਸਰੀਰਕ ਪਾਸੋਂ ਵੀ ਫਿੱਟ ਰਹਿਣ ਲਈ ਕਾਰਗਾਰ ਸਿੱਧ ਹੋਵੇਗਾ । ਉਨ੍ਹਾਂ ਦੇ ਇਸ ਕਦਮ ਨਾਲ ਵਿਰਾਸਤੀ ਖੇਡ ਨਾਲ ਜੁੜਣ ਦਾ ਮਾਣ ਹਾਸਲ ਹੋਇਆ ਹੈ। ਜੋ ਬੱਚਿਆਂ ਲਈ ਬਹੁਤ ਲਾਹੇਵੰਦ ਸਿੱਧ ਹੋਵੇਗਾ ।

ਭਾਰਤ ਇਕ ਅਜਿਹਾ ਦੇਸ਼ ਹੈ ਜਿੱਥੇ ਗੁਰੂਆਂ ਪੀਰਾਂ ਨੇ ਅਵਤਾਰ ਧਾਰਿਆ ਹੈ ।ਪੰਜਾਬ ਇੱਕ ਅਜਿਹਾ ਸੂਬਾ ਹੈ ਜਿੱਥੇ ਗੁਰੂਆਂ ਦੀ ਛੋਹ ਪ੍ਰਾਪਤ ਹੁੰਦੀ ਹੈ। ਅੱਜ ਸਮੇਂ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ ਹੈ ਅਸੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਿਖਾਏ ਰਸਤੇ ਤੇ ਚੱਲ ਵੈਰ ਵਿਰੋਧ ਖ਼ਤਮ ਕਰ ਆਪਸ ਵਿਚ ਭਾਈਚਾਰਾ ਬਣਾ ਇੱਕ ਦੂਜੇ ਨੂੰ ਗਲੇ ਲਗਾਉਣਾ ਸ਼ੁਰੂ ਕਰ ਦਿੱਤਾ ਹੈ। ਇਸ ਵਰ੍ਹੇ ਦੌਰਾਨ ਭਾਵੇਂ ਬਹੁਤ ਸਾਰੇ ਦੁਖ਼ਾਂਤ, ਘਟਨਾਵਾਂ ਨੇ ਮਨ ਨੂੰ ਝੰਜੋੜਿਆ ਹੋਵੇਗਾ ਪ੍ਰੰਤੂ ਕੁਦਰਤ ਦੇ ਅੱਗੇ ਕੋਈ ਕੁੱਝ ਨਹੀਂ ਕਰ ਸਕਦਾ। ਜੇਕਰ ਕੁਝ ਪਲ ਦੁੱਖ ਦੇ ਆਉਂਦੇ ਹਨ ਤਾਂ ਕੁਝ ਪਲ ਖੁਸ਼ੀ ਦੇ ਜ਼ਿੰਦਗੀ 'ਚ ਆਉਣੇ ਹੁੰਦੇ ਲਾਜ਼ਮੀ ਹਨ। ਇਸ ਵਰ੍ਹੇ ਦੌਰਾਨ 550ਸਾਲਾਂ ਨੂੰ ਪ੍ਰਕਾਸ਼ ਪੁਰਬ ਦੇ ਵਿਰਾਸਤੀ ਖੇਡ ਨੂੰ ਮੁੱਖ ਰੱਖਦਿਆ ਇਸ ਯਾਦਗਰ ਯਾਦਗਾਰ ਬਣਾ ਸਕੰਲਪ ਲਈਏ ਕਿ ਆਉਣ ਵਾਲੇ ਸਮੇਂ ਨੂੰ ਹੋਰ ਬਹਿਤਰ ਕਰ ਦਿਖਾਵਾਂਗੇ ਅਤੇ ਗ਼ਲਤ ਜਾਂ ਮਾੜੀਆਂ ਸੰਗਤ ਵਿਚ ਫਸ ਹੋਏ ਹਨ ਇਸ ਨਾਸ਼ਵਾਨ ਦੁਨੀਆਂ ਤੋਂ ਨਿਕਲ ਗੁਰੂ ਨਾਲ ਜੁੜਨ ਦਾ ਯਤਨ ਕਰਨਗੇ ਤਾਂ ਜੋ ਸ੍ਰੀ ਗੁਰੂ ਨਾਨਕ ਦੇ ਜੀ ਦੇ ਦੱਸੇ ਹੋਏ ਪੂਰਨੇ ਤੇ ਚੱਲ ਨਵੇਂ ਸਾਲ ਨੂੰ ਸਫ਼ਲਾ ਕਰ ਸਕੀਏ।

# ਨਵਾਂ ਸਾਲ ਅਤੇ ਸਾਡੇ ਕਰਮ



ਅਵਤਾਰ ਸਿੰਘ ਮਿਸ਼ਨਰੀ
510-432-5827

ਨਵਾਂ ਸਾਲ-ਉਹ ਹਰ ਸਮਾਂ ਹੀ ਨਿੱਤ ਨਵਾਂ ਹੈ ਜੋ-ਸਾਹਿਬ ਮੇਰਾ ਨੀਤਿ ਨਵਾਂ ਸਦਾ ਸਦਾ ਦਾਤਾਰੁ (੬੬੦) ਦੀ ਯਾਦ ਵਿੱਚ ਲੰਘੇ-ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥ ਜਿਤੁ ਦਿਨਿ ਵਿਸਰੇ ਪਾਰਬ੍ਰਹਮੁ ਫਿਟੁ ਭੁਲੇਰੀ ਰੁਤਿ (੩੧੮) ਸੋ ਕੋਈ ਵੀ ਨਿਮਖ, ਪਲ, ਘੜੀ, ਪਹਰ, ਮਹੂਰਤ, ਦਿਨ, ਰਾਤ ਹਫਤਾ, ਮਹੀਨਾ, ਸਾਲ ਅਤੇ ਸਦੀ ਮਾੜਾ ਨਹੀਂ ਸਗੋਂ ਚੰਗੇ ਮਾੜੇ ਸਾਡੇ ਕਰਮ ਹਨ। ਜਿਵੇਂ ਹਰ ਸਾਲ ਬਨਾਸਪਤੀ ਨੂੰ ਨਵੇਂ ਫੁੱਲ ਖਿੜਦੇ ਅਤੇ ਨਵੀਆਂ ਕਰੂੰਬਲਾਂ ਨਿਕਲਦੀਆਂ ਹਨ ਇਵੇਂ ਹੀ ਸਾਡੇ ਹਿਰਦੇ ਵਿੱਚ ਵੀ ਸ਼ੁਭ ਗੁਣਾਂ ਦੇ ਫੁੱਲ ਅਤੇ ਅਗਾਂਹ ਵਧੂ ਵਿਚਾਰਾਂ ਦੀਆਂ ਕਰੂੰਬਲਾਂ ਪੈਦਾ ਹੋਣੀਆਂ ਚਾਹੀਦੀਆਂ ਹਨ। ਜਿਵੇਂ ਕੱਟ ਕੇ ਪਰੂਣੀ ਕੀਤੀ ਵੇਲ ਨੂੰ ਵਧੀਆ ਫਲ ਲੱਗਦੇ ਨੇ ਇਵੇਂ ਹੀ ਬੁਰੇ ਕਰਮ, ਗੰਦੀ ਸੋਚ, ਪਿਛਾਂਹ ਖਿੱਚੂ ਪੁਰਾਣੇ ਤੇ ਬੋਸੇ ਵਿਚਾਰ ਜੋ ਭਰਮ-ਗਿਆਨੀਆਂ, ਮਿਥਿਹਾਸਕ ਗ੍ਰੰਥਾਂ ਅਤੇ ਮਨਮਤਿ ਰਾਹੀਂ ਸਾਡੇ ਹਿਰਦੇ-ਦਿਲ, ਦਿਮਾਗ ਵਿੱਚ ਪਾ ਅਤੇ ਅਮਰਵੇਲ ਵਾਂਗ ਉੱਪਰ ਚੜ੍ਹਾ ਦਿੱਤੇ ਨੇ, ਉਨ੍ਹਾਂ ਨੂੰ ਗੁਰੂ ਸ਼ਬਦ ਗਿਆਨ ਦੇ ਨਸ਼ਤ੍ਰ ਨਾਲ ਕੱਟ ਛੱਟ ਕੇ ਹਰ ਸਾਲ ਪਰੂਣੀ ਕਰਨ ਦੀ ਲੋੜ ਹੈ ਤਾਂ ਕਿ ਸ਼ੁਭ ਗੁਣਾਂ ਅਤੇ ਸਰਬ ਪ੍ਰਵਾਣਤ ਅਗਾਂਹ ਵਧੂ ਉਸਾਰੂ ਵਿਚਾਰਾਂ ਦੇ ਚੰਗੇ ਫਲ ਲੱਗ ਸੱਕਣ। ਜਿਵੇਂ ਹਰੇਕ ਕਾਰੋਬਾਰ ਭਾਵ ਕਿਰਤ ਕਮਾਈ ਕਰਨ ਵਾਲਾ ਇਨਸਾਨ ਲਾਭ ਵਾਸਤੇ ਕੰਮ ਕਰਦਾ ਹੈ। ਹਰ ਸਾਲ ਦੇ ਅਖੀਰ ਤੇ ਲੇਖਾ ਜੋਖਾ ਕਰਦੈ ਕਿ ਕਿੰਨ੍ਹਾ ਲਾਭ, ਘਾਟਾ, ਅਤੇ ਖਰਚਾ ਹੋਇਆ? ਮੈਂ ਅੱਗੇ ਕਿਵੇਂ ਕਰਨਾ ਹੈ? ਇਵੇਂ ਹਿਸਾਬ ਕਿਤਾਬ ਰੱਖਣਵਾਲਾ ਇਨਸਾਨ ਹਾਨ-ਲਾਭ ਬਾਰੇ ਸੋਚ ਕੇ ਆਪਣੀ ਦੁਨੀਆਵੀ ਜ਼ਿੰਦਗੀ ਹੋਰ ਚੰਗੀ ਬਣਾਉਣ ਦੀ ਕੋਸ਼ਿਸ਼ ਕਰਦੈ ਪਰ ਬੇਹਿਸਾਬਾ ਵਿਅਕਤੀ ਹਮੇਸ਼ਾਂ ਘਾਟੇ ਵਿੱਚ ਰਹਿੰਦਾ ਅਤੇ ਸੰਸਾਰੀ ਵੀ ਉਸ ਦੀ ਇਜ਼ਤ ਨਹੀਂ ਕਰਦੇ। ਇਵੇਂ ਹੀ ਸਿੱਖ ਨੇ ਵੀ ਇਹ ਲੇਖਾ ਜੋਖਾ ਕਰਨੈ ਕਿ ਮੈ ਹੁਣ ਤੱਕ "ਸ਼ਬਦ ਗੁਰੂ ਗ੍ਰੰਥ" ਸਿੱਖ ਰਹਿਤ ਮਰਯਾਦਾ, ਫਿਲੌਸਫੀ ਅਤੇ ਇਤਿਹਾਸ ਤੋਂ ਕੀ ਸਿਖਿਆ ਹੈ? ਸਿੱਖ ਦੇ ਅਰਥ ਹੀ ਸਿਖਿਆਰਥੀ ਨੇ ਜੋ ਹਮੇਸ਼ਾ ਸਿੱਖਦਾ ਰਹਿੰਦਾ ਹੈ। ਹਰੇਕ ਸਿੱਖ ਨੂੰ ਗੁਰਬਾਣੀ ਦਾ ਆਪ ਪਾਠ ਕਰਨਾ, ਅਰਥ ਸਿੱਖਣੇ ਅਤੇ ਕਮਉਣੇ ਚਾਹੀਦੇ ਹਨ। ਸਿੱਖ ਰਹਿਤ ਮਰਯਾਦਾ, ਸਿੱਖ ਫਿਲੌਸਫੀ ਅਤੇ ਇਤਿਹਾਸ ਆਪ ਪੜਦੇ ਜਾਂ ਸੁਣਦੇ ਰਹਿਣਾ ਚਾਹੀਦਾ ਹੈ। ਭੇਖੀ ਸਾਧਾਂ-ਸੰਤਾਂ, ਸੰਪ੍ਰਦਾਈਆਂ ਅਤੇ ਪੁਜਾਰੀਆਂ ਤੇ ਹੀ ਨਿਰੀ ਟੇਕ ਨਹੀਂ ਰੱਖਣੀ ਚਾਹੀਦੀ ਜੋ ਜੋਕਾਂ ਵਾਂਗ ਸਿੱਖ ਕੌਮ ਦਾ ਖੂਨ ਪੀਂਦੇ ਹੋਏ ਕੌਮ ਵਿੱਚ ਵਹਿਮ-ਭਰਮ, ਫੋਕਟ-ਕਰਮਕਾਂਡ, ਸੁੱਚ-ਭਿੱਟ, ਛੂਆ-ਛਾਤ ਅਤੇ ਜਾਤ-ਪਾਤ ਆਦਿ ਫਲਾ ਰਹੇ ਹਨ। ਜਿਨ੍ਹਾਂ ਨੇ ਅਗਾਂਹ ਵਧੂ ਸਿੱਖੀ ਨੂੰ ਪੱਥਰ ਯੁੱਗ ਦਾ ਧਰਮ ਬਣਾਉਣ ਵਿੱਚ ਕੋਈ ਕਸਰ ਨਹੀਂ ਛੱਡੀ। ਜੋ ਬ੍ਰਾਹਮਣੀ ਗ੍ਰੰਥਾਂ ਦੀਆਂ ਬੇ-ਫਜ਼ੂਲ ਮਿਥਿਹਾਸਕ ਕਥਾ-ਕਹਾਣੀਆਂ, ਗੁਰਦੁਆਰਿਆਂ ਵਿੱਚ ਸੁਣਾ-ਸੁਣਾ ਕੇ, ਸਿੱਖੀ ਦਾ ਬ੍ਰਾਹਮਣੀਕਰਨ ਕਰੀ ਜਾ ਰਹੇ ਹਨ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਅਖੌਤੀ ਦਸਮ ਗ੍ਰੰਥ ਵਰਗੇ ਅਸ਼ਲੀਲ ਗੰਦੀ ਕਵਿਤਾ ਵਾਲੇ ਗ੍ਰੰਥ ਨੂੰ, ਹਿੱਕ ਦੇ ਜੋਰ ਨਾਲ ਪ੍ਰਕਾਸ਼ ਕਰਕੇ, ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਮਹਾਨਤਾ ਘਟਾ ਕੇ, ਸਿੱਖ ਸਿਧਾਤਾਂ ਦੀਆਂ ਜੜ੍ਹਾਂ ਵੱਢ ਰਹੇ ਹਨ।

**ਨਵੇਂ ਸਾਲ ਵਿੱਚ ਕਰਨ ਤੇ ਛੱਡਣਯੋਗ ਕਰਮ**

ਆਓ ਨਵੇਂ ਸਾਲ ਤੇ ਪ੍ਰਣ ਕਰੀਏ ਕਿ ਅਸੀਂ ਔਗੁਣਾਂ ਦਾ ਤਿਆਗ ਕੇ ਸ਼ੁਭ ਗੁਣ ਧਾਰਨ ਕਰਾਂਗੇ। ਧਰਮ ਦੀ ਕਿਰਤ ਕਰਦੇ ਵੰਡ ਛਕਦੇ, ਅਕਾਲ ਪੁਰਖ ਦਾ ਨਾਮ ਜਪਾਂਗੇ। ਗੁਰਬਾਣੀ ਆਪ ਪੜ੍ਹਦੇ-ਪੜ੍ਹਾਂਦੇ, ਗਾਂਦੇ, ਵਿਚਾਰਦੇ ਅਤੇ ਧਾਰਦੇ ਹੋਏ ਹੋਰਨਾਂ ਨੂੰ ਵੀ ਸਿਖਾਉਂਦੇ, ਨਿਰਾ ਸਾਰੀ ਉਮਰ ਪਾਠੀਆਂ ਤੋਂ ਪਾਠ ਹੀ ਨਹੀਂ ਕਰਾਈ ਜਾਵਾਂਗੇ। ਹਰ ਗੁਰਦੁਆਰੇ ਨਾਲ ਲਾਇਬ੍ਰੇਰੀ, ਸਕੂਲ, ਕਾਲਜ ਆਦਿਕ ਖੋਲਾਂਗੇ ਜਿੱਥੇ ਦਨਿਆਵੀ ਵਿਦਿਆ ਦੇ ਨਾਲ-ਨਾਲ ਧਾਰਮਿਕ ਵਿਦਿਆ ਵੀ ਪ੍ਰਾਪਤ ਕੀਤੀ ਜਾ ਸਕੇ। ਗੁਰਦੁਆਰਿਆਂ, ਧਰਮ-ਅਸਥਾਨਾਂ ਵਿੱਚ ਪੜ੍ਹੇ ਲਿਖੇ ਯੋਗ ਪ੍ਰਚਾਰਕਾਂ ਅਤੇ ਰਾਗੀ ਗ੍ਰੰਥੀਆਂ ਨੂੰ ਭਰਤੀ ਕਰਾਂਗੇ, ਜੋ ਸ਼ਬਦ ਗੁਰੂ ਗ੍ਰੰਥ ਸਾਹਿਬ ਦੀ ਨਿਰੋਲ ਬਾਣੀ ਦੀ ਮਰਯਾਦਾ ਦੇ ਧਾਰਨੀ ਪ੍ਰਚਾਰਕ ਹੋਣ ਅਤੇ ਕਥਾ ਕੀਰਤਨ ਵਿੱਚ ਬ੍ਰਾਹਮਣੀ ਕਥਾ ਕਹਾਣੀਆਂ ਸੁਣਾ-ਸੁਣਾ ਕੇ ਸਿੱਖੀ ਦਾ ਭਗਵਾਕਰਨ ਨਾਂ ਕਰਨ। ਪੰਥ ਤੋਂ ਬਗੈਰ, ਕਿਸੇ ਭੇਖੀ ਸਾਧ-ਸੰਤ ਸੰਪ੍ਰਦਾਈ ਨੂੰ, ਮਾਨਤਾ ਨਹੀਂ ਦੇਵਾਂਗੇ ਅਤੇ ਨਾਂ ਹੀ ਆਪਣੇ ਜਾਂ ਆਪਣੇ ਤੋਂ ਵੱਡੀ ਕਿਸੇ ਵੀ ਹਸਤੀ ਦੇ ਨਾਂ ਦੇ ਅੱਗੇ-ਪਿਛੇ ਸੰਤ ਸ਼ਬਦ ਵਰਤਾਂਗੇ ਸਗੋਂ ਗੁਰੂ ਸਾਹਿਬ ਦੇ ਦਿੱਤੇ ਹੋਏ ਉਪਨਾਮ ਭਾਈ, ਬਾਬਾ, ਸਿੰਘ, ਕੌਰ ਅਤੇ ਸਰਦਾਰ ਆਦਿਕ ਸ਼ਬਦਾਂ ਦੀ ਵਰਤੋਂ ਕਰਾਂਗੇ। ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਬਰਾਬਰ ਕਿਸੇ ਵੀ ਪੋਥੀ ਜਾਂ ਅਖੌਤੀ ਦਸਮ ਗ੍ਰੰਥ ਆਦਿ ਦਾ ਪ੍ਰਕਾਸ਼ ਨਹੀਂ ਕਰਾਂਗੇ ਅਤੇ ਨਾਂ ਹੀ ਕਿਸੇ ਦੋਖੀ ਨੂੰ ਕਰਨ ਦੇਵਾਂਗੇ। ਨੋਟ-ਡੇਰੇਦਾਰ ਤੇ ਟਕਸਾਲੀ ਅਜਿਹਾ ਅਨਰਥ ਸ਼ਰੇਆਮ ਕਰ ਰਹੇ ਹਨ।




ਸਿੱਖ ਗੁਰਦੁਆਰਿਆਂ ਤੇ ਆਪਣੇ ਘਰਾਂ ਵਿੱਚੋਂ ਕੁੰਭ, ਨਾਰੀਅਲ, ਜੋਤਾਂ, ਮੌਲੀਆਂ, ਹਵਨਨੁਮਾਂ ਗੁਗਲ ਦੀਆਂ ਧੂਫਾਂ ਅਤੇ ਹਵਨ ਸਮੱਗਰੀਆਂ ਕੱਢਾਂਗੇ। ਸ਼ਬਦ ਗੁਰੂ ਗ੍ਰੰਥ ਸਹਿਬ ਦੇ ਪਾਠ ਨਾਲ ਇਹ ਸਾਰੀ ਬ੍ਰਾਹਮਣੀ ਪੂਜਾ ਸਮੱਗਰੀ ਨਹੀਂ ਰੱਖਾਂਗੇ ਅਤੇ ਨਾਂ ਹੀ ਕਿਸੇ ਨੂੰ ਰੱਖਣ ਦਿਆਂਗੇ। ਮਾਰੂ ਨਸ਼ਿਆਂ ਦਾ ਤਿਆਗ ਕਰਦੇ ਹੋਏ ਜਨਤਾ ਨੂੰ ਇਸ ਬਾਰੇ ਜਾਗਰੂਕ ਕਰਾਂਗੇ ਕਿਉਂਕਿ ਨਸ਼ਿਆਂ ਨਾਲ ਜਿੱਥੇ ਧੰਨ ਬਰਬਾਦ ਹੁੰਦਾ, ਬੇਇਜ਼ਤੀ ਹੁੰਦੀ, ਭਿਆਨਕ ਰੋਗ ਲਗਦੇ ਓਥੇ ਮਤਿ ਵੀ ਮਾਰੀ ਜਾਂਦੀ ਹੈ-ਜਿਤੁ ਪੀਤੈ ਮਤਿ ਦੂਰਿ ਹੋਏ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥ .....ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥(੫੫੪)

ਔਰਤ ਦਾ ਮਰਦ ਦੇ ਬਰਾਬਰ ਸਨਮਾਨ ਤੇ ਧੀਆਂ ਦੀ ਭਰੂਣ ਹਤਿਆ ਨਹੀਂ ਕਰਾਂਗੇ ਕਿਉਂਕਿ ਇਹ ਮਾਨ ਸਿੱਖ ਕੌਮ ਦੇ ਬਾਨੀ ਬਾਬਾ ਗੁਰੂ ਨਾਨਕ ਸਾਹਿਬ ਨੇ ਬਖਸ਼ਦਿਆਂ ਫੁਰਮਾਇਆ-ਸੋ ਕਿਉਂ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ (੪੭੩) ਜੇ ਮਰਦ ਗੁਰਬਾਣੀ ਦਾ ਪਾਠ ਕਥਾ ਕੀਰਤਨ ਗੁਰੂ ਘਰ ਦੀ ਹਰੇਕ ਪ੍ਰਕਾਰ ਸੇਵਾ ਕਰ ਸਕਦੈ ਤਾਂ ਔਰਤ ਵੀ ਇਹ ਸਭ ਕੁਝ ਕਰ ਸਕਦੀ ਹੈ। ਧਿਆਨ ਦਿਓ! ਸੰਪ੍ਰਦਾਈ ਤੇ ਕੇਸਾਧਾਰੀ ਬ੍ਰਾਹਮਣੀ ਟੋਲੇ ਅਜੋਕੇ ਸਿੰਘ ਸਹਿਬਾਨ ਰੂਪੀ ਆਦਿਕ ਅਖੌਤੀ ਆਗੂਆਂ ਨੇ ਬ੍ਰਹਾਮਣਾਂ ਵਾਂਗ ਹੀ ਸਿੱਖ ਔਰਤਾਂ ਤੇ ਵੀ ਅਜਿਹੀ ਮੰਨੂਵਾਦੀ ਪਾਬੰਦੀ ਲਾ ਰੱਖੀਐ ਜਿਸ ਨੂੰ ਰਲ ਕੇ ਤੋੜਾਂਗੇ ਕਿਉਂਕਿ ਗੁਰੂ ਅਮਰਦਾਸ ਸਾਹਿਬ ਜੀ ਨੇ ਵੀ ਬੀਬੀਆਂ ਨੂੰ ੫੨ ਪੀਹੜੇ ਬਖਸ਼ੇ ਸਨ। ਸਿੱਖ ਧਰਮ ਦੇ ਦਰਵਾਜੇ ਸਭ ਮਾਈ ਭਾਈ ਲਈ ਖੁਲ੍ਹੇ ਰੱਖਾਂਗੇ ਕਿਉਂਕਿ-ਸਭੇ ਸਾਂਝੀਵਾਲ ਸਦਾਇਨਿ (੯੭) ਅਤੇ ਉਪਦੇਸੁ ਚਹੁ ਵਰਨਾ ਕਉ ਸਾਂਝਾ (੭੪੭) ਵੱਧ ਤੋਂ ਵੱਧ ਬੋਲੀਆਂ (ਭਾਸ਼ਾਵਾਂ) ਵਿੱਚ ਗੁਰਬਾਣੀ, ਸਿੱਖ ਇਤਿਹਾਸ ਅਤੇ ਫਿਲੌਸਫੀ (ਸਿਧਾਂਤ) ਆਦਿਕ ਦਾ ਪ੍ਰਚਾਰ ਬੜੀ ਫਰਾਕ ਦਿਲੀ ਨਾਲ ਕਰਾਂਗੇ। ਇਹ ਸਭ ਗੁਰੂ ਦੀ ਗੋਲਕ ਨਾਲ ਅਤੇ ਸਿੱਖਾਂ ਦੇ ਦਸਵੰਧ ਨਾਲ ਹੋ ਸਕਦਾ ਹੈ। ਅੱਜ ਕੱਲ੍ਹ ਅਖਬਾਰਾਂ, ਰਸਾਲੇ, ਫੇਸ ਬੁੱਕ, ਸੀਡੀਆਂ, ਟੀ.ਵੀ., ਮੂਵੀਆਂ ਅਤੇ ਈਮੇਲ ਇੰਟ੍ਰਨੈਟ ਆਦਿਕ ਦਾ ਜੁੱਗ ਹੈ। ਇਸ ਸਭ ਪ੍ਰਕਾਰ ਦੇ ਮੀਡੀਏ ਰਾਹੀਂ ਸਿੱਖੀ ਦਾ ਪ੍ਰਚਾਰ ਕਰਾਂਗੇ, ਇਸ ਨੂੰ ਗੁਰਬਾਣੀ ਦਾ ਪ੍ਰਚਾਰ ਸਮਝਾਂਗੇ ਨਾ ਕਿ ਬੇਅਦਬੀ।

ਕੁਝ ਸਵੇਦ-ਨਸ਼ੀਲ ਮਸਲੇ ਜਿਵੇਂ ਰਾਗ ਮਾਲਾ, ਅਖੌਤੀ ਦਸਮ ਗ੍ਰੰਥ, ਸਿੱਖ ਬੀਬੀਆਂ ਦੀ ਸ੍ਰੀ ਦਰਬਾਰ ਸਾਹਿਬ ਵਿਖੇ ਕੀਰਤਨ ਅਤੇ ਪੰਜਾਂ ਪਿਆਰਿਆਂ ਵਿੱਚ ਲੱਗਨ ਦੀ ਸੇਵਾ, ਗੁਰਦੁਆਰਿਆਂ ਵਿੱਚ ਸਿੱਖ ਰਹਿਤ ਮਰਯਾਦਾ ਅਤੇ ਅਸਲੀ ਨਾਨਕਸ਼ਾਹੀ ਕੈਲੰਡਰ ਲਾਗੂ ਕਰਨਾਂ ਆਦਿਕ ਨੂੰ ਫੌਰਨ ਬੜੀ ਦ੍ਰਿੜਤਾ ਅਤੇ ਸੁਹਿਰਦਤਾ ਨਾਲ, ਨਿਕਟ ਭਵਿੱਖ ਵਿੱਚ ਹੱਲ ਕਰਾਂਗੇ ਨੋਟ (ਮਰਯਾਦਾ ਚੋਂ ਭਗਾਉਤੀ=ਦੁਰਗਾ ਖੂੰਖਾਰ ਕਲਪਿਤ ਦੇਵੀ ਦੀ ਅਰਾਧਨਾ ਅਰਦਾਸ ਚੋਂ ਦ੍ਰਿੜਤਾ ਨਾਲ ਛੱਡਾਂਗੇ। ਆਏ ਦਿਨ ਸਾਧਾਂ ਸੰਪ੍ਰਦਾਈਆਂ ਦੇ ਦਬਾਅ ਥੱਲੇ ਆ ਕੇ, ਅਖੌਤੀ ਜਥੇਦਾਰਾਂ ਵਲੋਂ, ਪੰਥਕ ਵਿਦਵਾਨਾਂ ਨੂੰ ਪੰਥ ਵਿੱਚੋ ਛੇਕਣਾ ਅਤੇ ਛੇਕਣ ਦੀਆਂ ਧਮਕੀਆਂ ਦੇਣ ਦੀ ਬਜਾਏ ਸਗੋਂ ਵਿਚਾਰ ਗੋਸ਼ਟੀਆਂ ਦਾ ਸਿਲਸਿਲਾ ਚਲਾ ਕੇ, ਵਿਚਾਰ ਵਿਟਾਂਦਰੇ ਅਤੇ ਪ੍ਰੇਮ ਪਿਆਰ ਰਾਹੀਂ ਮਸਲੇ ਹੱਲ ਕਰਾਂਗੇ।

ਪੰਥਕ ਅਖ਼ਬਾਰਾਂ, ਰਸਾਲੇ, ਰੇਡੀਓ, ਲਿਖਾਰੀ ਅਤੇ ਜੋ ਅਦਾਰੇ ਸ਼ਬਦ ਗੁਰੂ ਗ੍ਰੰਥ ਸਹਿਬ ਦੀ ਵਿਚਾਰਧਾਰਾ ਅਤੇ ਗੁਰੂ ਸਿਧਾਂਤਾਂ ਵਾਲੀ ਸਿੱਖ ਰਹਿਤ ਮਰਯਾਦਾ ਦਾ ਡਟ ਕੇ ਪ੍ਰਚਾਰ ਕਰਦੇ ਨੇ, ਉਨ੍ਹਾਂ ਦੀ ਹਰ ਤਰ੍ਹਾਂ ਮਦਦ ਕਰਾਂਗੇ।

ਮਰਯਾਦਾ ਵਿੱਚ ਕਰਨਣੋਗ ਤਬਦੀਲੀਆਂ ਸ਼ਬਦ ਗੁਰੂ ਗ੍ਰੰਥ ਦੀ ਸਿਧਾਂਤਕ ਕਸਵਟੀ ਤੇ ਕਰਾਂਗੇ। ਜੋ ਡੇਰੇ ਜਾਂ ਗੁਰਦੁਆਰੇ ਗੁਰ ਮਰਯਾਦਾ ਨੂੰ ਨਹੀਂ ਮੰਨਦੇ ਓਥੇ ਜਾਣਾ ਅਤੇ ਖੂਨ ਪਸੀਨੇ ਦੀ ਕੀਤੀ ਕਮਾਈ ਚੋਂ ਭੇਟਾ ਚੜਾਉਣੀ ਬੰਦ ਕਰਾਂਗੇ ਜੋ ਕੌਮੀ ਪੈਸੇ ਦੀ ਦੁਰਵਰਤੋਂ ਕਰ ਰਹੇ ਹਨ।

ਨੋਟ-ਛੁੱਟੀਆਂ ਜਾਂ ਜਦੋਂ ਵੀ ਵਿਹਲ ਮਿਲੇ ਇਸਾਈ ਮਿਸ਼ਨਰੀਆਂ ਦੀ ਤਰ੍ਹਾਂ ਡੋਰ-ਟੂ-ਡੋਰ, ਹਰੇਕ ਮਾਈ ਭਾਈ ਪ੍ਰਚਾਰ ਕਰੇ ਅਤੇ ਗੁਰਮਤਿ ਸਬੰਧੀ ਵਧੀਆ ਲਿਟ੍ਰੇਚਰ ਵੰਡਿਆ ਜਾਵੇ। ਜੇ ਅਜਿਹਾ ਕਰਦੇ ਹਾਂ ਤਾਂ ਨਵਾਂ ਸਾਲ ਮੁਬਾਰਕ ਤੇ ਭਾਗਾਂਵਾਲਾ ਹੋ ਸਕਦੈ ਵਰਨਾਂ ਰਸਮੀ ਪਾਠ, ਕੀਰਤਨ, ਕਥਾ, ਢਾਡੀ ਦਰਬਾਰਾਂ, ਵੰਨ ਸੁਵੰਨੇ ਲੰਗਰ ਅਤੇ ਡੈਕੋਰੇਸ਼ਨਾਂ ਦਾ ਸਮੇਂ ਅਤੇ ਧੰਨ ਦੀ ਬਰਬਾਦੀ ਤੋਂ ਬਿਨਾ, ਕੋਈ ਬਹੁਤਾ ਫਾਇਦਾ ਨਹੀਂ ਹੋਣਾ, ਜਿਨ੍ਹਾਂ ਚਿਰ ਗੁਰੂ ਬਾਬਾ ਨਾਨਕ ਜੀ ਦੀ ਸੱਚੀ ਸੁੱਚੀ ਤੇ ਵਿਗਿਆਨਕ ਵਿਚਾਰਧਾਰਾ ਨੂੰ ਨਹੀਂ ਅਪਨਾਉਂਦੇ ਅਤੇ ਉਸ ਦਾ ਪ੍ਰਚਾਰ ਅਮਲੀ ਰੂਪ ਵਿੱਚ ਨਹੀਂ ਕਰਦੇ। ਪੁਜਰੀਵਾਦ, ਸਾਧਵਾਦ, ਭੇਖਵਾਦ, ਸੁੱਚ-ਭਿਟ, ਭਰਮ ਅਤੇ ਪਾਖੰਡਵਾਦ ਤੋਂ ਗੁਰੂ ਗਿਆਨ ਆਸਰੇ ਬਚ ਜਾਈਏ ਅਤੇ (ਏਕੁ ਪਿਤਾ ਏਕਸ ਕੇ ਹਮ ਬਾਰਿਕ-(੬੧੨) ਦਾ ਗੁਰੂ ਸਿਧਾਂਤ ਅਪਣਾ ਲਈਏ ਤਾਂ ਨਵਾਂ ਸਾਲ ਮੁਬਾਰਕ ਹੈ।






# ਸਾਕਾ ਸਰਹਿੰਦ



ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਫੌਜੀ ਤਾਕਤ ਤੋਂ ਪਹਾੜੀ ਰਾਜੇ ਤੇ ਮੁਗਲ ਭੈਅ-ਭੀਤ ਸਨ। ਉਹਨਾਂ 1701 ਈ: ਨੂੰ ਆਨੰਦਪੁਰ ਸਾਹਿਬ 'ਤੇ ਹਮਲਾ ਕੀਤਾ। ਸਿੰਘ ਵੈਰੀਆਂ ਦਾ ਮੁਕਾਬਲਾ ਡਟ ਕੇ ਕਰਦੇ ਰਹੇ। ਅੰਤ 1704 ਈ: ਨੂੰ ਵੈਰੀਆਂ ਨੇ ਆਨੰਦਗੜ੍ਹ ਕਿਲ੍ਹੇ ਨੂੰ ਘੇਰ ਲਿਆ। ਉਹਨਾਂ ਜਾਣ ਲਿਆ ਕਿ ਸਿੰਘਾਂ ਤੋਂ ਜਬਰੀ ਕਿਲਾ ਖਾਲੀ ਨਹੀਂ ਕਰਵਾਇਆ ਜਾ ਸਕਦਾ। ਵੈਰੀਆਂ ਨੇ ਆਪਣੇ ਧਰਮਾਂ ਦੀਆਂ ਕਸਮਾਂ ਖਾ ਕੇ ਕਿਹਾ ਕਿ ਜੇਕਰ ਗੁਰੂ ਜੀ ਆਨੰਦਪੁਰ ਛੱਡ ਦੇਣ ਤਾਂ ਉਹਨਾਂ ਨੂੰ ਸੁਰੱਖਿਅਤ ਜਾਣ ਦਿੱਤਾ ਜਾਵੇਗਾ। ਗੁਰੂ ਜੀ ਨੇ 20-21 ਦਸੰਬਰ 1704 ਦੀ ਕਕਰੀਲੀ ਰਾਤ ਨੂੰ ਆਨੰਦਪੁਰ ਛੱਡ ਦਿੱਤਾ। ਉਹਨਾਂ ਦੇ ਨਾਲ ਲੱਗਭੱਗ 400 ਸਿੰਘ, ਚਾਰ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਸਨ। ਜਦੋਂ ਸਿਰਸਾ ਨਦੀ ਤੇ ਪਹੁੰਚੇ ਤਾਂ ਵੈਰੀਆਂ ਨੇ ਕਾਫਲੇ ਤੇ ਹੱਲਾ ਬੋਲ ਦਿੱਤਾ। ਸਿੰਘ ਮੈਦਾਨ ਵਿਚ ਡਟ ਗਏ। ਇੱਥੇ ਘਮਸਾਨ ਦਾ ਯੁੱਧ ਹੋਇਆ। ਸਿੰਘਾਂ ਨੇ ਦੋ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਨੂੰ ਪਾਰ ਲੰਘਾ ਦਿੱਤਾ। ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਪਰਿਵਾਰ ਤੋਂ ਵਿੱਛੜ ਗਏ। ਇੱਥੇ ਗੁਰਦੁਆਰਾ 'ਪਰਿਵਾਰ ਵਿਛੋੜਾ' ਸੁਸ਼ੋਭਿਤ ਹੈ। ਗੁਰੂ ਜੀ ਨਾਲ ਦੋ ਵੱਡੇ ਸਾਹਿਬਜ਼ਾਦੇ ਅਤੇ 40 ਸਿੰਘ ਚਮਕੌਰ ਵੱਲ ਚਲੇ ਗਏ, ਜਿੱਥੇ ਚਮਕੌਰ ਦਾ ਯੁੱਧ ਹੋਇਆ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਘਰ ਦਾ ਰਸੋਈਆ ਗੰਗੂ ਮਾਤਾ ਗੁਜਰੀ ਜੀ ਅਤੇ ਦੋ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਨੂੰ ਆਪਣੇ ਪਿੰਡ ਸਹੇੜੀ (ਮੋਰਿੰਡਾ) ਲੈ ਗਿਆ। ਰਾਤ ਉਸਦਾ ਮਨ ਬੇਈਮਾਨ ਹੋ ਗਿਆ, ਉਸਨੇ ਮਾਤਾ ਜੀ ਦਾ ਸਾਰਾ ਧਨ ਅਤੇ ਗਹਿਣੇ ਚੋਰੀ ਕਰ ਲਏ। ਮਾਤਾ ਜੀ ਨੇ ਜਦ ਸਵੇਰ ਹੋਈ, ਚੋਰੀ ਬਾਰੇ ਪੁੱਛਿਆ ਤਾਂ ਉਹ ਆਪਣੀ ਚੋਰੀ ਛੁਪਾਉਣ ਲਈ ਖਹਿਬੜ ਪਿਆ। ਹੋਰ ਲਾਲਚ ਵਿਚ ਸਰਕਾਰ ਤੋਂ ਇਨਾਮ ਪ੍ਰਾਪਤ ਕਰਨ ਲਈ ਪਰਿਵਾਰ ਦੀ ਦੱਸ ਪਾਉਣ ਲਈ ਮੋਰਿੰਡੇ ਦੇ ਕੋਤਵਾਲ ਨੂੰ ਜਾ ਦੱਸਿਆ। 23 ਦਸੰਬਰ 1704 ਨੂੰ ਮੋਰਿੰਡਾ ਪੁਲਿਸ ਦੇ ਜਾਨੀ ਖਾਂ ਤੇ ਮਾਨੀ ਖਾਂ ਨੇ ਪਰਿਵਾਰ ਨੂੰ ਗ੍ਰਿਫ਼ਤਾਰ ਕਰਕੇ ਸਰਹਿੰਦ ਦੇ ਸੂਬੇਦਾਰ ਵਜ਼ੀਰ ਖਾਂ ਦੇ ਹਵਾਲੇ ਕਰ ਦਿੱਤਾ। ਸੂਬੇਦਾਰ ਨੇ ਤਿੰਨਾਂ ਨੂੰ ਸਰਹਿੰਦ ਕਿਲ੍ਹੇ ਦੇ ਠੰਢੇ ਬੁਰਜ ਵਿਚ ਕੈਦ ਕਰ ਲਿਆ। ਪੋਹ ਦੀ ਠੰਢੀ ਰਾਤ ਨੂੰ ਉਹਨਾਂ ਨੂੰ ਸਰਕਾਰੀ ਤਸ਼ੱਦਦ ਝੱਲਣਾ ਪਿਆ। ਹਕੂਮਤ ਦੀ ਸਖ਼ਤੀ ਪੱਸਰ ਚੁੱਕੀ ਸੀ। ਸ਼ਰਧਾਲੂ ਬਾਬਾ ਮੋਤੀ ਰਾਮ ਮਹਿਰਾ ਨੇ ਆਪਣੀ ਜਾਨ ਜੋਖਿਮ ਵਿਚ ਪਾ ਕੇ ਗਰਮ ਦੁੱਧ ਦੀ ਸੇਵਾ ਕੀਤੀ, ਜਿਸਦੀ ਸਜ਼ਾ ਵਿਚ ਭਾਈ ਸਾਹਿਬ ਨੂੰ ਬਣੇ ਪਰਿਵਾਰ ਕੋਹਲੂ ਵਿਚ ਪੀੜ ਕੇ ਸ਼ਹੀਦ ਕੀਤਾ।

24 ਦਸੰਬਰ 1704 ਨੂੰ ਸੂਬੇਦਾਰ ਵਜ਼ੀਰ ਖਾਂ ਦੀ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ ਪੂਰੇ ਹੌਸਲੇ ਅਤੇ ਚੜ੍ਹਦੀਕਲਾ ਵਿਚ ਪੇਸ਼ ਹੋਏ। ਸਾਹਿਬਜ਼ਾਦਿਆਂ ਨੂੰ ਝੂਠਾ ਡਰਾਵਾ ਦਿੱਤਾ ਕਿ ਉਹਨਾਂ ਦੇ ਗੁਰਪਿਤਾ ਚਮਕੌਰ ਦੇ ਯੁੱਧ ਵਿਚ ਸ਼ਹੀਦ ਹੋ ਗਏ ਹਨ। ਹੁਣ ਤੁਸੀਂ ਤਦ ਹੀ ਬਚ ਸਕਦੇ ਹੋ ਕਿ ਇਸਲਾਮ ਕਬੂਲ ਕਰ ਲਓ। ਸਾਹਿਬਜ਼ਾਦਿਆਂ ਨੇ ਬੜੀ ਦ੍ਰਿੜ੍ਹਤਾ ਨਾਲ ਉਤਰ ਦਿੱਤਾ ਕਿ ਆਪਣਾ ਧਰਮ ਬਚਾਉਣ ਲਈ ਉਹਨਾਂ ਨੂੰ ਆਪਣੀ ਜਾਨ ਦੀ ਕੋਈ ਪਰਵਾਹ ਨਹੀਂ ਹੈ। ਸਾਨੂੰ ਆਪਣੇ ਧਰਮ ਲਈ ਦਿੱਤੀਆਂ ਕੁਰਬਾਨੀਆਂ ਤੇ ਮਾਣ ਹੈ। ਉਪਰੋਂ ਦਾਦੀ ਮਾਂ ਗੁਜਰੀ ਦਾ ਦਿੱਤਾ ਹੌਸਲਾ ਸਾਡੇ ਨਾਲ ਹੈ। ਅਸੀਂ ਧਰਮ ਦੀ ਸ਼ਾਨ ਉੱਚੀ ਰੱਖਣੀ ਹੈ। ਹਕੂਮਤ ਦੇ ਅਹਿਲਕਾਰਾਂ ਨੇ ਵੀ ਕਿਹਾ ਕਿ ਨਵਾਬ ਅੱਗੇ ਝੁਕਣ ਅਤੇ ਇਸਲਾਮ ਕਬੂਲ ਕਰਨ ਲਈ ਪ੍ਰੇਰਿਆ। ਉਹਨਾਂ ਕਈ ਤਰ੍ਹਾਂ ਦੇ ਲਾਲਚ ਵੀ ਦਿੱਤੇ ਗਏ। ਸ਼ਾਹੀ ਠਾਠ ਬਾਠ ਦਾ ਸੁਪਨਾ ਵਿਖਾਇਆ। ਪਰ ਸਾਹਿਬਜ਼ਾਦੇ ਅਡੋਲ ਰਹੇ ਬੜੀ ਦਲੇਰੀ ਨਾਲ ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰ ਦਿੱਤਾ। ਸੂਬੇਦਾਰ ਨੇ ਸੋਚਿਆ ਕਿ ਸਾਹਿਬਜ਼ਾਦੇ ਅੱਜ ਦੀ ਕਾਰਵਾਈ ਤੋਂ ਡਰ ਜਾਣਗੇ, ਸਹਿਮ ਜਾਣਗੇ। ਹੌਲੀ-ਹੌਲੀ ਮੰਨ ਜਾਣਗੇ। ਕੁਝ ਸਮਾਂ ਸੋਚਣ ਲਈ ਦੇਣ ਲਈ ਉਸ ਦਿਨ ਫਿਰ ਉਹਨਾਂ ਨੂੰ ਠੰਢੇ ਬੁਰਜ ਵਿਚ ਭੇਜ ਦਿੱਤਾ।

25 ਦਸੰਬਰ 1704 ਨੂੰ ਮੁੜ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਸਾਹਿਬਜ਼ਾਦੇ ਫਿਰ ਉਹੀ ਜਾਹੋ-ਜਲਾਲ ਵਿਚ ਕਾਇਮ ਸਨ। ਸੂਬੇਦਾਰ ਨੇ ਫਿਰ ਉਹੀ ਇਸਲਾਮ ਕਬੂਲ ਕਰਨ ਦਾ ਡਰਾਵਾ ਦੁਹਰਾਇਆ ਕਿ ਇਸਲਾਮ ਕਬੂਲ ਨਾ ਕੀਤਾ ਤਾਂ ਜਿੰਦਾ ਦੀਵਾਰ ਵਿਚ ਚਿਣਵਾ ਕੇ ਕਤਲ ਕਰ ਦਿੱਤਾ ਜਾਵੇਗਾ। ਸਾਹਿਬਜ਼ਾਦੇ ਫਿਰ ਅਡੋਲ ਰਹੇ ਅਤੇ ਕੋਈ ਈਨ ਨਹੀਂ ਮੰਨੀ। ਕਾਜ਼ੀ ਨੂੰ ਸਜ਼ਾ ਸੁਣਾਉਣ ਦਾ ਹੁਕਮ ਦਿੱਤਾ। ਕਾਜ਼ੀ ਨੇ ਕਿਹਾ ਕਿ ਬਾਪ ਨਾਲ ਦੁਸ਼ਮਣੀ ਦੀ ਸਜ਼ਾ ਸਾਹਿਬਜ਼ਾਦਿਆਂ ਨੂੰ ਨਹੀਂ ਦਿੱਤੀ ਜਾ ਸਕਦੀ। ਸੂਬੇਦਾਰ ਵਜ਼ੀਰ ਖਾਂ ਨੇ ਚਲਾਕੀ ਨਾਲ ਮੁਹੰਮਦ ਸ਼ੇਰ ਖਾਂ ਨਵਾਬ ਮਲੇਰਕੋਟਲਾ ਨੂੰ ਕਿਹਾ ਕਿ ਉਸਦਾ ਭਰਾ ਨਾਹਰ ਖਾਂ, ਗੁਰੂ ਗੋਬਿੰਦ ਸਿੰਘ ਜੀ ਦੇ ਹੱਥੋਂ ਯੁੱਧ ਵਿਚ ਮਾਰਿਆ ਗਿਆ ਸੀ, ਦਾ ਬਦਲਾ ਸਾਹਿਬਜ਼ਾਦਿਆਂ ਨੂੰ ਸਜ਼ਾ ਦੇ ਕੇ ਲੈ ਸਕਦਾ ਸੀ। ਪਰ ਇਖਲਾਕੀ ਸ਼ੇਰ ਮੁਹੰਮਦ ਖਾਂ ਸੂਬੇਦਾਰ ਦੀ ਚਲਾਕੀ ਵਿਚ ਨਹੀਂ ਆਇਆ। ਉਸਦੇ ਸ਼ਬਦਾਂ ਨੂੰ 'ਅੱਲਾ ਯਾਰ ਖਾਂ ਜੋਗੀ' ਨੇ ਲਿਖਿਆ ਹੈ-

ਬਦਲਾ ਹੀ ਲੇਨਾ ਹੋਗਾ
ਤੋ ਹਮ ਲੇਂਗੇ ਬਾਪ ਸੇ,
ਮਹਿਫੂਜ਼ ਰਖੇ ਹਮ ਕੋ
ਖ਼ੁਦਾ ਅੱਗੇ ਪਾਪ ਸੇ

ਪਰ ਮੱਕਾਰ ਸੁੱਚਾ ਨੰਦ ਨਹੀਂ ਚਾਹੁੰਦਾ ਸੀ ਕਿ ਸਾਹਿਬਜ਼ਾਦਿਆਂ ਨੂੰ ਛੱਡਿਆ ਜਾਵੇ। ਉਸਨੇ ਬਹਾਨੇ ਨਾਲ ਕਿਹਾ ਕਿ ਅੱਗੇ ਜਾ ਕੇ ਇਹ ਬਗਾਵਤ ਕਰਨਗੇ। ਇਸ ਲਈ ਇਹ ਬਾਗੀ ਹਕੂਮਤ ਲਈ ਖਤਰਾ ਹਨ। ਬਾਗੀਆਂ ਨੂੰ ਸਜ਼ਾ ਮਿਲਣੀ ਹੀ ਚਾਹੀਦੀ ਹੈ। ਤਦ ਵਜ਼ੀਰ ਖਾਂ ਨੇ ਕਿਹਾ ਕਿ ਮੈਂ ਤੁਹਾਨੂੰ ਆਖਰੀ ਮੌਕਾ ਦਿੰਦਾ ਹਾਂ ਕਿ ਇਸਲਾਮ ਕਬੂਲ ਕਰ ਲਓ ਜਾਂ ਮੌਤ ਦਾ ਸਾਹਮਣਾ ਕਰਨ ਲਈ ਤਿਆਰ ਹੋ ਜਾਓ। ਸਾਹਿਬਜ਼ਾਦਿਆਂ ਨੇ ਆਪਣਾ ਦ੍ਰਿੜ੍ਹ ਫੈਸਲਾ ਸੁਣਾਉਂਦਿਆਂ ਬੜੇ ਜੋਸ਼ ਵਿਚ ਕਿਹਾ ਕਿ ਅਸੀਂ ਗੁਰੂ ਗੋਬਿੰਦ ਸਿੰਘ ਜੀ ਦੀ ਬਣਾਈ ਸ਼ੇਰਾਂ ਦੀ ਕੌਮ ਦ ਸਾਹਿਬਜ਼ਾਦੇ ਹਾਂ ਜੋ ਮੌਤ ਤੋਂ ਨਹੀਂ ਡਰਦੇ। ਤਦ ਸੂਬੇਦਾਰ ਨੇ ਸਾਹਿਬਜ਼ਾਦਿਆਂ ਨੂੰ ਜਿੰਦਾ ਦੀਵਾਰ ਵਿਚ ਚਿਣ ਦੇਣ ਦਾ ਹੁਕਮ ਸੁਣਾ ਦਿੱਤਾ। ਨਵਾਬ ਮਲੇਰਕੋਟਲਾ ਨੇ ਫੈਸਲੇ ਵਿਰੁੱਧ ਹਾਅ ਦਾ ਨਾਅਰਾ ਮਾਰਿਆ। ਦੋ ਛੋਟੇ ਸਾਹਿਬਜ਼ਾਦਿਆਂ ਨੂੰ ਦੀਵਾਰ ਵਿਚ ਚਿਣਿਆ ਜਾਣ ਲੱਗਾ। ਰੱਦੇ ਲਾਉਂਦਿਆਂ ਵੀ ਇਸਲਾਮ ਕਬੂਲ ਕਰਨ ਲਈ ਕਿਹਾ ਜਾਂਦਾ ਰਿਹਾ। ਪਰ ਸਾਹਿਬਜ਼ਾਦੇ ਅਡੋਲ ਰਹੇ। ਕੰਧ ਛਾਤੀ ਤੱਕ ਪਹੁੰਚੀ ਤਾਂ ਬੁਨਿਆਦ ਹਿੱਲ ਗਈ ਤੇ ਡਿੱਗ ਪਈ। ਸਾਹਿਬਜ਼ਾਦਿਆਂ ਨੂੰ ਬੇਹੋਸ਼ੀ ਵਿਚ ਬਾਹਰ ਕੱਢਿਆ ਗਿਆ ਤੇ ਮੁੜ ਠੰਢੇ ਬੁਰਜ ਭੇਜ ਦਿੱਤਾ, ਜਿੱਥੇ ਹੋਸ਼ ਵਿਚ ਆ ਗਏ।

27 ਦਸੰਬਰ 1704 ਨੂੰ ਸਾਹਿਬਜ਼ਾਦਿਆਂ ਨੂੰ ਤੀਸਰੀ ਵਾਰ ਕਚਹਿਰੀ ਵਿਚ ਪੇਸ਼ ਕੀਤਾ ਗਿਆ। ਉਹੀ ਇਸਲਾਮ ਕਬੂਲ ਕਰਨ ਦੀ ਕਾਰਵਾਈ ਚਲਾਈ ਗਈ। ਸਾਹਿਬਜ਼ਾਦੇ ਦ੍ਰਿੜ੍ਹ ਰਹੇ ਕਿ ਉਹਨਾਂ ਨੂੰ ਮੌਤ ਕਬੂਲ ਹੈ। ਗੁੱਸੇ ਵਿਚ ਆ ਕੇ ਆਪਣੀ ਹਾਰ ਵੇਖ ਕੇ ਸਾਹਿਬਜ਼ਾਦਿਆਂ ਦਾ ਸਿਰ ਕਲਮ ਕਰਨ ਦਾ ਹੁਕਮ ਸੁਣਾ ਦਿੱਤਾ। ਸਮਾਣਾ ਦੇ ਜਲਾਦ ਸ਼ਾਸ਼ਲ ਬੇਗ ਅਤੇ ਬਾਸ਼ਲ ਬੇਗ ਨੇ ਦੋਹਾਂ ਛੋਟੇ ਸਾਹਿਬਜ਼ਾਦਿਆਂ ਦੇ ਸਿਰ ਧੜ ਤੋਂ ਅਲੱਗ ਕਰ ਦਿੱਤੇ।

ਸਾਹਿਬਜ਼ਾਦਿਆਂ ਨੇ ਆਪਣੇ ਸੀਸ ਭੇਂਟ ਕਰਕੇ ਆਪਣੇ ਪੁਰਖਾਂ ਦੀਆਂ ਸ਼ਹੀਦੀਆਂ ਦੀ ਲਾਜ ਰੱਖੀ। ਉਹ ਧਰਮ ਤੋਂ ਨਹੀਂ ਹਾਰੇ। ਲੋਕਾਂ ਨੇ ਹਾਅ ਦਾ ਨਾਅਰਾ ਮਾਰਿਆ ਤੇ ਕਿਹਾ ਧੰਨ ਹੈ ਉਹ ਮਾਂ, ਜਿਸਨੇ ਅਜਿਹੇ ਬਹਾਦਰ ਸਪੂਤਾਂ ਨੂੰ ਜਨਮ ਦਿੱਤਾ ਹੈ। ਇਸ ਤਰ੍ਹਾਂ 7-9 ਸਾਲ ਦੀ ਉਮਰ ਦੇ ਸਾਹਿਬਜ਼ਾਦਿਆਂ ਨੂੰ ਜ਼ਾਲਮਾਂ ਨੇ ਸ਼ਹੀਦ ਕਰ ਦਿੱਤਾ। ਮਾਤਾ ਗੁਜਰੀ ਜੀ ਵੀ ਇਹ ਜ਼ੁਲਮ ਸਹਾਰਦੇ ਹੋਏ ਸ਼ਹੀਦੀ ਪ੍ਰਾਪਤ ਕਰ ਗਏ।

ਸ਼ਾਮ ਨੂੰ ਸੂਬਾ ਸਰਹਿੰਦ ਦੇ ਸ਼ਰਧਾਲੂ ਦੀਵਾਨ ਟੋਡਰ ਮੱਲ ਨੇ ਅਰਸ਼ਰਫੀਆਂ ਖੜ੍ਹੇ ਰੁਖ ਵਿਛਾ ਕੇ ਅੰਤਿਮ ਕਿਰਿਆ ਦਾ ਪ੍ਰਬੰਧ ਕੀਤਾ। ਉਸ ਜ਼ਮੀਨ ਤੇ ਗੁਰਦੁਆਰਾ 'ਜੋਤੀ ਸਰੂਪ' ਸੁਸ਼ੋਭਿਤ ਹੈ। ਭਾਈ ਮੋਤੀ ਰਾਮ ਮਹਿਰਾ ਤੇ ਦੀਵਾਨ ਟੋਡਰ ਮੱਲ ਦਾ ਨਾਂ ਉਹਨਾਂ ਦੇ ਨੇਕ ਕਿਰਦਾਰਾਂ ਲਈ ਪਿਆਰ ਅਤੇ ਸਤਿਕਾਰ ਨਾਲ ਲਿਆ ਜਾਂਦਾ ਹੈ। ਸਰਹਿੰਦ ਦੀਆਂ ਸਰਵਉੱਚ ਸ਼ਹੀਦੀਆਂ ਨੇ ਸੰਸਾਰ ਵਿਚ ਮਿਸਾਲ ਪੈਦਾ ਕੀਤੀ ਹੈ। ਇਹ ਸਾਬਤ ਕੀਤਾ ਹੈ ਕਿ ਦੁਨੀਆਂ ਦੇ ਕਿਸੇ ਲਾਲਚ ਜਾਂ ਡਰ ਅੱਗੇ ਗੁਰੂ ਗੋਬਿੰਦ ਸਿੰਘ ਦਾ ਸਿੱਖ ਕਦੇ ਝੁਕ ਨਹੀਂ ਸਕਦਾ। ਸਰਹਿੰਦ ਦੀ ਦੀਵਾਰ ਸਿੱਖ ਰਾਜ ਦਾ ਨੀਂਹ ਪੱਥਰ ਸਾਬਤ ਹੋਈ। ਬਾਬਾ ਬੰਦਾ ਸਿੰਘ ਬਹਾਦਰ ਜੀ ਨੇ ਸਾਕਾ ਸਰਹਿੰਦ ਦੇ ਮੁੱਖ ਦੋਸ਼ੀ ਸੂਬੇਦਾਰ ਵਜ਼ੀਰ ਖਾਂ ਨੂੰ ਮੌਤ ਦੇ ਘਾਟ ਉਤਾਰ ਕੇ 14 ਮਈ 1710 ਨੂੰ ਖੰਡਰ ਬਣਾ ਦਿੱਤਾ।

ਭਾਰੀ ਮੁਸੀਬਤਾਂ ਤੋਂ ਬਾਅਦ ਵੀ ਸਿੱਖ ਕੌਮ ਫਿਰ ਤੋਂ ਜਥੇਬੰਦ ਹੁੰਦੀ ਰਹੀ ਹੈ। ਸੰਨ 1783 ਈ: ਨੂੰ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਦੀ ਅਗਵਾਈ ਹੇਠ ਦਿੱਲੀ ਤੇ ਕਬਜ਼ਾ ਕਰ ਲਿਆ। ਸਿੱਖਾਂ ਦੀ ਤਾਕਤ ਨੇ ਮਹਾਰਾਜਾ ਰਣਜੀਤ ਸਿੰਘ ਦਾ ਵਿਸ਼ਾਲ ਰਾਜ ਅਪ੍ਰੈਲ 12, 1801 ਤੋਂ ਜੂਨ 27, 1839 ਤੱਕ ਕਾਇਮ ਰੱਖਿਆ।

## ਸਾਲ ਨਵਾਂ

ਅਮੀਰ-ਗਰੀਬ ਵਿੱਚ ਪਾੜਾ ਘਟਾਏ ਸਾਲ ਨਵਾਂ।
ਹਰ ਘਰ ਖੁਸ਼ੀਆਂ ਲੈ ਕੇ ਆਵੇ ਸਾਲ ਨਵਾਂ।
ਪਿਛਲੇ ਸਾਲ ਬਥੇਰੀ ਵਧੀ ਹੈ ਮਹਿੰਗਾਈ ਚੰਦਰੀ,
ਇਸ ਤੋਂ ਸੱਭ ਨੂੰ ਰਾਹਤ ਦੁਆਏ ਸਾਲ ਨਵਾਂ।
ਨਸ਼ੇ ਨੇ ਕਈ ਵਸਦੇ ਘਰਾਂ ਨੂੰ ਉਜਾੜਿਆ ਹੈ,
ਇੱਥੇ ਨਸ਼ੇ ਦਾ ਆਣਾ ਬੰਦ ਕਰਾਏ ਸਾਲ ਨਵਾਂ।
ਧਰਮਾਂ ਤੇ ਜ਼ਾਤਾਂ ਦੇ ਨਾਂ ਤੇ ਜੋ ਲੜਾਂਦੇ ਲੋਕਾਂ ਨੂੰ,
ਉਨ੍ਹਾਂ ਨੂੰ ਸਿੱਧੇ ਰਸਤੇ ਪਾਏ ਸਾਲ ਨਵਾਂ।
ਮੰਦਰਾਂ ਤੇ ਮਸਜਿਦਾਂ 'ਤੇ ਲੱਖਾਂ ਖਰਚਣ ਵਾਲਿਆਂ ਨੂੰ,
ਗਰੀਬਾਂ ਦੀਆਂ ਝੁੱਗੀਆਂ ਦਿਖਾਏ ਸਾਲ ਨਵਾਂ।
ਪਹਿਲਾਂ ਉਨ੍ਹਾਂ ਦੀ ਇੱਜ਼ਤ ਮਿੱਟੀ 'ਚ ਰੁਲੀ ਹੈ,
ਹੁਣ ਧੀਆਂ-ਭੈਣਾਂ ਦੀ ਇੱਜ਼ਤ ਬਚਾਏ ਸਾਲ ਨਵਾਂ।
ਗਰੀਬਾਂ ਨੂੰ ਲੁੱਟਦੇ ਦੋਹੀਂ ਹੱਥੀਂ ਜਿਹੜੇ ਬਾਬੇ,
ਉਨ੍ਹਾਂ ਨੂੰ ਜੇਲ੍ਹਾਂ ਵਿੱਚ ਪੁਚਾਏ ਸਾਲ ਨਵਾਂ।
ਪਿਛਲੇ ਸਾਲ ਜੋ ਭੁੱਲ ਗਏ ਸਨ ਪਿਆਰ ਕਰਨਾ,
ਉਨ੍ਹਾਂ ਨੂੰ ਪਿਆਰ ਕਰਨਾ ਸਿਖਾਏ ਸਾਲ ਨਵਾਂ।
ਵੱਡਿਆਂ ਦਾ ਨਿਰਾਦਰ ਕਰਨ ਵਾਲਿਆਂ ਨੂੰ,
ਉਨ੍ਹਾਂ ਦਾ ਆਦਰ ਕਰਨਾ ਸਿਖਾਏ ਸਾਲ ਨਵਾਂ।
'ਮਾਨ'ਸੁਸਤੀ ਨਾ ਅੱਗੇ ਵਧਣ ਦੇਵੇ ਬੰਦੇ ਨੂੰ,
ਸੱਭ ਦੀ ਸੁਸਤੀ ਦੂਰ ਭਜਾਏ ਸਾਲ ਨਵਾਂ।

– ਮਹਿੰਦਰ ਸਿੰਘ ਮਾਨ
9915803554

## ਨਵਾਂ ਸਾਲ

ਹਰ ਸਾਲ ਨਵਾਂ ਦਿਨ ਜੀਵਨ ਦਾ ਇਕ ਸਾਲ ਘਟਾ ਕੇ ਤੁਰ ਜਾਂਦਾ
ਕੀ ਖੱਟਿਆ ਅਤੇ ਗਵਾਇਆ ਏ ਸ਼ੀਸ਼ਾ ਦਿਖਲਾ ਕੇ ਤੁਰ ਜਾਂਦਾ

ਕਈਆਂ ਨੂੰ ਆਪਾਂ ਛੱਡ ਆਏ ਕਈ ਸਾਨੂੰ ਛੱਡ ਕੇ ਤੁਰ ਗਏ ਨੇ
ਬਿਛੜੇ ਹੋਏ ਸੱਜਣਾਂ ਮਿੱਤਰਾਂ ਦੀ ਫਿਰ ਯਾਦ ਦਿਲਾ ਕੇ ਤੁਰ ਜਾਂਦਾ

ਇਹ ਮਾਣਸ ਜਨਮ ਅਮੁੱਲਾ ਏ ਨਫਰਤ ਵਿਚ ਮਤ ਬਰਬਾਦ ਕਰੋ
ਰਲ ਮਿਲ ਕੇ ਬੈਠਣ ਦਾ ਸਾਨੂੰ ਇਹ ਸਬਕ ਪੜ੍ਹਾ ਕੇ ਤੁਰ ਜਾਂਦਾ

ਜਿਸ ਘਰ ਵਿਚ ਗੁਰਬਤ ਵੱਸਦੀ ਏ ਉਸ ਘਰ ਵਿਚ ਨਵਾਂ ਪੁਰਾਣਾ ਕੀ
ਇਹ ਦਿਨ ਭੀ ਆਮ ਦਿਨਾਂ ਵਾਂਗਰ ਆਉਂਦਾ ਏ ਆ ਕੇ ਤੁਰ ਜਾਂਦਾ

ਸੁਣਿਆ ਏ ਘਰ ਜ਼ਰਦਾਰਾਂ ਦੇ ਇਹਦਾ ਬੜਾ ਸਵਾਗਤ ਹੁੰਦਾ ਏ
ਜਦ ਘਰ ਮੁਫ਼ਲਿਸ ਦੇ ਆਉਂਦਾ ਏ ਕੰਨੀਂ ਖਿਸਕਾ ਕੇ ਤੁਰ ਜਾਂਦਾ

ਰਿਸ ਰਿਸ ਕੇ ਫੁੱਟੇ ਘੱਟ ਵਿਚੋਂ ਆਖਿਰ ਜਿਉਂ ਪਾਣੀ ਮੁੱਕ ਜਾਂਦਾ
ਇਕ ਦਿਨ ਇਹ ਸਾਹ ਭੀ ਮੁੱਕ ਜਾਣੇ ਸਾਨੂੰ ਸਮਝਾ ਕੇ ਤੁਰ ਜਾਂਦਾ

ਵਿਗਿਆਨ ਦੀਆਂ ਅੱਜ ਖੋਜਾਂ ਨੂੰ ਖਤਰਾ ਏ ਦਹਿਸ਼ਤਗਰਦਾਂ ਤੋਂ
'ਆਜ਼ਾਦ' ਰਹੋ ਹੁਸ਼ਿਆਰ ਜ਼ਰਾ ਸੁੱਤਿਆਂ ਨੂੰ ਜਗਾ ਕੇ ਤੁਰ ਜਾਂਦਾ।

(ਨਵੇਂ ਸਾਲ ਦੀ ਨਜ਼ਰ)

–ਆਜ਼ਾਦ ਜਲੰਧਰੀ

## ਨਜ਼ਰਾਨਾ -ਏ- ਅਕੀਦਤ

ਗੁਰੂ ਪਿਆਰੀ ਸਾਧ ਸੰਗਤ ਜੀ ਜਗਤ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ 550 ਵੇਂ ਜਨਮ ਦਿਨ ਦੀ ਸਾਰੇ ਵਿਸ਼ਵ ਨੂੰ ਲੱਖ-ਲੱਖ ਵਧਾਈ ਹੋਵੇ। ਇਕ ਗੀਤ ਬਤੌਰ ਨਜ਼ਰਾਨਾ-ਏ-ਅਕੀਦਤ ਪੇਸ਼ ਕਰ ਰਿਹਾ ਹਾਂ।

– ਆਜ਼ਾਦ ਜਾਲੰਧਰੀ

### ਤੇਰਾ ਤੇਰਾ ਬੋਲੇ

ਜ਼ਾਹਿਰ ਪੀਰ, ਗੁਰੂ ਬਾਬਾ ਨਾਨਕ, ਰੱਬ ਦਾ ਨਾਮ ਧਿਆਵੇ,
ਸਤਿਨਾਮ ਦਾ ਮੰਤਰ ਪੜ੍ਹਦਾ, ਗੀਤ ਇਲਾਹੀ ਗਾਵੇ।
ਕੌਡੇ ਵਰਗੇ, ਆਦਮ ਖੋਰਾਂ ਨੂੰ, ਇਨਸਾਨ ਬਣਾਵੇ,
'ਆਜ਼ਾਦ' ਠੱਗਾਂ ਦੀ ਕਾਇਆ ਪਲਟੇ, ਭੁੱਲਿਆਂ ਨੂੰ ਰਾਹ ਪਾਵੇ।

### ਗੀਤ

ਤੇਰਾ ਤੇਰਾ ਬੋਲੇ, ਗੁਰੂ ਨਾਨਕ ਪਿਆਰਾ,
ਰਸ ਕੰਨਾਂ ਵਿਚ ਘੋਲੇ, ਗੁਰੂ ਨਾਨਕ ਪਿਆਰਾ।
ਹੱਥ ਵਿਚ ਧਰਮ ਤਰਾਜ਼ੂ ਫੜਿਆ,
ਜੱਗ ਦੀਆਂ ਪੀੜਾਂ ਤੋਲੇ, ਗੁਰੂ ਨਾਨਕ ਪਿਆਰਾ।


ਛੇੜ ਕੇ ਦਿਲ ਦੀਆਂ ਤਰਜ਼ਾਂ, ਨਾਨਕ ਪੜ੍ਹੇ ਇਲਾਹੀ ਬਾਣੀ,
ਰੱਬ ਨਾਲ ਸੁਰਤ ਮਿਲਾਈ ਬੈਠਾ ਰੱਬ ਦਾ ਮਹਿਰਮ ਜਾਨੀ।
ਦੁਖੀਆਂ ਨੂੰ ਗੱਲ ਲਾ ਕੇ ਆਪਣੇ,
ਸਭ ਨਾਲ ਦੁੱਖ ਸੁੱਖ ਫੋਲੇ, ਗੁਰੂ ਨਾਨਕ ਪਿਆਰਾ।

ਅੱਵਲ ਅੱਲਾ ਨੂਰ ਉਪਾਇਆ ਕੁਦਰਤ ਦੇ ਸਭ ਬੰਦੇ,
ਇਕ ਨੂਰ ਤੇ ਸਭ ਜੱਗ ਉਪਜਿਆ, ਕੌਣ ਭਲੇ ਕੌਣ ਮੰਦੇ।

ਅਨਹਦ ਸ਼ਬਦ ਜ਼ਬਾਨੋ ਬੋਲੇ,
ਗੁੱਝੀਆਂ ਰੱਮਜ਼ਾਂ ਖੋਲ੍ਹੇ, ਗੁਰੂ ਨਾਨਕ ਪਿਆਰਾ।

ਰਾਜੇ ਸ਼ੀਂਹ ਮੁਕੱਦਮ ਕੁੱਤੇ, ਪਰਜਾ ਭਾਈ ਸਤਾਂਦੇ,
ਉਲਟੀ ਵਾੜ ਖੇਤ ਨੂੰ ਖਾਵੇ, ਮੁਨਸਿਫ਼ ਵੱਢੀਆਂ ਖਾਂਦੇ।
ਸੱਚੀ ਗੱਲ ਪਿਆ ਆਖੇ ਸਭਨੂੰ,
ਡਰੇ ਮੂਲ ਨਾ ਡੋਲੇ, ਗੁਰੂ ਨਾਨਕ ਪਿਆਰਾ।

ਗੜ੍ਹਬਗਦਾਦ 'ਆਜ਼ਾਦ' ਨਿਵਾਇਆ, ਮੱਕਾ ਫੇਰ ਦਿਖਾਇਆ,
ਹਰਿਦੁਆਰ ਤੇ ਕਾਂਸ਼ੀ ਜਾ ਕੇ, ਸੱਚ ਦਾ ਸਬਕ ਪੜ੍ਹਾਇਆ।
ਥਾਂ ਥਾਂ ਸਿੱਧੇ ਕਰਦਾ ਫਿਰਦਾ ਇਹ,
ਸਿੱਧਾਂ ਦੇ ਟੋਲੇ, ਗੁਰੂ ਨਾਨਕ ਪਿਆਰਾ।



# ਮੇਰੇ ਹਿੱਸੇ ਦੇ ਬਾਬਾ ਸੋਹਣ ਸਿੰਘ ਜੀ ਭਕਨਾ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ

ਪਸ਼ੌਰਾ ਸਿੰਘ ਢਿੱਲੋਂ
www.pashaurasinghdhillon.com

ਬਾਬਾ ਜੀ ਅਜ ਸਾਡੇ ਦਰਮਿਆਨ ਹੁੰਦੇ ਤਾਂ ਜਨਵਰੀ 2020 ਵਿਚ 150 ਸਾਲਾਂ ਦੇ ਹੋ ਜਾਂਦੇ। ਮੈਂ ਭਾਵੇਂ ਹੁਣ 10,00 ਮੀਲ ਦੂਰ ਅਮਰੀਕਾ ਵਿਚ ਬੈਠਾ ਹੋਇਆ ਸਾਂ, ਢੇਰ ਸਾਰੀਆਂ ਸ਼ੁਭ ਇਛਿਆਵਾਂ ਅਤੇ ਕੈਲੇਫੋਰਨੀਆਂ ਤੋਂ ਉਨ੍ਹਾਂ ਦੀ ਮਨਪਸੰਦ ਕਾਗਜ਼ੀ ਬਦਾਮ ਅਤੇ ਚੋਣਵੀਂ ਸੌਗੀ ਲੈ ਕੇ ਉਨ੍ਹਾਂ ਕੋਲ ਪਹੁੰਚ ਜਾਂਦਾ। ਉਹ ਉਦੋਂ ਅਟਾਰੀ ਤੋਂ ਭਕਨੇ ਰਾਹੀਂ ਢੰਡ-ਕਸੇਲ-ਤਰਨਤਾਰਨ ਨੂੰ ਜਾਂਦੀ ਕੱਚੀ ਸੜਕ ਉੱਪਰ ਬਣੀ ਹਵੇਲੀ ਜਿਹਨੂੰ ਲੋਕ ਬਾਬੇ ਦਾ ਡੇਰਾ ਹੀ ਸਦਦੇ ਸਨ,ਰਹਿੰਦੇ ਸਨ। 1930 ਵਿਚ ਉਮਰ ਕੈਦ ਕੱਟਣ ਪਿੱਛੋਂ ਰਿਹਾਈ ਵੇਲੇ ਚਿੱਟੇ ਵਾਲਾਂ ਨਾਲ ਬਾਬਾ ਬਣੇ ਸੋਹਣ ਸਿੰਘ ਨੇਭਕਨੇ ਪਿੰਡ ਵਾਲੀ ਜੱਦੀ ਹਵੇਲੀ ਦੀ ਮੁਰੱਮਤ ਕਰਵਾ ਕੇ ਕੁੜੀਆਂ ਦਾ ਸਕੂਲ ਖੋਲ੍ਹ ਦਿੱਤਾ ਸੀ ਅਤੇ ਆਪ ਮੀਲ ਕੁ ਦੀ ਵਿੱਥ 'ਤੇ ਉਸ ਸੜਕ ਨਾਲ ਲਗਦੀ ਆਪਣੀ ਜ਼ਮੀਨ ਦੇ ਖੁਲ੍ਹੇ ਖੇਤਾਂ ਵਿਚਪਾਏ ਕੱਚੇ ਕੋਠਿਆਂ ਵਿਚ ਰਹਿਣ ਲਗ ਪਏ ਸਨ। ਉਜਾੜਿਆਂ ਤੋਂ ਪਹਿਲਾਂ ਦੇਸ਼ਭਗਤ ਪਰਿਵਾਰਾਂ ਦੇ ਕੁਝ ਬੱਚੇ ਵੀ ਉਨ੍ਹਾਂ ਕੋਲ ਉਥੇ ਰਹਿੰਦੇ ਰਹੇ ਸਨ। ਉਨ੍ਹਾਂ ਦਿਨਾਂ ਵਿਚ ਲੋਕ ਪਿੰਡ ਤੋਂ ਬਾਹਿਰ ਖੇਤਾਂ ਵਿਚ ਬਣਾਈਆਂ ਬਹਿਕਾਂ ਨੂੰ ਡੇਰਾ ਆਖਦੇ ਸਨ ਇਸ ਲਈ ਉਹ 'ਬਾਬੇ ਦਾ ਡੇਰਾ' ਹੀ ਵੱਜਦਾ ਸੀ।

ਮੇਰੇ ਪਰਿਵਾਰ ਦੇ 1947 ਵਾਲੇ ਉਜਾੜਿਆਂ ਦੇ ਦੁਖਾਂਤ ਦੇ ਬਾਵਜੂਦ ਮੈਂ ਆਪਣੇ ਸੁਭਾਗ ਸਮਝਦਾ ਹਾਂ ਕਿ ਕਰੀਬੀ ਰਿਸ਼ਤੇਦਾਰ ਹੋਣ ਕਰ ਕੇ ਪਰਿਵਾਰ ਦੇ ਉਥੇ ਟਿਕਣ ਸਦਕਾ ਮੈਂ ਬਾਬੇ ਦੇ ਇਸੇ ਡੇਰੇ ਵਿਚ ਹੀ 6 ਸਾਲਾਂ ਦੀ ਕਿਸ਼ੋਰ



ਅਵਸਥਾ ਤੋਂ 20 ਸਾਲ ਦੀ ਉਮਰ ਤੀਕ ਰਹਿ ਕੇ ਵੱਡਾ ਹੋਇਆ ਸਾਂ। ਬਦਕਿਸਮਤੀ ਨੂੰ 1960ਵਿਆਂ ਵਿਚ ਉਹ ਮੁਕੱਦਸ ਅਸਥਾਨ ਢਹਿ-ਢੇਰੀ ਹੋ ਗਿਆ ਸੀ ਅਤੇ ਬਾਬਾ ਜੀ ਤੀਸਰੀ ਵੇਰ ਨਵੀਂ ਥਾਂ ਸਕੂਲ ਦੇ ਨੇੜੇ ਝੁੱਗੀ ਪਾ ਕੇ ਰਹਿਣ ਲੱਗ ਪਏ ਸਨ। ਪਰੰਤੂ ਤਦ ਤੀਕ ਬਹੁਤ ਸਾਰਾ ਪਾਣੀ ਪੁਲਾਂ ਹੇਠੋਂ ਲੰਘ ਚੁਕਾ ਸੀ। ਮੇਰਾ ਪਰਿਵਾਰ ਉਥੋਂ ਯੂ. ਪੀ. ਤਰਾਈ ਵਿਚ ਜਾ ਚੁੱਕਾ ਸੀ। ਮੈਂ ਉਨ੍ਹਾਂ ਦੇ ਬਣਾਏ ਜੰਤਾ ਹਾਈ ਸਕੂਲ ਤੋਂ ਦਸਵੀਂ ਪਾਸ ਕਰ ਕੇ ਖਾਲਸਾ ਕਾਲਜ ਅੰਤ੍ਰਿਸਰ ਤੋਂ ਗਰੈਜੂਏਟ ਹੋ ਪਿੰਜੌਰ ਬਾਗ ਵਿਚ ਬਾਗਬਾਨੀ ਇਨਸਪੈਕਟਰ ਲਗ ਗਿਆ ਸੀ। ਤੇ ਆਉਣ ਵਾਲੇ ਵਕਤਾਂ ਦੇ ਥਪੇੜਿਆਂ ਵੱਸਭਕਨੇ ਤੋਂ ਦੂਰ ਤੋਂ ਦੂਰ ਹੁੰਦੇ ਹੋਏ ਕੰਮ ਰੋਜ਼ਗਾਰ ਲਈ ਅੱਧੀ ਦੁਨੀਆਂ ਦਾ ਚੱਕਰ ਕੱਟ ਕੇ ਅਮਰੀਕਾ ਵੱਸ ਜਾਣਾ ਸੀ।

ਤਰਾਸਦੀ ਇਹ ਹੈ ਕਿ ਬਾਬਾ ਜੀ ਦੇ ਮਗਰੋਂ ਉਸ ਝੌਂਪੜੀ ਦਾ ਵੀ ਖੁਰਾ ਖੋਜ ਮਿਟਾ ਕੇ ਖੇਤਾਂ ਵਿਚ ਸ਼ਾਮਿਲ ਕਰ ਲਿਆ ਗਿਆ ਹੈ। ਬੇਸ਼ੱਕ ਬਾਬਾ ਜੀ ਦੀ ਯਾਦ ਨਾਲ ਜੁੜੀਆਂ ਇਨ੍ਹਾਂ ਦੋਹਾਂ ਥਾਵਾਂ 'ਤੇ ਉਨ੍ਹਾਂ ਦਾ ਹੁਣ ਕੋਈ ਨਾਮ ਨਿਸ਼ਾਨ ਬਾਕੀ ਨਹੀਂ ਰਿਹਾ, ਪਰ ਮੇਰੇ ਖਿਆਲਾਂ ਵਿਚ ਸਮਾਂ ਜਿਉਂ ਦਾ ਤਿਉਂ ਹੀ ਖਲੋਤਾ ਹੋਇਆ ਹੈ ਤੇ ਮੇਰੀ ਨਜ਼ਰ ਵਿਚ ਉਹ ਨੀਵੇਂ ਲੱਕ ਚਿੱਟੇ ਵਸਤਰ ਪਾਈ ਅਜ ਵੀ ਉਥੇ ਕਿਤੇ ਹੀ ਘੁੰਮਦੇ ਫਿਰਦੇ ਦਿਖਾਈ ਦਿੰਦੇ ਰਹਿੰਦੇ ਹਨ। ਇਸ ਤਰਾਂ ਬਾਵਜੂਦ ਇਸ ਦੇ ਕਿ ਬੇਸ਼ੱਕ ਉਹ ਸਮੁੱਚੀ ਕੌਮ ਦੇ ਬਾਬਾ ਹਨ, ਮੇਰੇ ਹਿੱਸੇ ਦੇ ਬਾਬਾ ਦਾ ਕੋਈ ਹੋਰ ਦਾਅਵੇਦਾਰ ਨਹੀਂ ਬਣ ਸਕਦਾ।

ਮੈਂ 13-14 ਸਾਲ ਉਨ੍ਹਾਂ ਦੇ ਪਾਸ ਉਸ ਡੇਰੇ ਵਿਚ ਰਹਿ ਕੇ ਹੀ ਤਾਂ ਵੱਡਾ ਹੋਇਆ ਸਾਂ, ਇਸ ਲਈ ਮੇਰੇ ਹਥੋਂ ਕਾਗਜ਼ੀ ਬਦਾਮ ਅਤੇ ਸੌਗੀ ਤਾਂ ਉਹ ਜ਼ਰੂਰ ਸਵੀਕਾਰ ਕਰ ਲੈਂਦੇ। ਪਰ ਜੇ ਮੈਂ ਇਹਦੀ ਥਾਂ ਪੰਜਾਬ ਦੇ ਕਿਸਾਨ ਦੀ ਮਾਲੀ ਹਾਲਤ ਦੇ ਭਲੇਵਾਸਤੇ ਕੈਲੇਫ਼ੋਰਨੀਆਂ ਦੀ ਉੱਨਤ ਖੇਤੀ ਅਤੇ ਖੁਸ਼ਹਾਲ ਕਿਸਾਨੀ ਲਈ ਜਾਣੀ ਜਾਂਦੀ ਪ੍ਰਸਿਧ ਧਰਤੀ ਤੋਂ ਇਸ ਸੰਬੰਧੀ ਕੋਈ ਤਕਨੀਕ, ਕੋਈ ਤਰਕੀਬ ਜਾਂ ਤਜਵੀਜ਼ ਲੈ ਕੇ ਪੰਜਾਬ ਮੁੜਦਾ ਤਾਂ ਉਹ ਵਧੇਰੇ ਖੁਸ਼ ਹੁੰਦੇ। ਉਂਜ ਪਿਛਲੇ ਨਵੰਬਰ ਮਹੀਨੇ ਵਿਚ ਪੰਜਾਬ ਐਗ੍ਰੀਕਲਚਰਲ ਯੂਨੀਵਰਸਟੀ ਲੁਧਿਆਣਾ ਅਤੇ ਕੈਲੇਫ਼ੋਰਨੀਆਂ ਦੀ ਖੇਤੀ ਬਾੜੀ ਵਿਚ ਨਾਮਣਾ ਖੱਟਣ ਵਾਲੀ ਸਿਰਮੌਰ ਫ਼ਰੈਜ਼ਨੋ ਸਟੇਟ ਯੂਨੀਵਰਸਟੀ ਵਿਚਕਾਰ ਦੋਹਾਂ ਸੂਬਿਆਂ ਦੀ ਕਾਸ਼ਤਕਾਰੀ ਤਰੱਕੀ ਅਤੇ ਫੂਡ ਪਰੋਸੈਸਿੰਗ ਲਈ ਸਹਿਯੋਗ ਦਾ ਜੋ ਇਤਿਹਾਸਿਕ ਅਹਿਦਨਾਮਾ (UMO) 12 ਨਵੰਬਰ 2019 ਨੂੰ ਲਿਖਿਆ ਗਿਆ ਹੈ, ਉਸ ਵਿਚ ਮੇਰਾ ਵੀ ਹਿੱਸਾ ਹੈ, ਇਹ ਜਾਣਕੇ ਉਹ ਮੈਨੂੰ ਸ਼ਾਬਾਸ਼ ਜ਼ਰੂਰ ਦਿੰਦੇ। ਇਸ ਤੋਂ ਅੱਗੇ ਜੇ ਮੈਂ ਉਨ੍ਹਾਂ ਨੂੰ ਡੇਢ ਸੌ ਸਾਲਾ ਜਨਮ ਦਿਨ ਧੂਮ-ਧਾਮ ਨਾਲ ਵੱਡੀ ਪੱਧਰ'ਤੇ ਮਨਾਉਣ ਦੀ ਸਲਾਹ ਦਿੰਦਾ ਤਾਂ ਉਹ ਮੈਨੂੰ ਜ਼ਰੂਰ ਝਿੜਕ ਦਿੰਦੇ। ਅਜਿਹੇ ਵਖਾਵਿਆਂ ਨੂੰ ਉਹ ਪਖੰਡ, ਗੈਰ ਜ਼ਰੂਰੀ ਭੇਡ ਚਾਲ ਅਤੇ ਨਾਕਾਰਤਮਕ ਕਾਰਾ ਕਹਿੰਦੇ ਸਨ। ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਦਿਵਸ 'ਤੇ ਉਨ੍ਹਾਂ ਦੇ ਨਾਂ ਉਪਰ ਉਨ੍ਹਾਂ ਦੇ ਮਿਸ਼ਨ ਦੇ ਹੀ ਐਨਉਲਟ ਜੋ ਕਰੋੜਾਂ ਰੁਪੈ ਸਵਾਗਤੀ ਪੰਡਾਲਾਂ, ਸਟੇਜਾਂ ਅਤੇ ਆਪਸੀ ਆਓ ਭਗਤ ਉਪਰ ਬਰਬਾਦ ਕੀਤੇ ਗਏ ਸਨ, ਉਹਦਾ ਜ਼ਿਕਰ ਵੀ ਉਹ ਜ਼ਰੂਰ ਕਰਦੇ। ਉਨ੍ਹਾਂ ਕੋਲ ਇੱਨਾਂ ਸਮਾਂ ਰਹਿੰਦਿਆਂ ਮੈਂ ਨਹੀਂ ਸੀ ਵੇਖਿਆ ਉਨ੍ਹਾਂ ਕਦੇ ਆਪਣਾ ਜਨਮ ਦਿਨ ਮਨਾਇਆ ਹੋਵੇ ਜਾਂ ਕਿਸੇ ਹੋਰ ਵਿਚ ਸ਼ਾਮਿਲ ਹੋਏ ਹੋਣ। ਮੇਰਾ ਨਹੀਂ ਖਿਆਲ ਉਨ੍ਹਾਂ ਨੂੰ ਜਨਵਰੀ ਮਹੀਨੇ ਵਿਚ ਆਪਣੇ ਜਨਮ ਦੀ ਠੀਕ ਤਾਰੀਖ ਦਾ ਵੀ ਪੱਕਾ ਪਤਾ ਸੀ।

### ਬ੍ਰਹਮਗਿਆਨੀ ਕਮਿਊਨਿਸਟ

ਬਾਬਾ ਜੀ ਦਾ ਜਨਮ ਜਨਵਰੀ 1870 ਵਿਚ ਛੋਟੇ ਖਤਰਾਵੀਂ ਉਨ੍ਹਾਂ ਦੇ ਨਾਨਕੇ ਘਰ ਹੋਇਆ ਸੀ। ਉਹ 98 ਸਾਲ ਦੀ ਕੁਰਬਾਨੀ ਭਰਪੂਰ ਲੰਮੀ ਉਮਰ ਭੋਗ ਕੇ 1968 ਵਿਚ ਪੂਰੇ ਹੋਏ ਸਨ। ਅਗਲੀ ਗੱਲ ਕਰਨ ਤੋਂ ਪਹਿਲਾਂ ਉਨ੍ਹਾਂ ਦੀ ਸ਼ਖਸੀਅਤ ਨੂੰ ਜਾਨਣ ਦੀ ਕੋਸ਼ਿਸ਼ ਕਰਨ ਲੱਗਿਆਂ ਕੁਝ ਗੱਲਾਂ ਸਮਝ ਲੈਣੀਆਂ ਜ਼ਰੂਰੀ ਹਨ ਜੋ ਉਨ੍ਹਾਂ ਬਾਬਤ ਕੁਝ ਕੁ ਪਾਏ ਭੁਲੇਖੇ ਦੂਰ ਕਰਨ ਵਿਚ ਸਹਾਈ ਹੋ ਸਕਦੀਆਂ ਹਨ। ਕੀ ਬਾਬਾ ਜੀ ਨਾਸਤਕ ਸਨ? ਜਾਂ ਆਸਤਕ ਸਨ? ਭਾਵ ਕੀ ਉਹ ਕਮਿਊਨਿਸਟ ਸਨ ਜਾਂ ਰਹਸਵਾਦੀ?

ਚਸ਼ਮਦੀਦ ਗਵਾਹ ਵਜੋਂ 14 ਸਾਲਾਂ ਦੀ ਮੇਰੀ



ਨੇੜਤਾ ਦੌਰਾਨ ਮੈਂ ਉਨ੍ਹਾਂ ਨੂੰ ਕਦੇ ਹਨੇਰੇ ਜਾਂ ਸਵੇਰੇ ਰਵਾਇਤਨ ਕੋਈ ਪਾਠ-ਪੂਜਾ ਕਰਦਿਆਂ ਤਾਂ ਨਹੀਂ ਸੀ ਵੇਖਿਆ ਜੋ ਰੱਬ ਨੂੰ ਪਿਆਰ ਕਰਨ ਵਾਲੇ ਆਸਤਕਾਂ ਬਾਬਤ ਅਕਸਰ ਆਖਿਆ ਜਾਂਦਾ ਹੈ। ਪਰ ਉਹ ਰੱਬ ਦੇ ਬਣਾਏ ਬੰਦੇ-ਬੰਦੀਆਂ ਨੂੰ ਆਪਣੇ ਨਿੱਜੀ ਪਰਿਵਾਰ ਤੋਂ ਵੀ ਵਧ ਕੇ ਕਿੰਨਾ ਤੇ ਕਿਸ ਹੱਦ ਤੀਕ ਪਿਆਰ ਕਰਦੇ ਸਨ; ਖੁਲ੍ਹੀ ਕਿਤਾਬ ਵਾਂਗ ਸਭ ਦੇ ਸਾਹਮਣੇ ਹੈ।ਜਦੋਂ ਸ਼ਰਧਾਂਜਲੀ ਵਜੋਂ ਨਾਮਧਾਰੀ ਸਤਿਗੁਰੂ ਜਗਜੀਤ ਸਿੰਘ ਜੀ ਵਰਗੇ ਸਥਾਪਤ ਰਹਸਵਾਦੀ ਉਨ੍ਹਾਂ ਬਾਬਤ ਇਹ ਲਿਖ ਗਏ ਹਨ, "ਕੇਡੀ ਮਹਾਨ ਸ਼ਖਸੀਅਤ ਸਨ ਬਾਬਾ ਜੀ! ਜੋ ਇੱਕੋ ਵੇਲੇ ਮਹਾਨ ਕਮਿਊਨਿਸਟ ਵੀ ਸਨ ਅਤੇ ਓਨੇ ਵੱਡੇ ਹੀ ਰਹਸਵਾਦੀ (Mystic) ਵੀ ਸਨ," ਤਾਂ ਮੇਰੇ ਵਿਚਾਰ ਵਿਚ ਇਹ ਸੰਸਾ ਇਥੇ ਹੀ ਖਤਮ ਹੋ ਜਾਣਾ ਚਾਹੀਦਾ ਹੈ।

ਉਹ ਆਜ਼ਾਦੀ ਲਈ ਜੂਝਦੇ ਸਜ਼ਾਏ ਮੌਤ ਤੋਂ ਲੈ ਕੇ ਜੇਲ੍ਹਾਂ ਦੀਆਂ ਕਾਲ ਕੋਠੜੀਆਂ ਤੇ ਭੁੱਖ-ਹੜਤਾਲਾਂ ਸਮੇਂ ਅਨੇਕ ਵੇਰ ਮੌਤ ਦੇ ਮੂੰਹ ਵਿਚ ਜਾਂਦੇ ਤੇ ਵਾਪਿਸ ਪਰਤ ਆਉਂਦੇ ਰਹੇ ਸਨ। ਹਰੇਕ ਵਾਰਰਿਸ਼ਤੇਦਾਰ ਪਰਿਵਾਰ ਜਿਨ੍ਹਾਂ ਵਿਚ ਇਕਲੌਤੇ ਪੁੱਤ ਦੀ ਧਰਮ-ਮਾਂ, ਜਨਨੀ ਮਾਂ ਅਤੇ ਪਤਨੀ ਬਿਸ਼ਨ ਕੌਰ ਵੀ ਸ਼ਾਮਿਲ ਹੁੰਦੀਆਂ ਸਨ ਆਖਰੀ ਫ਼ਤਿਹ ਸਮਝ ਕਲੇਜਾ ਘੁੱਟ ਕੇ ਮੁੜ ਆਉਂਦੀਆਂ ਰਹੀਆਂ ਪਰ ਉਹ ਹਰ ਵੇਰ ਮੁੜ੍ਹ ਸੁਰਜੀਤ ਹੋਕੇ ਦੁਗਣੀ ਹਿੰਮਤ ਨਾਲ ਨਿਰੰਤਰ ਲੜਾਈ ਲਈ ਫ਼ਿਰ ਕਾਇਮ ਦਾਇਮ ਹੋ ਜਾਂਦੇ ਰਹੇ।ਭਲੇ ਵਕਤੀਂ ਪਰਿਵਾਰ ਵਿਚ ਇਹ ਗੱਲ ਵੀ ਚੱਲ ਪਈ ਸੀ ਕਿ ਬਾਬਾ ਜੀ ਕੋਲੋਂ ਹੁਣ ਮੌਤ ਵੀ ਡਰਨ ਲੱਗੀ ਹੈ।

### ਰਵਾਇਤੀ ਜਨਮ ਦਿਨਾਂ ਦੀ ਮਨੌਤ ਤੇ ਬਾਬਾ ਜੀ ਦੇ ਵਿਚਾਰ


ਇਸ ਬਾਰੇ ਆਪਣੇ ਵਿਚਾਰ ਲਿਖਣ ਲਈ ਉਹ ਤਾਂ ਹੁਣ ਨਹੀਂ ਰਹੇ। ਪਰ ਮੇਰੀ ਜਾਣਕਾਰੀ ਮੁਤਾਬਿਕ ਉਨ੍ਹਾਂ ਨੇ ਇਹ ਰਵਾਇਤੀ ਜਨਮ ਦਿਨ ਨਾ ਕਦੇ ਆਪਣਾ ਮਨਾਇਆ ਸੀ ਤੇ ਨਾ ਹੀ ਮੈਂ ਕਦੇ ਕਿਸੇ ਹੋਰ ਵਿਚ ਸ਼ਮੂਲੀਅਤ ਕਰਦੇ ਉਨ੍ਹਾਂ ਨੂੰ ਵੇਖਿਆ ਸੀ। ਉਹ ਕਿਸੇ ਪਖੰਡ ਵਿਚ ਯਕੀਨ ਹੀ ਨਹੀਂ ਸੀ ਰਖਦੇ। ਗ੍ਰਿਹਸਤੀ ਜੀਵਨ ਹੁੰਦਿਆਂ ਸਧਾਰਣ ਦੁਨੀਆਂਦਾਰ ਵਾਂਗ ਬੇਔਲਾਦ ਹੋਣ ਕਰਕੇ ਨਾ ਤਾਂ ਉਨ੍ਹਾਂ ਨੂੰ ਕਦੇ ਪੁੱਤਾਂ ਦੀ ਘਾਟ ਮਹਿਸੂਸ ਕਰਦੇ ਮੈਂ ਵੇਖਿਆ ਸੀ ਅਤੇ ਨਾ ਹੀ ਮੇਰੇ ਵਿਚਾਰ ਵਿਚ ਉਨ੍ਹਾਂ ਨੂੰ ਆਪਣੇ ਮਗਰੋਂ ਬੁੱਤ ਲਗਵਾਉਣ ਦੀ ਕੋਈ ਪਰਵਾਹ ਹੋ ਸਕਦੀ ਹੈ। ਇਸ ਦਾਅਵੇ ਦਾ ਕਾਰਣ ਇਹ ਹੀ ਹੈ ਕਿ ਮੈਂ ਉਨ੍ਹਾਂ ਦੀ ਸ਼ਖਸੀਅਤ ਬਾਬਤ ਕਿਤਾਬਾਂ ਜਾਂ ਜੀਵਨੀਆਂ ਵਿਚੋਂ ਹੀ ਨਹੀਂ ਪੜ੍ਹਿਆ, ਮੈਂ ਉਨ੍ਹਾਂ ਦੇ ਹੱਥਾਂ ਵਿਚ ਖੇਡਦਾ, ਪੜ੍ਹਦਾ ਲਿਖਦਾ ਵੱਡਾ ਹੋਇਆ ਸਾਂ। ਇਸਤਰਾਂ ਮੈਂ ਉਨ੍ਹਾਂ ਨੂੰ ਬਹੁਤ ਕਰੀਬ ਤੋਂ ਵੇਖਿਆ, ਵਾਚਿਆ ਹੈ।ਮੇਰੀ ਪਰਵਰਿਸ਼ ਉਨਾਂ ਦੇ ਹਥਾਂ ਵਿਚ ਜੁ ਹੋਈ ਸੀ।

ਬਾਬਾ ਜੀ ਅਕਸਰ ਆਪਣੇ ਕੰਮ ਆਪ ਹੀ ਕਰਦੇ ਸਨ। ਬਜ਼ੁਰਗ ਉਮਰ ਹੋਣ ਦੇ ਬਾਵਜੂਦ ਵੀ ਉਹ ਵਾਹ ਲਗਦੀ ਕਿਸੇ ਨੂੰ ਖੇਚਲ ਨਹੀਂ ਸੀ ਦੇਂਦੇ। ਜਦੋਂ ਤੀਕ ਮਾਤਾ ਬਿਸ਼ਨ ਕੌਰ ਜੋ ਜੰਡਿਆਲੇ ਵਾਲੇ ਮੇਰੇ ਦਾਦਾ ਜੀਉਣ ਸਿੰਘ ਦੀ ਵੱਡੀ ਭੈਣ ਸੀ ਤੇ ਜਿਨ੍ਹਾਂ ਨੂੰ ਅਸੀਂ ਵੀ ਆਪਣੇ ਪਿਤਾ ਦੀ ਰੀਸ ਵਡੇ ਭੂਆ ਜੀ ਹੀ ਆਖਦੇ ਸਾਂ ਕਾਇਮ ਰਹੇ ਸਨ, ਬਾਬਾ ਜੀ ਉਨ੍ਹਾਂ ਦੇ ਹਥਾਂ ਦਾ ਪੱਕਿਆ ਫੁਲਕਾ ਹੀ ਛਕਣਾ ਪਸੰਦ ਕਰਦੇ ਰਹੇ ਸਨ। ਇਕ ਛੋਟਾ ਜਿਹਾ ਲਕੜ ਦਾ ਸਟੂਲ ਅਤੇ ਬੈਂਤ ਦੀ ਕੁਰਸੀ ਰਸੋਈ ਦੇ ਬਾਹਿਰ ਚੁਲ੍ਹੇ ਦੇ ਕੋਲ ਹੀ ਰਖ ਦਿਤੇ ਜਾਂਦੇ ਸੀ। ਜਿਥੇ ਉਹ ਫੁੱਲ-ਫੁੱਲ ਕੇ ਲਹਿੰਦੇ ਹੋਏ ਨਿੱਕੇ ਨਿੱਕੇ ਦੋ ਫੁਲਕਿਆਂ ਦਾ ਇੰਤਜ਼ਾਰ ਕਰਦੇ ਸਨ। ਬਾਬਾ ਜੀ ਆਪ ਉਨ੍ਹਾਂ ਨੂੰ 'ਬਿਸ਼ਨ ਕੌਰੇ ਜੀ' ਆਖ ਕੇ ਹੀ ਵਾਜ ਮਾਰਿਆ ਕਰਦੇ ਸਨ ਤੇ ਉਹ ਹਮੇਸ਼ਾ ਅਗੋਂ 'ਦਸੋ ਜੀ, ਸਤਿ ਬਚਨ ਜੀ' ਕਹਿ ਕੇ ਹੀ ਹੁੰਗਾਰਾ ਦੇਂਦੇ ਸਨ। ਵਡੇ ਭੂਆ ਜੀ ਦੀ ਇਹੀ ਆਖਰੀ ਖਾਹਿਸ਼ ਸੀ ਕਿ ਉਹ ਬਾਬਾ ਜੀ ਦੇ ਹਥਾਂ ਵਿਚ ਈ ਸੁਰਖਰੂ ਹੋਣ ਤੇ ਹੋਇਆ ਵੀ ਇਸਤਰਾਂ ਹੀ ਸੀ।

ਪਰਿਵਾਰ ਵਿਚ ਸਾਡੇ ਵਲੋਂ ਸ਼ਰਾਰਤਾਂ ਕਰਨ ਤੇ ਕਈ ਵੇਰ ਪੁੱਠੇ ਕੰਮਾਂ ਦੇ ਬਾਵਜੂਦ ਬਾਬਾ ਜੀ ਨੇ ਸਾਨੂੰ ਗੁੱਸੇ ਵਿਚ ਕਦੇਝਿੜਕਿਆ ਨਹੀਂ ਸੀ । ਮੇਰੇ ਅਤੇ ਚਚੇਰੇ ਭੈਣਾਂ ਭਰਾਵਾਂ ਸਮੇਤ ਅਸੀਂ ਅਧੀ ਦਰਜਨ ਬੱਚਿਆਂ ਵਿਚੋਂ ਜਦੋਂ ਮੈਂ ਛੋਟਾ ਸਾਂ ਤੇ ਕੋਲ ਹੁੰਦਾ ਤਾਂ ਉਹ ਅਕਸਰ ਮੈਨੂੰ ਹੀ ਵਾਜ ਮਾਰਦੇ, ਆਪਣੇ ਕੋਲ ਬੁਲਾ ਲੈਂਦੇ ਤੇ ਸਕੂਲ ਬਾਰੇ ਕੋਈ ਗਲ ਪੁਛ ਲੈਂਦੇ।

ਸ਼ਾਇਦ ਇਸ ਲਈ ਕਿ ਮੈਂ ਸੁਣ ਕੇ ਤੁਰੰਤ ਪਹੁੰਚ ਜਾਂਦਾ ਤੇ ਕੁਝ ਇਸ ਲਈ ਵੀ ਕਿ ਉਹ ਛੋਟੇ ਮੋਟੇ ਕੰਮ ਜੋ ਉਹ ਆਪ ਨਾ ਕਰ ਸਕਦੇ, ਲੋਲੋ ਪੋਪੋ ਕਹਿ ਕੇ ਮੇਰੇ ਤੋਂ ਕਰਵਾ ਲੈਂਦੇ ਸਨ। ਮੇਰਾ ਉਨ੍ਹਾਂ ਨਾਲ ਬਾਬੇ ਪੋਤੇ- ਦੋਹਤੇ ਵਾਲਾ ਰਿਸ਼ਤਾ ਇਸ ਕਦਰ ਪੱਕਾ ਹੋ ਗਿਆ ਸੀ ਕਿ ਸਟਾਫ ਮੈਨੂੰ ਬਾਬੇ ਡੇਰੇ ਵਾਲਾ






ਮੁੰਡਾ ਤੇ ਸਕੂਲੀ ਬੱਚੇ ਖੇਡ ਖੇਡ ਵਿਚ ਬਾਬਾ ਵੀ ਆਖ ਦਿੰਦੇ ਸਨ।

ਪੰਜਵੀਂ ਛੇਵੀਂ ਜਮਾਤ ਤਕ ਛੋਟੇ ਮੋਟੇ ਹੋਰ ਕੰਮਾਂ ਤੋਂ ਇਲਾਵਾ ਮੇਰੀ ਪੱਕੀ ਡਿਊਟੀ ਇਹ ਸੀ ਕਿ ਪੰਜੇ ਦਿਨ ਸ਼ਾਮ ਨੂੰ ਪਿੰਡੋਂ ਜਾ ਕੇ ਉਰਦੂ ਵਿਚ ਛਪਦਾ 'ਨਯਾ ਜ਼ਮਾਨਾ' ਅਖਬਾਰ ਉਨ੍ਹਾਂ ਲਈ ਲਿਆਉਣਾ ਹੁੰਦਾ ਸੀ। ਉਹ ਅਖਬਾਰ ਭਕਨੇ ਪਿੰਡ ਰਹਿੰਦਾ ਇਕ ਦੋਧੀ ਅੰਮ੍ਰਿਤਸਰ ਤੋਂ ਬਾਬਾ ਜੀ ਵਾਸਤੇ ਲੈ ਕੇ ਆਉਂਦਾ ਹੁੰਦਾ ਸੀ। ਮੈਂ ਕਈ ਵੇਰ ਸਕੂਲ ਦੇ ਕੰਮ ਦਾ ਬਹਾਨਾ ਲਾ ਕੇ ਵਿੱਟਰ ਜਾਂਦਾ ਸਾਂ। ਅਸਲ ਵਿਚ ਉਸ ਦੋਧੀ ਦਾ ਘਰ ਡੇਰੇ ਤੋਂ ਸਵਾ ਕੁ ਮੀਲ ਦੀ ਵਿੱਥ ਤੇ ਭਕਨੇ ਪਿੰਡ ਦੀ ਦੂਜੀ ਬਾਹੀ ਸ਼ਿਵ-ਦਵਾਲੇ ਵਾਲੇ ਪਾਸੇ ਨੂੰ ਸੀ। ਸ਼ਾਮ ਨੂੰ ਓਹੀ ਸਮਾਂ ਨਾਲ ਲਗਦੀ ਸਕੂਲ ਦੀ ਗਰਾਉਂਡ ਵਿਚ ਫੁੱਟ ਬਾਲ ਖੇਡਣ ਦਾ ਸਮਾਂ ਹੁੰਦਾ ਸੀ।ਮੇਰੀਆਂ ਲਤਾਂ ਅਜੇ ਸਾਈਕਲ ਤੇ ਪਹੁੰਚਣ ਜੋਗੀਆਂ ਨਹੀਂ ਸਨ ਹੋਈਆਂ। ਉਂਜ ਵੀ ਘਰ ਵਿਚ ਕੋਈ ਸਾਈਕਲ ਹੈ ਵੀ ਨਹੀਂ ਸੀ ।

ਤੁਰ ਕੇ ਜਾਣਾ ਹੁੰਦਾ ਸੀ। ਬਾਬਾ ਜੀ ਮੇਰਾ ਬਹਾਨਾ ਵੀ ਤੇ ਮੇਰੀ ਮੁਸ਼ਕਿਲ ਨੂੰ ਵੀ ਖੂਬ ਸਮਝਦੇ ਸਨ। ਇਸ ਵਾਸਤੇ ਉਨ੍ਹਾਂ ਨੇ ਮੈਨੂੰ ਮੋਟੀ ਲੋਹੇ ਦੀ ਸੀਖ ਨਾਲ ਇਕ ਗੋਲ-ਮੋਲ ਪਹੀਆ-ਨਮਾ ਰੇਹੜ੍ਹਾ ਬਣਵਾ ਕੇ ਦੇ ਦਿੱਤਾ ਹੋਇਆ ਸੀ। ਉਸ ਵਿਚ ਕੁੰਡੀ ਵਾਲੀ ਤਾਰ ਫਸਾ ਕੇ ਨੰਗੇ ਪੈਰੀਂ ਜਦੋਂ ਮੈਂ ਭਕਨੇ ਨੂੰ ਜਾਂਦੀ ਹੋਈ ਕਚੀ ਸੜਕ ਤੇ ਭਜਾਉਂਦਾ ਤਾਂ ਪਤਾ ਨਾ ਲਗਦਾ ਕਦੋਂ ਦੋਧੀ ਬਾਬਾ ਗੁੱਜਰ ਸਿੰਘ ਦੇ ਘਰੋਂ ਅਖਬਾਰ ਲੈ ਕੇ ਵਾਪਿਸ ਵੀ ਆ ਜਾਂਦਾ। ਅਖਬਾਰ ਲਿਆਉਣ ਲਈ ਉਹ ਮੇਰਾ ਧੰਨਵਾਦ ਵੀ ਕਰਦੇ ਤੇ ਕਦੇ ਕਦੇ ਮੈਨੂੰ ਨਕਦ ਇਕ ਆਨਾ ਜੇਬ-ਖਰਚ ਲਈ ਵੀ ਦੇ ਦੇਂਦੇ ਤੇ ਹਦਾਇਤ ਕਰਦੇ ਕਿ ਗੁਰੇ ਰੇਹੜੂ ਵਾਲੇ ਦੀ ਦੁਕਾਨ ਤੋਂ ਸਿਰਫ ਸੰਤਰਾ ਲੈ ਕੇ ਖਾਵੀਂ, ਕੁਝ ਹੋਰ ਨਾ ਖਰੀਦੀਂ। ਮੈਂ ਕਈ ਵੇਰ ਸੰਤਰਾ ਵੀ ਨਾ ਖਰੀਦ ਦਾ ਤੇ ਉਹ ਆਨਾ ਬਾਬੇ ਬੁਢੇ ਜਾਂ ਪੀਰ-ਹਦੂਰੀ ਦੇ ਮੇਲੇ ਤੇ ਖਰਚਣ ਲਈ ਬਚਾ ਕੇ ਰਖ ਲੈਂਦਾ ਸਾਂ।

ਉਹ ਦੁਧ ਢੋਣ ਵਾਲਾ ਦੋਧੀ ਵੀ ਕੋਈ ਹੋਰ ਨਹੀਂ ਸੀ। ਬਾਬਾ ਜੀ ਦਾ ਜਿਗਰੀ ਦੋਸਤ ਦੇਸ਼-ਭਗਤ ਬਾਬਾ ਗੁੱਜਰ ਸਿੰਘ ਸੀ। ਉਹ ਵੀ ਗਦਰੀ ਘੁਲਾਟੀਏ ਸਨ ਤੇ ਬਾਬਾ ਜੀ ਨਾਲ ਬਹੁਤ ਸਨੇਹ ਰਖਦੇ ਸਨ।ਉਹ ਅਮਰੀਕਾ ਤਾਂ ਨਹੀਂ ਸੀ ਗਏ, ਸ਼ੰਘਾਈ ਵਿਚ ਕੰਮ ਕਰਦਿਆਂ ਗਦਰੀਆਂ ਦੇ ਸੰਪਰਕ ਵਿਚ ਆਏ ਸਨ ਤੇ ਵਾਪਿਸ ਪਰਤ ਕੇ ਫਿਰ ਬਾਬਾ ਸੋਹਣ ਸਿੰਘ ਜੀ ਵਾਂਗ ਹੀ ਉਨ੍ਹਾਂ ਨੇ ਵੀ ਮੁੜ੍ਹ ਕੇ ਘਰ ਵਲ ਨਹੀਂ ਸੀ ਵੇਖਿਆ। ਬਾਬਾ ਗੁੱਜਰ ਸਿੰਘ ਬਾਬਾ ਜੀ ਨਾਲੋਂ ਉਮਰ ਵਿਚ 9-10 ਸਾਲ ਛੋਟੇ ਹੋਣਗੇ ਤੇ ਜੇਲ੍ਹਾਂ ਦੀਆਂ ਜਾਨ-ਲੇਵਾ ਭੁਖ-ਹੜਤਾਲਾਂ ਦੀ ਮਾਰ ਤੋਂ ਵੀ ਬਚੇ ਰਹੇ ਸਨ। ਬਜ਼ੁਰਗ ਤੇ ਉਹ ਵੀ ਕਾਫੀ ਹੋ ਗਏ ਸਨ ਪਰ ਅਜੇ ਸਾਈਕਲ ਚਲਾ ਲੈਂਦੇ ਸਨ ਅਤੇ ਅੰਮ੍ਰਿਤਸਰ ਖਾਲਸਾ ਕਾਲਜ ਦੇ ਸਾਹਮਣੇ ਵਾਲੀ ਆਪਣੇ ਛੋਟੇ ਭਰਾ ਬਾਬਾ ਸੂਬਾ ਸਿੰਘ ਦੀ ਖੋਏ ਦੀ ਦੁਕਾਨ ਤੇ 15-16 ਮੀਲ ਦੂਰ ਰੋਜ਼ ਦੁਧ ਪਾਉਣ ਜਾਇਆ ਕਰਦੇ ਸਨ। ਦੁੱਖ ਦੀ ਗੱਲ ਤਾਂ ਇਹ ਹੈ ਕਿ ਉਸ ਉਮਰ ਵਿਚ ਵੀ ਸਾਡੇ ਦੇਸ਼ਭਗਤਾਂ ਨਾਲ ਆਖਿਰ ਇਸਤਰਾਂ ਕਿਉਂ ਹੋ ਰਿਹਾ ਸੀ। 6 ਸਤੰਬਰ 1975 ਨੂੰ ਉਨ੍ਹਾਂ ਦਾ ਦਿਹਾਂਤ ਹੋਇਆ ਸੀ ।ਹੁਣ ਜਦੋਂ ਮੈਂ ਉਨ੍ਹਾਂ ਦੀ ਉਮਰ ਭਰ ਦੀਆਂ ਕੁਰਬਾਨੀਆਂ ਅਤੇ ਆਜ਼ਾਦ ਦੇਸ-ਵਾਸੀਆਂ ਦੀ ਆਪਣੀ ਸਰਕਾਰ ਵਲੋਂ ਉਸ ਬ੍ਰਿਧ ਅਵਸਥਾ ਵਿਚ ਵੀ ਦਿਤੇ ਹੋਏ ਉਸ ਸਿਲੇ ਬਾਰੇ ਸੋਚਦਾ ਹਾਂ ਤਾਂ ਰੋਣ ਨੂੰ ਜੀਅ ਕਰਦਾ ਹੈ। ਅਜਿਹੇ ਦੇਸ਼ਭਗਤਾਂ ਜਿਨ੍ਹਾਂ ਦੇਸ਼ ਨੂੰ ਦਿੱਤਾ ਹੀ ਦਿੱਤਾ ਤੇ ਆਪ ਲਈ ਕੁਝ



ਵੀ ਨਾ ਮੰਗਿਆ, ਹੁਣ ਉਨ੍ਹਾਂ ਦੇ ਬੁੱਤ ਬਣਾਉਣ ਤੇ ਲਗਾਉਣ ਦਾ ਭਲਾ ਕੀ ਅਰਥ? ਕਾਸ਼! ਉਨ੍ਹਾਂ ਦੇ ਵਾਰਿਸਾਂ ਤੇ ਵਾਰਸ ਸਰਕਾਰਾਂ ਨੇ ਜੀਉਂਦੇ-ਜੀਅ ਉਨ੍ਹਾਂ ਅਣਮੋਲ ਹੀਰਿਆਂ ਦੀ ਸਾਰ ਲਈ ਹੁੰਦੀ ।

ਬਾਬਾ ਗੁੱਜਰ ਸਿੰਘ ਹੁਰਾਂ ਵਿਚ ਵੀ ਨਿਮ੍ਰਤਾ ਐਨੀ ਕਿ ਬਜ਼ੁਰਗ ਉਮਰ ਵਿਚ ਸ਼ਾਮਾਂ ਨੂੰ ਹੱਥ ਨਾਲ ਪੱਠੇ ਕੁਤਰਨ ਵੇਲੇ ਮਸ਼ੀਨੀਂ ਟੋਕੇ 'ਤੇ ਪੱਠੇ ਕੁਤਰ ਰਹੇ ਸੀਰੀ ਨਾਲ ਟੋਕੇ ਦੇ ਦਸਤੇ ਨੂੰ ਲੰਬੀ ਰਸੀ ਬੰਨ੍ਹ ਕੇ ਹੱਥ ਵਟਾਉਂਦੇ ਮੈਂ ਵੇਖਦਾ ਰਿਹਾ ਸਾਂ। ਉਹ ਪੱਠਿਆਂ ਦਾ ਦੱਥਾ ਟੋਕੇ ਦੇ ਪਨਾਲੇ ਵਿਚ ਬੀੜ ਕੇ ਸੀਰੀ ਦੀ ਮਦਦ ਲਈ ਝਟ ਅਗੇ ਹੋ ਕੇ ਰਸੀ ਖਿੱਚਣ ਲਗ ਜਾਂਦੇ। ਅਖਬਾਰ ਲੈਣ ਲਈ ਘਰ ਆਇਆ ਵੇਖ ਕੇ ਬਾਬਾ ਗੁੱਜਰ ਸਿੰਘ ਇਕ ਪਲ ਲਈ ਰੁਕ ਜਾਂਦੇ। ਮੀਂਹ-ਕਣੀ ਤੇ ਰਸਤੇ ਵਿਚ ਹਵਾ ਤੋਂ ਪਾਟਣੋਂ ਬਚਾ ਕੇ ਮੋਮੀ ਜਿਹੇ ਕਾਗਜ਼ ਵਿਚ ਲਪੇਟੀ ਉਨਯਾ ਜ਼ਮਾਨਾ" ਅਖਬਾਰ ਨੂੰ ਉਹ ਕੱਚੇ ਕੋਠੇ ਦੀ ਕੰਧ ਨਾਲ ਖਲੋਤੇ ਸਾਈਕਲ ਦੀ ਹੈਂਡਲ ਤੇ ਲਮਕਦੇ ਝੋਲੇ ਵਿਚੋਂ ਕਢਦਿਆਂ ਮੈਨੂੰ ਛੇੜਦੇ। ਅਖਬਾਰ ਮੇਰੇ ਹੱਥ ਦੇਣ ਤੋਂ ਪਹਿਲਾਂ ਆਖਦੇ, "ਸੁਣਾ ਬਈ ਜਵਾਨਾ ਅਜ ਵੀ ਰੇਹੜੇ ਤੇ ਆਇਆ ਏਂ ਕਿ ਤੁਰ ਕੇ"? ਮੈਂ ਉਨ੍ਹਾਂ ਦੀ ਟਿੱਚਰ ਨੂੰ ਸੁਣੀ ਅਣ-ਸੁਣੀ ਕਰ ਕੇ ਅਖਬਾਰ ਫੜਦਾ ਤੇ ਵਾਪਿਸ ਹੋ ਲੈਂਦਾ। ਉਸ ਉਮਰ ਵਿਚ ਮੈਂ ਕੇਡਾ ਸਿੱਧੜ ਤੇ ਬੇਖਬਰ ਸਾਂ; ਉਹ ਆਮ ਬਾਬਿਆਂ ਵਰਗੇ ਬਾਬੇ ਨਹੀਂ ਸਨ, ਉਹ ਤਾਂ ਸੰਸਥਾਵਾਂ ਸਨ।

ਪਰ ਜਦੋਂ ਤੀਕ ਮੈਨੂੰ ਇਸ ਸੱਚਾਈ ਦਾ ਪੂਰਾ ਅਹਿਸਾਸ ਹੋਇਆ, ਉਹ ਦੂਰ ਜਾ ਚੁਕੇ ਸਨ।
ਕੁੱਤਬ ਸਾਹਿਬ ਦੀ ਲਾਠ ਜੋ ਹੁਣ ਉਥੇ ਨਹੀਂ ਰਹੀ।

ਕਦੇ ਕਦੇ ਬਾਬਾ ਗੁੱਜਰ ਸਿੰਘ ਕਿਸੇ ਕਾਰਣ ਅੰਮ੍ਰਿਤਸਰੋਂ ਦੇਰ ਨਾਲ ਆਉਂਦੇ ਤਾਂ ਮੈਂ ਉਨ੍ਹਾਂ ਦੇ ਘਰ ਬੈਠਾ ਉਡੀਕ ਕਰਨ ਦੀ ਬਜਾਏ ਤਾਰ ਵਾਲਾ ਰੇੜ੍ਹਾ ਲੈ ਕੇ

(ਬਾਕੀ ਅਗਲੇ ਸਫੇ 'ਤੇ)

# ਕਿਰਤੀ-ਕਿਸਾਨਾਂ ਦੀ ਇਕਜੁੱਟਤਾ ਵੱਲ ਵਧਣ ਦੀ ਸੂਚਕ - 8 ਜਨਵਰੀ 2020 ਦੀ ਦੇਸ਼ ਵਿਆਪੀ ਹੜਤਾਲ

ਗੁਰਮੀਤ ਸਿੰਘ ਢੱਡਾ
91-98720-89144

ਇਹ ਚਿੱਟੇ ਦਿਨ ਦੀ ਤਰ੍ਹਾਂ ਸੱਚ ਹੈ ਕਿ ਸਾਡੇ ਦੇਸ਼ ਦਾ ਕਿਸਾਨ ਲਗਾਤਾਰ ਮੰਦੀ ਦਾ ਸ਼ਿਕਾਰ ਹੋ ਰਿਹਾ ਹੈ। ਪਿਛਲੇ ਕੁਝ ਸਾਲਾਂ ਤੋਂ ਸਿਰ ਚੜ੍ਹੇ ਕਰਜ਼ੇ ਦਾ ਭਾਰ ਨਾ ਸਹਿਣ ਕਾਰਨ ਖੁਦਕੁਸ਼ੀਆਂ ਦਾ ਰਾਹ ਫੜ ਰਿਹਾ ਹੈ। ਇਕੱਲਾ ਕਿਸਾਨ ਹੀ ਨਹੀਂ ਖੇਤੀਹਾਰੇ ਵਿੱਚ ਜੁੱਟੇ ਹੋਰ ਕਿਰਤੀ ਵੀ ਕਿਸਾਨ ਦੇ ਨਾਲ ਮੰਦੀ ਦਾ ਬਹੁਤ ਵੱਡਾ ਅਸਰ ਕਬੂਲ ਰਿਹਾ ਹੈ।

ਇਹ ਵੀ ਸੱਚ ਹੈ ਕਿ ਖੇਤੀ ਧੰਦੇ ਵਿੱਚ ਲੱਗਾ ਹੱਲਵਾਹਕ ਮੋਟੇ ਤੌਰ 'ਤੇ ਸਾਲ ਵਿੱਚ ਤਿੰਨ ਵਾਰ ਲੁੱਟਿਆ ਜਾ ਰਿਹਾ ਹੈ। ਪਹਿਲੀ ਵਾਰ ਉਦੋਂ ਜਦੋਂ ਖੇਤੀ ਉਪਜਾਂ ਲਈ ਖਾਦ, ਕੀੜੇਮਾਰ ਦਵਾਈਆਂ, ਡੀਜ਼ਲ, ਸੰਦ ਸੁਵੇੜਾ ਆਦਿ, ਜਿੰਨ੍ਹਾਂ ਦਾ ਆਏ ਸਾਲ ਮੁੱਲ ਵੱਧਦਾ ਜਾ ਰਿਹਾ ਹੈ, ਖਰੀਦਣ ਸਮੇਂ ਕਿਸਾਨ ਲੁੱਟ ਹੁੰਦਾ ਜਾ ਰਿਹਾ ਹੈ। ਦੂਜੀ ਵਾਰ, ਜਦੋਂ ਪਾਲੇ ਦੀਆਂ ਰਾਤਾਂ ਵਿੱਚ ਕੰਮ ਕਰਦਾ, ਸੱਪਾਂ ਦੀਆਂ ਸਿਰੀਆਂ ਮਿਧਦਾ, ਮੰਦੇ ਚੰਗੇ ਮੌਸਮ ਦੀ ਮਾਰ ਝੱਲਣ ਪਿੱਛੋਂ, ਉਹ ਆਪਣੀ ਜਿਨਸ ਵੇਚਣ ਲਈ ਮੰਡੀ ਵਿੱਚ ਜਾ ਸੁੱਟਦਾ ਹੈ। ਉਥੇ ਵੀ ਉਹ ਲਾਹੇਵੰਦ ਭਾਅ ਲੈਣ ਲਈ ਕਿਸੇ ਦੂਜੇ ਦੀ ਰਹਿਮਦਾਰੀ ਵੱਲ ਤਰਸ ਭਰੀਆਂ ਅੱਖਾਂ ਨਾਲ, ਫ਼ਸਲ 'ਤੇ ਕੀਤੇ ਲਾਗਤ ਖਰਚਿਆਂ ਤੋਂ ਕੁਝ ਉਪਰ ਮੁੱਲ ਵੱਟਣ ਲਈ ਆਪਣੇ ਮਨ ਵਿੱਚ ਅਰਦਾਸ ਕਰਦਾ ਹੈ।ਕਿਡੀ ਹੈਰਾਨੀ ਦੀ ਗੱਲ ਹੈ ਕਿ ਇਹ ਕਿਸਾਨ ਆਪਣੀ ਜਿਨਸ ਵੇਚਣ ਸਮੇਂ ਪਰਬਸ ਹੋ ਜਾਂਦਾ ਹੈ ਪਰ ਆਪਣੇ ਖੇਤਾਂ ਦੇ ਬੰਨੇ ਖੜ੍ਹੇ ਦਰਖੱਤ ਅਤੇ ਆਪਣੀ ਗਾਂ-ਮੱਝ ਵੇਚਣ ਸਮੇਂ ਤਾਂ ਇਹ ਆਪਣੀ ਮਰਜ਼ੀ ਦਾ ਭਾਅ ਲਗਾਉਣ ਵਿੱਚ ਅਜੇ ਸਫ਼ਲ ਹੋ ਰਿਹਾ ਹੈ। ਇਹ ਕਿਸਾਨ ਤੀਜੀ ਵਾਰ ਉਦੋਂ ਵੀ ਲੁੱਟ ਹੁੰਦਾ ਹੈ, ਜਦੋਂ ਉਹ ਮੰਡੀ ਵਿੱਚ ਸੁੱਟੀ ਗਈ ਆਪਣੀ ਹੀ ਫ਼ਸਲ, ਜਦੋਂ ਕਾਰਖਾਨਿਆਂ ਵਿੱਚ ਦੀ ਹੋ ਕੇ ਮੁੜ ਵਿਕਣ ਲਈ ਬਾਜ਼ਾਰਾਂ ਵਿੱਚ ਆ ਜਾਂਦੀ ਹੈ, ਉਦੋਂ ਘਰ ਵਿੱਚ ਵਰਤੀਆਂ ਜਾਂਦੀਆਂ ਖੰਡ, ਘਿਉ, ਕੱਪੜਾ, ਤੇਲ, ਦਾਲਾਂ ਆਦਿ ਚੌਦਾਂ ਚੀਜ਼ਾਂ, ਜੋ ਘਰ ਵਿੱਚ ਹਰ ਰੋਜ਼ ਵਰਤੀਆਂ ਜਾਂਦੀਆਂ ਹਨ, ਦੀ ਖਰੀਦ ਕਰਦਾ ਹੈ।

ਇਹ ਵੀ ਸੱਚ ਹੈ ਕਿ ਆਪਣਾ ਦੇਸ਼ ਖੇਤੀ ਪ੍ਰਧਾਨ ਦੇਸ਼ ਹੈ। ਇਸ ਦੇਸ਼ ਦੀ ਕੁੱਲ ਵਸੋਂ ਦਾ ਲਗਭਗ 75% ਹਿੱਸਾ ਇਸ ਧੰਦੇ ਤੋਂ ਆਪਣੀ ਉਪਜੀਵਕਾ ਦਾ ਤੋਰਾ ਤੋਰਦਾ ਹੈ। ਇਸ ਧੰਦੇ 'ਤੇ ਨਿਰਭਰ ਇਹ ਲੋਕਾਈ ਜੇ ਮੰਦੀ ਦੀ ਸ਼ਿਕਾਰ ਹੁੰਦੀ ਹੈ ਤਾਂ ਬਾਜ਼ਾਰ ਵਿੱਚ ਖੁੱਲ੍ਹੀਆਂ ਹੋਈਆਂ ਪ੍ਰਚੂਨ ਦੀਆਂ ਦੁਕਾਨਾਂ ਵਿੱਚ ਰੱਖੇ ਸਾਮਾਨ ਦੀ ਵਿਕਰੀ ਵੀ ਘੱਟ ਹੋ ਜਾਂਦੀ ਹੈ ਅਤੇ ਉਹ ਦੁਕਾਨਦਾਰ ਵੀ ਮੰਦੀ ਦਾ ਸ਼ਿਕਾਰ ਹੋ ਜਾਂਦੇ ਹਨ।

ਮਾਲ ਮਹਿਕਮੇ ਦਾ ਸਰਵਾ ਦੱਸਦਾ ਹੈ ਕਿ ਦੇਸ਼ ਦੀ ਇਸ 75ਗ਼ ਵਸੋਂ ਦੇ ਹਿੱਸੇ ਵਿੱਚ ਦੇਸ਼ ਦੀ ਕੁੱਲ ਜ਼ਮੀਨ ਦਾ 25% ਹੀ ਹਿੱਸਾ ਆਉਂਦਾ ਹੈ। ਜਦਕਿ 25% ਵਸੋਂ ਦੇ ਹਿੱਸੇ ਕੁੱਲ ਜ਼ਮੀਨ ਦਾ 75% ਆਉਂਦਾ ਹੈ। ਵਿਗਿਆਨਕ ਸਮਝਦਾਰੀ ਨਾਲ ਪਰਨਾਈ ਕਿਸਾਨ ਜਥੇਬੰਦੀ ਅਤੇ ਕਿਰਤੀਆਂ ਦੀਆਂ ਹੋਰ ਜਥੇਬੰਦੀਆਂ ਵਿੱਚ, ਜੋ ਲਗਾਤਾਰ ਮੁਹਰਲੀਆਂ ਕਤਾਰਾਂ ਵਿੱਚ ਜੁੱਟੇ ਹੋਏ ਆਗੂ ਹਨ, ਇਹ ਚਿੰਤਾ ਪ੍ਰਗਟ ਕਰ ਰਹੇ ਹਨ ਕਿ ਅੱਜ ਦੀ ਸਰਮਾਏਦਾਰ ਜਮਾਤਾਂ ਪੱਖੀ ਸਰਕਾਰ ਜੋ ਬੀਜੇਪੀ ਅਤੇ ਆਰ.ਐਸ.ਐਸ. ਦੀ ਅਗਵਾਈ ਵਿੱਚ ਚੱਲ ਰਹੀ ਹੈ, ਲਿਫ਼ਾ-ਫੇਬਾਜ਼ੀ ਛੱਡਕੇ ਇਸ ਗੰਭੀਰ ਸਮੱਸਿਆ ਦੀ ਜੇ ਕੋਈ ਫ਼ਿਕਰ-ਮੰਦੀ ਨਹੀਂ ਕਰਦੀ, ਤਾਂ ਹੋਲੀ ਹੋਲੀ ਕਿਸਾਨੀ ਧੰਦੇ ਵਿੱਚ ਲੱਗੀ ਇਹ ਛੋਟੀ ਤੇ ਦਰਮਿਆਨੀ ਕਿਸਾਨੀ ਖੇਤੀਹਾਰੇ ਤੋਂ ਬਾਹਰ ਹੋ ਜਾਏਗੀ ਅਤੇ ਰੋਜ਼ਗਾਰ ਦੀ ਭਾਲ ਵਿੱਚ ਸ਼ਹਿਰਾਂ ਦੀਆਂ ਸੜਕਾਂ ਉਪਰ, ਜਿੱਥੇ ਰੁਜ਼ਗਾਰ ਦੀ ਉਡੀਕ ਵਿੱਚ ਪਹਿਲਾਂ ਹੀ ਭਾਰੀ ਗਿਣਤੀ ਵਿੱਚ ਲੋਕ, ਹਰ ਰੋਜ਼ ਚੌਂਕਾਂ ਵਿੱਚ ਇਕੱਠੇ ਹੁੰਦੇ ਹਨ, ਵਿੱਚ ਆ ਸ਼ਾਮਿਲ ਹੋਣਗੇ। ਸਿੱਟੇ ਵਜੋਂ ਰੁਜ਼ਗਾਰ ਨਾ ਮਿਲਣ ਦੀ ਸੂਰਤ ਵਿੱਚ ਲੁੱਟਾਂ-ਖੋਹਾਂ ਅਤੇ ਹੋਰ ਅਸਭਿਆਕ ਕਾਰਨਾਮੇ ਕਰਨ ਵਾਲੀ ਪਹਿਲਾ ਹੀ ਵੱਡੀ ਧਾੜ



ਵਿੱਚ ਜਾ ਸ਼ਾਮਿਲ ਹੋਣਗੇ।

ਇਸ ਗੰਭੀਰ ਸਮਸਿਆ ਦਾ ਦੇਸ਼ ਦੇ ਮੌਜੂਦਾ ਹਾਕਮ ਪੂਰਾ ਪੂਰਾ ਲਾਹਾ ਵੀ ਲੈ ਰਹੇ ਹਨ। ਇਹ ਹਾਕਮ ਜਮਾਤਾਂ ਇਸ ਵਿਹਲੀ ਹੁੰਦੀ ਜਾ ਰਹੀ, ਨੌਜਵਾਨੀ ਨੂੰ ਪਛਾਣ ਦੀ ਰਾਜਨੀਤੀ ਨੂੰ (ਗੁੱਜਰ-ਗੁੱਜਰ, ਜਾਟ-ਜਾਟ, ਹਿੰਦੂ-ਹਿੰਦੂ ਇਕੱਠੇ ਹੋਣ) ਉਭਾਰਨ ਤੇ ਉਕਸਾਉਣ ਦੇ ਨਾਲ-ਨਾਲ ਇਸ ਨੂੰ ਫ਼ਿਰਕੂ ਲੀਹਾਂ ਦੇ ਰਾਹ 'ਤੇ ਤੋਰਨ ਦੀ ਤਾਕ ਵਿੱਚ ਸਦਾ ਤਤਪਰ ਰਹਿੰਦੀਆਂ ਹਨ ਅਤੇ ਇਨ੍ਹਾਂ ਲੁਟੇਰੀਆਂ ਜਮਾਤਾਂ ਦੀਆਂ ਕਿਰਤੀ ਜਨਸਮੂਹ ਵਿਰੋਧੀ ਨੀਤੀਆਂ ਕਾਰਨ ਇਹ ਕਿਰਤੀ ਨਰਕੀ ਜ਼ਿੰਦਗੀ ਭੋਗ ਰਹੇ ਹਨ, ਕਿਰਤੀਆਂ ਦੀਆਂ ਅਸਲ ਮੁਸ਼ਕਲਾਂ ਤੋਂ ਉਨ੍ਹਾਂ ਦਾ ਧਿਆਨ ਲਾਂਭੇ ਕਰਨ ਲਈ ਇਨ੍ਹਾਂ ਨੂੰ ਦੰਗੇ ਫਸਾਦ ਕਰਨ ਵਿੱਚ ਉਲਝਾਈ ਰੱਖਣ ਦਾ ਕੋਈ ਵੀ ਮੌਕਾ ਹੱਥੋਂ ਨਹੀਂ ਗਵਾਉਂਦੀਆਂ।

ਅੱਜ ਦੀਆਂ ਮੌਜੂਦਾਂ ਹਾਲਤਾਂ ਦਾ ਟਾਕਰਾ ਕਰਨ ਲਈ ਮਾਰਕਸਵਾਦ, ਲੈਨਿਨਵਾਦ ਦੀ ਵਿਗਿਆਨਕ ਸਮਝਦਾਰੀ ਨਾਲ ਪਰਨਾਏ ਕਿਰਤੀ ਧਿਰ ਦੇ ਆਗੂਆਂ ਨੂੰ ਇਸ ਪੱਖੋਂ ਬਹੁਤ ਸੁਚੇਤ ਹੋਣ ਦੀ ਲੋੜ ਹੈ। ਉਹ ਪੈਦਾਵਾਰ ਕਰਨ ਵਿੱਚ ਜੁੱਟੇ ਸਮੂਹ ਕਿਰਤੀਆਂ ਨੂੰ ਉਨ੍ਹਾਂ ਦੇ ਕਿੱਤੇ ਵਿੱਚ ਬਣੀਆਂ ਹੋਈਆਂ ਜਥੇਬੰਦੀਆਂ ਦਾ ਘੇਰਾ ਹੋਰ ਤੋਂ ਹੋਰ ਵਿਸ਼ਾਲ ਕਰਨ ਦਾ ਲਗਾਤਾਰ ਉਪਰਾਲਾ ਕਰਨ, ਤਾਂ ਜੋ ਹਾਕਮ ਜਮਾਤਾਂ ਵੱਲੋਂ ਇਸ ਕਿਰਤ ਦੀ ਧਿਰ ਨੂੰ ਆਪਸ ਵਿੱਚ ਧਰਮਾਂ, ਜਾਤਾਂ ਦੇ ਨਾਂਅ 'ਤੇ ਵੰਡ ਕੇ ਦੰਗੇ ਫਸਾਦ ਕਰਾਉਣ ਵਿੱਚ ਸਫ਼ਲ ਨਾ ਹੋ ਸਕਣ। ਅੱਜ ਲੋੜਾਂ ਦੀ ਲੋੜ ਇਹ ਹੈ ਕਿ ਕਿਰਤੀਆਂ ਵੱਲੋਂ ਮਹਿੰਗਾਈ, ਬੇਰੁਜ਼ਗਾਰੀ, ਭ੍ਰਿਸ਼ਟਾਚਾਰ ਆਦਿ ਹੋਰ ਹੱਕੀ ਮੰਗਾਂ ਦੇ ਨਿਪਟਾਰੇ ਲਈ ਲੜਦੇ ਸਮੇਂ ਇਨ੍ਹਾਂ ਦੇ ਮੋਢਿਆਂ ਉਪਰ ਚੁੱਕਿਆ ਜਿੱਤ ਦਾ ਸੂਚਕ ਦਾਤੀ-ਹਥੌੜੇ ਦੀ ਇੱਕਜੁਟਤਾ ਵਾਲੇ ਲਾਲ ਝੰਡੇ ਦੀ ਸੌਂਹ ਨੂੰ ਕਿਤੇ ਇਹ ਦੋਖੀ ਸ਼ਕਤੀਆਂ ਖੇਰੂ ਖੇਰੂ ਨਾ ਕਰ ਸਕਣ ਅਤੇ ਆਪਸ ਵਿੱਚ ਹੀ ਆਮਣੋ-ਸਾਹਮਣੇ ਦੀ ਭਰਾ-ਮਾਰ ਲੜਾਈ ਵਿੱਚ ਨਾ ਜੁੱਟ ਜਾਣ ਅਤੇ ਨੀਰੋ ਤਮਾਸ਼ਾ ਦੇਖਦਾ ਰਹੇ। ਕਿਉਂਕਿ ਇਹ ਸਾਮਰਾਜ ਅਤੇ ਦੇਸ਼ ਦਾ ਸਰਮ-ਾਏਦਾਰ ਅਤੇ ਜਾਗੀਰਦਾਰ ਗਠਜੋੜ ਬੁੱਕਲ ਦਾ ਚੋਰ ਹੈ।ਜਿਸ ਦਾ ਭੇਤ ਲਗਾਉਣਾ ਮਾਰਕਸਵਾਦ ਲੈਨਿਨਵਾਦ ਦੀ ਵਿਗਿਆਨਕ ਸਮਝਦਾਰੀ ਨਾਲ ਲੈਸ ਆਗੂਆਂ ਦੇ ਜ਼ਿੰਮੇ ਹੈ।

ਖੇਤੀਹਾਰੇ ਦੀਆਂ ਜਥੇਬੰਦੀਆਂ ਨੂੰ ਜਿਥੇ ਕਿਸਾਨੀ ਵੱਲੋਂ ਮੰਡੀ ਲਈ ਪੈਦਾ ਕੀਤੀ ਜਾ ਰਹੀ ਹਰ ਜਿਨਸ ਦੇ ਪੱਕੇ ਭਾਅ ਨਿਸ਼ਚਿਤ ਕੀਤੇ ਜਾਣ ਦੀ ਮੰਗ ਦੇ ਨਾਲ-ਨਾਲ ਲਾਗਤ ਖ਼ਰਚਿਆਂ ਦੀ ਪੂਰਤੀ ਲਈ ਪਹਿਲਾ ਦਿੱਤੀ ਜਾਂਦੀ ਸਬਸਿਡੀ (ਰਿਆਇਤ) ਹਰ ਹਾਲਤ ਵਿੱਚ ਮੁੜ ਬਹਾਲ ਕਰਨ ਲਈ ਸਿਰ-ਤੋੜ ਜਥੇਬੰਦਕ ਉਪਰਾਲਾ ਕਰਨ ਦੀ ਲੋੜ ਹੈ। ਇਸ ਤਰ੍ਹਾਂ ਕਰਨ ਨਾਲ ਕਿਸਾਨੀ ਜਿਨਸਾਂ ਦੇ ਵੱਧ ਭਾਅ ਮੰਗਣ ਦੀ ਲੋੜ ਨਾ ਰਹੇਗੀ ਅਤੇ ਇਸ ਤਰ੍ਹਾਂ ਕਿਸਾਨੀ ਫ਼ਸਲਾਂ ਦੇ ਲਾਗਤ ਖਰਚੇ ਵੀ ਘੱਟਣਗੇ ਅਤੇ ਅਗੋਂ ਤੋਂ ਸਿੱਧੇ ਤੌਰ 'ਤੇ ਕਣਕ ਤੇ ਝੋਨੇ ਦੀ ਖਰੀਦ ਕਰਦੇ ਹੱਥੀਂ ਹਥੌੜੇ ਫੜੀ ਉਦਯੋਗਾਂ ਵਿੱਚ ਕੰਮ ਕਰਦੇ ਕਾਮਿਆਂ ਦੀ ਅਤੇ ਹੱਥੀਂ ਫੜ੍ਹੀ ਕਲਮਾਂ ਵਾਲਿਆਂ ਚਿੱਟ-ਕੱਪੜੀਆਂ ਦੀ ਖਰੀਦ ਸ਼ਕਤੀ ਤੇ ਵੀ ਬੁਰਾ ਅਸਰ ਨਹੀਂ ਪਵੇਗਾ ਅਤੇ ਨਾ ਹੀ ਹਥੌੜਿਆਂ ਵਾਲੇ ਅਤੇ ਹੱਥੀਂ ਦਾਤੀਆਂ ਫੜ੍ਹੀ ਕਿਰਤੀਆਂ ਦੀ ਇਕਜੁਟਤਾ ਤੇ ਕੋਈ ਮਾੜਾ ਅਸਰ ਪਏਗਾ।ਇਸ ਦੀ ਇਕਜੁੱਟਤਾ ਵਿੱਚ ਵਿਢੀ ਜਾਣ ਵਾਲੀਆਂ ਲੜਾਈਆਂ ਨਾਲ ਹੀ ਇਸ ਧਿਰ ਦੀ ਜਿੱਤ ਯਕੀਨੀ ਹੈ ਅਤੇ ਸਾਮਰਾਜ ਤੇ ਦੇਸ਼ ਦੇ ਹਾਕਮ, ਜੋ ਦੇਸ਼ ਦੀ ਆਰਥਕਤਾ ਦੇ ਨਿੱਜੀ ਰੂਪ ਵਿੱਚ ਕਬਜ਼ਾ ਕਰੀ ਬੈਠੇ ਹਨ, ਦੀ ਹਾਰ ਹੋਣਾ ਯਕੀਨੀ ਹੈ।

ਡੀਜ਼ਲ ਅਤੇ ਖੇਤੀ ਉਪਜਾਂ ਲਈ ਵਰਤੇ ਜਾਂਦੇ ਸੰਦ ਸਵੇੜੇ ਅਤੇ ਢੋਅ ਢੁਆਈ ਲਈ ਵਰਤੀ ਜਾਂਦੀ ਮਸ਼ੀਨਰੀ ਦੀਆਂ ਲਗਾਤਾਰ ਕੀਮਤਾਂ ਵਿੱਚ ਵਾਧਾ ਕਰਨ ਵਿੱਚ ਇਹ ਸਰਮਾਏਦਾਰ ਅਜੇ ਸਫ਼ਲ ਹੋ ਰਹੇ ਹਨ।

ਇਨ੍ਹਾਂ ਪੂੰਜੀਪਤੀ ਤਾਕਤਾਂ ਦੇ ਹੱਥੋਂ ਜਿਥੇ ਕਿਸਾਨੀ ਧੰਦੇ ਵਿੱਚ ਦਾਤੀਆਂ ਨਾਲ ਕੰਮ ਕਰਦੇ ਕਾਮੇ ਦੁਖੀ ਹਨ, ਉਥੇ ਉਦਯੋਗਾਂ ਵਿੱਚ ਹਥੌੜਿਆਂ ਨਾਲ ਕੰਮ ਕਰਦੇ ਕਿਰਤੀ ਵੀ ਬੁਰੀ ਤਰ੍ਹਾਂ ਦੁਖੀ ਹਨ। ਕਿਉਂਕਿ ਖੇਤੀਹਾਰੇ ਲਈ ਖਾਦਾਂ, ਬੀਜਾਂ, ਡੀਜ਼ਲ, ਕੀੜੇਮਾਰ ਦਵਾਈਆਂ ਅਤੇ ਸੰਦ ਸਵੇੜੇ ਦੀ ਖਰੀਦ ਕਰਦੇ ਸਮੇਂ ਚੜ ਰਹੇ ਲਾਗਤ ਖ਼ਰਚਿਆਂ ਰਾਹੀਂ ਪ੍ਰਾਪਤ ਕੀਤਾ ਜਾ ਰਿਹਾ ਸਾਰਾ ਮੁਨਾਫ਼ਾ (ਧਨ) ਫੈਕਟਰੀਆਂ ਦੇ ਮਾਲਕਾਂ ਦੀਆਂ ਤਜੌਰੀਆਂ ਵਿੱਚ ਹੀ ਜਾਂਦਾ ਹੈ ਅਤੇ ਉਦਯੋਗਾਂ ਵਿੱਚ ਕੰਮ ਕਰ ਰਹੇ ਕਿਰਤੀਆਂ ਦੇ ਹੱਥੀਂ ਇਹ ਮਾਲਕ ਫੁੱਟੀ ਕੌੜੀ ਵੀ ਨਹੀਂ ਰੱਖਦੇ। ਇਸੇ ਦੇ ਕਾਰਨ ਹੀ ਇਹ ਕਿਰਤੀ 8 ਜਨਵਰੀ 2020 ਨੂੰ ਕੁੱਲ ਹਿੰਦ ਪੱਧਰ 'ਤੇ ਹੜਤਾਲ ਕਰ ਰਹੇ ਹਨ ਅਤੇ ਇਹ ਵੀ ਉਤਸ਼ਾਹ ਵਧਾਉ ਹੁੰਗਾਰਾ ਹੈ ਕਿ ਇਸ ਵਾਰ ਤਾਂ ਇਸ ਹੜਤਾਲ ਨੂੰ ਭਾਰਤ ਬੰਦ ਵਰਗੀ ਸੇਧ ਵੱਲ ਲਿਜਾਣ ਲਈ ਹਥੌੜਿਆਂ ਅਤੇ ਦਾਤੀਆਂ ਦੇ ਇੱਕਜੁਟਤਾ ਵਾਲੇ ਲਾਲ ਝੰਡਿਆਂ ਨੂੰ ਮੋਢਿਆਂ ਉਪਰ ਇਕੱਠੇ ਚੁੱਕੀ ਇਨ੍ਹਾਂ ਲੁਟੇਰੇ ਸਾਮਰਾਜੀਆਂ ਅਤੇ ਦੇਸੀ ਹਾਕਮਾਂ ਨੂੰ ਮੈਦਾਨ ਵਿਚੋਂ ਨਿਖੇੜਨ ਲਈ ਮੈਦਾਨ ਵਿੱਚ ਨਿੱਤਰ ਰਹੇ ਹਨ।

ਇਸ ਹੜਤਾਲ ਨੂੰ ਹੋਰ ਵਿਆਪਕ ਬਣਾਉਣ ਲਈ ਕਲਮਾਂ ਵਾਲੇ ਕਿਰਤੀ ਵੀ ਆਸ ਹੈ ਕਿ ਪਿੱਛੇ ਨਹੀਂ ਰਹਿਣਗੇ। ਇਸ ਦੇਸ਼ ਵਿਆਪੀ ਕਿਰਤੀਆਂ ਦੀ ਹੜਤਾਲ ਸਮੇਂ ਵੀ ਚਾਹੀਦਾ ਹੈ ਕਿ ਕਿਸਾਨੀ ਧੰਦੇ ਨੂੰ ਜੀਉਂਦਾ ਰੱਖਣ ਲਈ ਜਿਨਸਾਂ ਦੇ ਲਾਹੇਵੰਦ ਭਾਅ ਮੰਗਣ ਦੀ ਲੜਾਈ ਦੇ ਨਾਲ-ਨਾਲ ਸਬਸਿਡੀਆਂ ਦੀ ਮੁੜ ਬਹਾਲੀ ਲਈ ਜ਼ੋਰਦਾਰ ਮੰਗ ਨੂੰ ਪੂਰੀ ਸ਼ਿਦਤ ਨਾਲ ਉਭਾਰਿਆ ਜਾਵੇ। ਤਾਂ ਜੋ ਖੇਤਾਂ ਅਤੇ ਉਦਯੋਗਾਂ ਵਿੱਚ ਕੰਮ ਕਰਦੇ ਕਿਰਤੀਆਂ ਦੀ ਇਕਜੁੱਟਤਾ, ਜਿਸ ਦੀ ਇਕਜੁੱਟਤਾ ਦੀ ਅਗਵਾਈ ਤੋਂ ਬਿਨਾਂ ਕਿਸੇ ਵੀ ਕੀਮਤ ਤੇ ਇਨ੍ਹਾਂ ਦੀ ਬਝਵੀਂ ਲੜਾਈ ਸਫ਼ਲ ਨਹੀਂ ਹੋ ਸਕਦੀ ਅਤੇ ਅਖੀਰੀ ਜਿੱਤ ਤੱਕ ਇਹ ਲੜਾਈ ਨਹੀਂ ਪਹੁੰਚ ਸਕਦੀ, ਇਹ ਪੱਥਰ 'ਤੇ ਲੀਕ ਹੈ।

# ਮੇਰੇ ਹਿੱਸੇ ਦੇ ਬਾਬਾ ਸੋਹਣ ਸਿੰਘ ਜੀ ਭਕਨਾ ਦੇ 150ਵੇਂ ਜਨਮ ਦਿਨ ਨੂੰ ਸਮਰਪਿਤ

ਸ਼ਿਵ- ਦਵਾਲੇ ਦੇ ਰੌੜ-ਮਦਾਨ ਵਲ ਨਿਕਲ ਜਾਂਦਾ। ਭਕਨੇ ਪਿੰਡ ਦਾ ਇਹ ਨਿੱਕੀ ਇੱਟ ਵਿਚ ਚਿਣਿਆਂ ਹੋਇਆ 400 ਸਾਲ ਪੁਰਾਣਾ ਸ਼ਿਵ ਕਰਿਸ਼ਨਾਂ ਮੰਦਰ ਪਿੰਡ ਤੋਂ ਖਾਸੇ ਰਾਹੀਂ ਜੀ.ਟੀ ਰੋਡ ਨੂੰ ਮਿਲਾਉਣ ਵਾਲੀ ਕੱਚੀ ਸੜਕ 'ਤੇ ਸਥਿਤ ਸੀ ਜੋ ਹੁਣ ਪੱਕੀ ਬਣ ਗਈ ਹੈ। ਇਥੇ ਸ਼ਿਵਰਾਤਰੀ ਅਤੇ ਜਨਮ-ਅਸ਼ਟਮੀ ਤੇ ਮੇਲਾ ਲਗਦਾ ਹੈ। ਇਸ ਮੰਦਰ ਦੇ ਪਿਛਲੇ ਪਾਸੇ ਨਿੱਕੀ ਇੱਟ ਦੀਆਂ ਪੌੜੀਆਂ ਵਾਲਾ ਇਕ ਡੂੰਘਾ ਸਰੋਵਰ ਹੈ।ਓਦੋਂ ਇਹ ਅਧ ਢੱਠਾ ਹੋਇਆ ਹੋਣ ਕਰਕੇ ਇਕ ਪਾਸੇ ਗਊ ਘਾਟ ਜਿਹਾ ਬਣ ਗਿਆ ਸੀ ਜੋ ਪਹਿਲਾਂ ਵੀ ਸ਼ਾਇਦ ਗਊ ਘਾਟ ਹੀ ਹੋਵੇਗਾ। ਓਥੇ ਗਊਆਂ ਪਾਣੀ ਪੀਂਦੀਆਂ ਸਨ।ਪਿੰਡ ਵਲ ਬਾਬਾ ਗੁੱਜਰ ਸਿੰਘ ਦੇ ਘਰ ਤਕ ਫੈਲਿਆ ਹੋਇਆ ਖਾਲੀ ਰੌੜ ਮੈਦਾਨ ਸੀ।ਪਿੰਡ ਦੇ ਮੁੰਡੇ ਉਸ ਨੂੰ 'ਰੌੜ' ਹੀ ਆਖਦੇ ਸਨ ਅਤੇ ਤਕਾਲਾਂ ਨੂੰ ਖਿਦੋ-ਖੂੰਡੀ ਖੇਡਦੇ ਓਥੇ ਨੰਗੇ ਪੈਰੀਂ ਹੀ ਭਜਦੇ ਫਿਰਦੇ ਰਹਿੰਦੇ।ਸਕੂਲ ਵਿਚ ਜਾਣੂ ਹੋਣ ਕਰਕੇ ਮੈਂ ਵੀ ਉਨ੍ਹਾਂ ਬੱਚਿਆਂ ਨਾਲ ਜਾ ਮਿਲਦਾ ਤੇ ਰੇੜ੍ਹਾ ਗੋਲ ਥੜ੍ਹੇ 'ਤੇ ਰਖ ਕੇ ਮਾਂਗਵੀਂ ਖੂੰਡੀ ਨਾਲ ਕੁਝ ਚਿਰ ਲਈ ਟੋਣੇ ਲਾ ਆਉਂਦਾ। ਪੱਕੀ ਇੱਟ ਦਾ ਬਣਿਆਂ ਇਹ ਗੋਲ ਥੜ੍ਹਾ ਉਸ ਰੌੜ-ਮੈਦਾਨ ਦੇ ਐਨ ਵਿਚਕਾਰ ਸੀ।ਖੇਡਣ ਵੇਲੇ ਮੁੰਡੇ ਅਕਸਰ ਆਪਣਾ ਵਾਧੂ ਸਾਮਾਨ, ਕਪੜੇ, ਖੂੰਡੀਆਂ, ਜੁੱਤੀਆਂ ਆਦਿ ਉਸ ਥੜ੍ਹੇ 'ਤੇ ਈ ਰਖ ਲੈਂਦੇ ਸਨ।ਥੜ੍ਹੇ ਦੇ ਉਪਰ ਐਨ ਵਿਚਕਾਰ ਇਕ ਬਹੁਤ ਉਚੀ ਲੋਹੇ ਦੀ ਲਾਠ ਸਿਧੀ ਤੀਰ ਵਾਂਗ ਗਡੀ ਖਲੋਤੀ ਹੋਈ ਸੀ ਜੋ ਚਿੱਟੇ ਕਲਰੀ ਭਾਅ ਮਾਰਦੇ ਰੌੜ-ਮਦਾਨ ਵਿਚ ਕੁਤਬ ਸਾਹਿਬ ਦੀ ਲਾਠ ਵਾਂਗ ਦੂਰੋਂ ਈ ਦਿਸ ਪੈਂਦੀ ਸੀ । ਬਾਬਾ ਗੁੱਜਰ ਸਿੰਘ ਦਸਦੇ ਸਨ ਕਿ ਉਹ 'ਕੁਲ ਹਿੰਦ ਕਿਸਾਨ ਸਭਾ' ਦੇ ਪਹਿਲੇ ਮਹਾਂ ਸਮੇਲਨ ਦੀ ਰਹਿ ਗਈ ਬਾਕੀ ਨਿਸ਼ਾਨੀ ਸੀ, ਜੋ 1943 ਵਿਚ ਪਹਿਲੀ ਵੇਰ ਪੰਜਾਬ ਵਿਚ ਕਰਨਾ ਮਿਥਿਆ ਗਿਆ ਸੀ।

ਭਕਨੇ ਪਿੰਡ ਵਾਸਤੇ 1943 ਦਾ ਉਹ ਇਤਿਹਾਸਿਕ ਦਿਨ ਸੀ ਜਦੋਂ ਨਾ ਕੇਵਲ 'ਕੁਲ ਹਿੰਦ ਕਿਸਾਨ ਸਭਾ' ਦਾ ਮਹਾਂ ਸੰਮੇਲਨ ਪੰਜਾਬ ਵਿਚ ਕਰਨਾ ਮਿਥਿਆ ਗਿਆ ਸੀ ਸਗੋਂ ਬਾਬਾ ਸੋਹਣ ਸਿੰਘ ਦਾ ਪਿੰਡ ਹੋਣ ਸਦਕਾ ਗੁਣਾ ਵੀ ਭਕਨੇ ਪਿੰਡ ਦਾ ਹੀ ਪੈ ਗਿਆ ਸੀ। ਇਸ ਤੋਂ ਵੀ ਵਧੀਆ ਗਲ ਇਹ ਹੋਈ ਸੀ ਕਿ ਐਨ ਮੌਕੇ ਉਤੇ ਬਾਬਾ ਜੀ ਨੂੰ ਰਿਹਾਅ ਕਰ ਦਿਤਾ ਗਿਆ ਸੀ। ਬਹੁਤ ਲੋਕ ਸ਼ਾਇਦ ਇਹ ਨਹੀਂ ਜਾਣਦੇ ਹੋਣਗੇ ਕਿ ਉਮਰ ਕੈਦ ਕੱਟ ਕੇ 1930 ਵਿਚ ਰਿਹਾਅ ਹੋਣ ਤੋਂ ਮਗਰੋਂ ਵੀ 12-13 ਸਾਲ ਬਾਬਾ ਜੀ ਨੂੰ ਕਿਸੇ ਨਾ ਕਿਸੇ ਬਹਾਨੇ ਜੇਲ੍ਹ ਅੰਦਰ ਹੀ ਡੱਕੀ ਰਖਿਆ ਗਿਆ ਸੀ। ਆਜ਼ਾਦੀ ਤੋਂ ਪਿਛੋਂ ਦੀ ਕੈਦ ਤਾਂ ਸ਼ਾਇਦ ਆਪਣੇ ਦੇਸ ਦੀ ਆਜ਼ਾਦ ਪੁਲਸ ਵੀ ਅੰਗਰੇਜ਼ਾਂ ਵੇਲੇ ਦੀਆਂ ਲਿਖੀਆਂ ਡਾਇਰੀਆਂ ਦਾ ਕਰਕੇ ਹੀ ਕਰਦੀ ਰਹੀ ਹੋਵੇਗੀ ਜੋ ਉਹ ਜਾਂਦੇ ਜਾਂਦੇ ਇਨ੍ਹਾਂ ਹਵਾਲੇ ਕਰ ਗਏ ਹੋਣਗੇ। ਜਾਂ ਗੋਰੇ ਅੰਗਰੇਜ਼ ਆਪਣੇ ਪੁਲਸ ਮਹਿਕਮੇਂ ਦੇ ਦੇਸੀ ਕਾਲੇ ਅੰਗ੍ਰੇਜ਼ਾਂ ਲਈ ਤੋਹਫੇ ਵਜੋਂ ਜਾਣ ਬੁਝ ਕੇ ਛਡ ਗਏ ਹੋਣਗੇ ਤਾ ਕਿ ਉਹ ਆਪਣੇ ਭਰਾਵਾਂ ਨੂੰ ਜਿਨ੍ਹਾਂ ਨੇ ਬਸਤੀਵਾਦ ਦੀਆਂ ਜੜ੍ਹਾਂ ਵੱਢੀਆਂ ਸਨ ਤੇ ਉਨ੍ਹਾਂ ਨੂੰ ਵਾਪਸ ਇੰਗਲੈਂਡ ਪਰਤ ਜਾਣ ਲਈ ਮਜਬੂਰ ਕੀਤਾ ਸੀ, ਟਿਕ ਕੇ ਘਰ ਨਾ ਬਹਿਣ ਦੇਣ। ਬਾਬਾ ਜੀ ਦੀ ਜਿਹਲ ਦਾ ਖਹਿੜਾ ਅੰਤ 1948 ਵਿਚ ਪੰਡਤ ਜਵਾਹਰ ਲਾਲ ਨਹਿਰੂ ਜੀ ਦੇ ਆਪ ਦਖਲ ਦੇਣ ਤੇ ਹੀ ਛੁੱਟਿਆ ਸੀ।

ਸਮਾਗਮ ਦੇ ਆਰੰਭਕ ਸਮੇਂ ਜਦੋਂ ਬਾਬਾ ਜੀ ਪਿੰਡ ਪਹੁੰਚੇ ਤਾਂ ਦੂਰੋਂ ਦੂਰੋਂ ਆਏ ਕਿਸਾਨ ਜਥਿਆਂ ਨਾਲ ਪਿੰਡ ਦੀਆਂ ਗਲੀਆਂ ਲਾਂਘੇ ਭਰੇ ਦੱਸੇ ਜਾਂਦੇ ਹਨ।ਬਾਬਾ ਜੀ ਨੂੰ ਵੇਖ ਕੇ ਵਿਸ਼ਾਲ ਪੰਡਾਲ ਹੇਠਾਂ ਜੁੜੇ ਲੋਕਾਂ ਵਿਚ ਖੁਸ਼ੀ ਦੀ ਅਜੀਬ ਲਹਿਰ ਦੌੜ ਗਈ। ਬਾਬਾ ਸੋਹਣ ਸਿੰਘ ਹੀ ਇਸ ਵਾਰ ਦੇਸ ਦੀ ਇਸ ਸਿਰਮੌਰ ਕਿਸਾਨ ਜਥੇਬੰਦੀ ਦੇ ਪ੍ਰਧਾਨ ਵੀ ਚੁਣੇ ਗਏ ਸਨ।ਇਸਤਰਾਂ ਇਹ ਖੁਸ਼ੀ ਦੂਣ ਸਵਾਈ ਹੋ ਗਈ ਸੀ। ਬਾਬਾ ਗੁੱਜਰ ਸਿੰਘ ਹੁਰਾਂ ਦੇ ਦੱਸਣ ਅਨੁਸਾਰ ਉਸ ਅਸਮਾਨ ਨੂੰ ਛੂੰਹਦੀ ਲੋਹੇ ਦੀ ਲਾਠ ਉਪਰ 1943 ਦੇ ਉਸ ਦਿਨ ਯੂਨੀਅਨ ਜੈਕ ਨਈਂ ਸੀ, ਭਾਵੇਂ ਦਿਨ ਦੇ ਦਿਨ ਹੀ ਸਹੀ, 'ਕੁਲ ਹਿੰਦ ਕਿਸਾਨ ਸਭਾ'ਦਾ ਝੰਡਾ ਲਹਿਰਾ ਰਿਹਾ ਸੀ।

ਦੂਰੋਂ ਲਿਸ਼ਕਾਂ ਮਾਰਦਾ ਸ਼ਿਵ ਕਰਿਸ਼ਨਾਂ ਮੰਦਰ ਤਾਂ ਹੁਣ ਲਗਦਾ ਕਾਫੀ ਪੈਸਾ ਖਰਚ ਕੇ ਬਹੁਤ ਸੋਹਣਾ ਬਣਾ ਦਿਤਾ ਗਿਆ ਹੈ।ਪਰ ਉਹ ਰੌੜ-ਮਦਾਨ ਤਾਂ ਸੁੰਗੜ ਕੇ ਗੁੰਮਈ ਹੋ ਗਿਆ ਹੈ ਤੇ ਉਹ 'ਕੁਲ ਹਿੰਦ ਕਿਸਾਨ ਸਭਾ' ਦੇ ਪਹਿਲੇ ਅਤੇ ਆਖਰੀ ਮਹਾਂ- ਸਮੇਲਨ ਦੀ ਅਸਮਾਨ ਨੂੰ ਛੁਹੰਦੀ ਬਾਕੀ ਬਚੀ ਨਿਸ਼ਾਨੀ ਦਾ ਤਾਂ ਕੋਈ ਨਾਂ-ਥੇਹ ਵੀ ਹੁਣ ਨਹੀਂ ਰਿਹਾ। ਮੈਂ ਸੋਚਦਾ ਸਾਂ ਜੇ ਕਿਤੇ ਵਿਰਸੇ ਦੀ ਕਦਰ ਸਾਡੇ ਪੰਜਾਬੀਆਂ ਦੀ ਸੋਚ ਸਮਝ ਦਾ ਅੰਗ ਹੁੰਦੀ ਤਾਂ ਭਕਨਾ ਪਿੰਡ ਦੇ ਇਤਿਹਾਸ ਦੇ ਇਸ ਗੌਰਵ ਮਈ ਮੀਲ-ਪੱਥਰ ਨੂੰ ਸਦੀਵੀ ਸੰਭਾਲ ਦਾ ਮਾਣ ਮਿਲਿਆ ਹੁੰਦਾ।ਇੱਕ ਨਹੀਂ ਦੋ ਦੇਸ਼ ਭਗਤ ਬਾਬਿਆਂ ਦਾ ਇਹ ਪਿੰਡ ਮਾਡਲ ਪਿੰਡਾਂ ਦੀ ਸ਼ਰੇਣੀ ਵਿਚ ਹੋ ਕੇ ਸੈਰ-ਸਪਾਟੇ ਦੀਆਂ ਥਾਵਾਂ ਵਾਲੇ ਭਾਰਤੀ ਨਕਸ਼ੇ ਉੱਪਰ ਤਾਂ ਕੀ ਵਿਸ਼ਵ ਦੇ ਨਕਸ਼ੇ ਤੇ ਹੁੰਦਾ।

**ਦੇਸ ਵਿਚ ਗਦਰ ਪਾਰਟੀ ਦੇ ਬਾਨੀ ਬਾਬਾ ਭਕਨਾ ਨੂੰ ਸਭ ਸਰਕਾਰਾਂ ਨੇ ਵਿਸਾਰਿਆ**

ਅਸਲੀ ਗੱਲ ਵਲ ਮੁੜਦਿਆਂ ਅਮਰਜੀਤ ਚੰਦਨ ਹੁਰਾਂ ਦੀ ਦੱਸ 'ਤੇ ਮੈਂ 22 ਦਸੰਬਰ ਪੰਜਾਬੀ ਟਰੀਬਿਊਨ ਵਿਚ ਜਗਤਾਰ ਸਿੰਘ ਲਾਂਬਾ ਹੁਰਾਂ ਵਲੋਂ ਲਿਖਿਆ ਲੇਖ ਉਗਦਰ ਪਾਰਟੀ ਦੇ ਬਾਨੀ ਬਾਬਾ ਭਕਨਾ ਨੂੰ ਸਭ ਸਰਕਾਰਾਂ ਨੇ ਵਿਸਾਰਿਆ''ਪੜ੍ਹਿਆ।ਉਸ ਵਿਚ ਆਦਮ ਕੱਦ ਬੁੱਤ ਸਥਾਪਤੀ ਦੀ ਮੰਗ ਦੇ ਇਲਾਵਾ ਕੁਝ ਹੋਰਸਾਰਥਕ ਮੁੱਦੇ ਉਠਾਏ ਗਏ ਹਨ।ਅਸਲ ਵਿਚ ਉਹ ਉਨ੍ਹਾਂ ਕਾਰਜਾਂ ਦਾ ਹੀ ਵਿਸਥਾਰ ਹਨ ਜੋ ਬਾਬਾ ਜੀ ਨੇ ਮੁੱਦਤਾਂ ਪਹਿਲਾਂ ਆਪ ਛੋਹੇ ਸਨ। ਉਦਾਹਰਣ ਵਜੋਂ ਉਨ੍ਹਾਂ ਨੇ ਜੇਲ੍ਹ ਤੋਂ ਬਾਹਿਰ ਆਉਂਦਿਆਂ ਹੀ 90 ਸਾਲ ਪਹਿਲਾਂ ਭਕਨੇ ਵਾਲਾ ਘਰ ਮੁਰੰਮਤ ਕਰਵਾ ਕੇ ਕੁੜੀਆਂ ਦਾ ਸਕੂ.ਲ ਖੋਲ੍ਹ ਦਿੱਤਾ ਸੀ ਜੋ ਬਣਦਾ ਬਣਦਾ ਕੁੜੀਆਂ ਮੁੰਡਿਆਂ ਦਾ ਸਾਂਝਾ ਜੰਤਾ ਹਾਈ ਸਕੂਲ ਅਤੇ ਹੁਣ ਮਸਾਂ ਹਾਇਰ ਸੈਕੰਡਰੀ ਤੀਕ ਹੀ ਪਹੁੰਚ ਸਕਿਆ ਹੈ। ਸਰਕਾਰਾਂ ਦੇ ਵਿਸਾਰਨ ਦੀ ਗੱਲ ਤਾਂ ਹੈ। ਪਰ ਅਜ 90 ਸਾਲਾਂ ਬਾਅਦ ਉਸੇ ਪਿੰਡ ਜਾਂ ਇਲਾਕੇ ਵਿਚ ਕੁੜੀਆਂ ਮੁੰਡਿਆਂ ਦਾ ਕਾਲਜ ਬਣੋਣ ਲਈ ਸਰਕਾਰ ਕੋਲੋਂ ਮੰਗ ਕਰਨੀ ਵੀ ਭਲਾ ਕੋਈ ਮੰਗ ਹੈ?

ਉਨ੍ਹਾਂ ਦੇ 150ਵੇਂ ਜਨਮ ਦਿਨ ਤੇ ਉਨਾਂ ਦੇ ਨਾਂ'ਤੇ ਕੋਈ ਮੰਗ ਉਠਾਉਣ ਤੋਂ ਵੀ ਪਹਿਲਾਂ ਸਭ ਤੋਂ ਚੰਗੀ ਸੌਗਾਤ ਤਾਂ ਇਹੀ ਹੋਵੇਗੀ ਕਿ ਉਹਨਾਂ ਖਾਤਿਰ ਫ਼ਿਕਰਮੰਦ ਸਾਰੀਆਂ ਹਿਤੈਸ਼ੀ ਧਿਰਾਂ - ਜਥੇਬੰਦੀਆਂ ਮਿਲ ਕੇ ਕੰਮ ਕਰਨ।ਉਨ੍ਹਾਂ ਦੇ ਜਨਮ ਦਿਨ ਮਨੌਣ ਨਾਲੋਂ ਉਨ੍ਹਾਂ ਦੀ ਸੋਚ ਨੂੰ ਅੱਗੇ ਤੋਰਨ ਅਤੇ ਸਮੇਂਦਾ ਹਾਣੀ ਬਣਾਈ ਰੱਖਣ ਲਈ ਇਕ ਸਰਵ-ਸਾਂਝੀ ਜਥੇਬੰਦੀ ਬਣਾਉਣ ਅਤੇ ਮਿਲ ਕੇ ਕੰਮ ਕਰਨਤਾਂ ਉਨ੍ਹਾਂ ਦੀ ਰੂਹ ਵਧੇਰੇ ਖੁਸ਼ ਹੋਵੇਗੀ।ਮਿਲਵਰਤਣ ਵਿਚੋਂ ਉਠਾਈ ਗਈ ਮੰਗ ਕੋਈ ਸਰਕਾਰ ਵੀ ਠੁਕਰਾ ਨਹੀਂ ਸਕੇਗੀ।

ਅੰਤ ਵਿਚ ਇਸ ਸ਼ੁਭ ਅਵਸਰ 'ਤੇ ਬਾਬਾ ਜੀ ਅਤੇ ਉਨ੍ਹਾਂ ਵਲੋਂ ਚਲਾਈ ਸਮੁੱਚੀ ਗਦਰ ਲਹਿਰ ਲਈ ਸੱਚੀਆਂ ਸੁੱਚੀਆਂ ਭਾਵਨਾਵਾਂ ਪੇਸ਼ ਕਰਦਿਆਂ ਇਸ ਲੇਖ ਨੂੰ ਅਮਰੀਕਾ ਵਿਚ ਗ਼ਦਰ ਪਾਰਟੀ ਦੇ ਜਨਮ ਅਸਥਾਨ 'ਤੇ ਦਿੱਤੀ ਗਈ ਮਾਨਤਾ ਦੀ ਇਸ ਖੁਸ਼ਖਬਰੀ ਨਾਲ ਸਮਾਪਤ ਕਰਨਾ ਉਚਿੱਤ ਸਮਝਦਾ ਹਾਂ:

**ਆਸਟੋਰੀਆ- ਔਰੀਗਨ ਦੀ ਸਥਾਨਕ ਸਰਕਾਰ ਨੇ .ਗਦਰ ਪਾਰਟੀ ਨੂੰ ਮਾਨਤਾ ਦਿੱਤੀ**

10,000 ਮੀਲ ਦੂਰ ਗਦਰ ਪਾਰਟੀ ਦੇ ਸੌ ਸਾਲਾ ਜਨਮ ਦਿਨ ਨੂੰ ਸੰਮ੍ਰਪਿਤਪੋਰਟਲੈਂਡ ਅਮਰੀਕਾ ਸਥਿਤ ਇਤਿਹਾਸਕਾਰਾ ਜੋਹਾਨਾ ਔਗਡਨ ਦੀ ਖੋਜ ਉਪਰ ਆਧਾਰਤ ਰਿਪੋਟ, ਗਦਰ ਪਾਰਟੀ ਹਿਤੈਸ਼ੀ ਸਿੱਖ ਅਮਰੀਕਨ ਵਿਅਕਤੀਆਂ, ਜਥੇਬੰਦੀਆਂ, ਸਥਾਨਕ ਗੁਰਦਵਾਰਾ ਪਰਬੰਧਕ ਕਮੇਟੀਆਂ ਅਤੇ ਆਸਟੋਰੀਆ ਸ਼ਹਿਰ ਦੀ ਸਿਟੀ ਕੌਂਸਲ ਅਤੇ ਮੇਅਰ ਵਲੋਂ ਮਿਲ ਕੇ 2013 ਵਿਚ ਦੋ ਦਿਨ ਦਾ ਅੰਤਰ ਰਾਸ਼ਟਰੀ ਸੈਮੀਨਾਰ ਕੀਤਾ ਸੀ।ਉਸ ਵਿਚ ਸਾਨੂੰ ਵੀ ਕੈਲੇਫੋਰਨੀਆਂ ਤੋਂ ਸ਼ਾਮਿਲ ਹੋਣ ਲਈ ਸੱਦਾ ਮਿਲਿਆ ਸੀ। ਹਿਰ ਦੀ ਕੌਂਸਲ ਅਤੇ ਮੇਅਰ ਨੇਅਗਾਊਂ ਇਕ ਏਲਾਨ (pro-clematnon) ਪਾਸ ਕੀਤਾ ਸੀ,ਜਿਹਦੀ ਪੱਕੇ ਤੌਰ 'ਤੇ ਵਡਮੁੱਲੀ ਪਲੈਕ ਬਣਾ ਕੇ ਕੋਲੰਬੀਆ ਦਰਿਆ ਦੀ ਵੱਖੀ ਵਿਚ ਬਣੇ ਪੈਦਲ ਸ਼ਾਹ-ਰਾਹ ਉੱਪਰ ਨਾਲ ਲਗਦੇ ਉਸੇ ਫ਼ਿਨਿਸ਼ ਹਾਲ ਦੀ ਥਾਂ ਦੇ ਸਾਹਮਣੇ ਲਗ ਗਈ ਹੈ, ਜਿਥੇ 100 ਸਾਲ ਪਹਿਲਾਂ 1913 ਵਿਚ ਗਦਰ ਪਾਰਟੀ ਦਾ ਜਨਮ ਹੋਇਆ ਤੇ ਸੋਹਣ ਸਿੰਘ ਪਰਧਾਨ ਚੁਣੇ ਗਏ ਸੀ। ਇਸ ਤਰਾਂ ਹਿੰਦੁਸਤਾਨ ਤੋਂ ਬਾਹਿਰ ਅਮਰੀਕਾ ਦੇ ਔਰੀਗੋਨ ਸੂਬੇ ਦਾ ਆਸਟੋਰੀਆ ਪਹਿਲਾ ਸ਼ਹਿਰ ਹੈ, ਜਿਥੇ ਗ਼ਦਰੀਆਂ ਦੀ ਆਜ਼ਾਦੀ ਪ੍ਰਤੀ ਸੋਚ ਅਤੇ ਮਨੁੱਖੀ ਅਧਿਕਾਰਾਂ ਲਈ ਕੀਤੀਆਂ ਕੁਰਬਾਨੀਆਂ ਨੂੰ ਇਹਿਮਾਣ ਮਿਲਿਆ ਹੈ। ਆਸਟੋਰੀਆ ਦੇ ਮੇਅਰ ਵਿਲਿਸ ਵੈਨ ਦੂਸੈਨ ਅਤੇ ਸਿਟੀ ਕੌਂਸਲ ਨੇ ਆਪਣੇ ਸ਼ੁਭ ਹਸਤਾਖਰਾਂ ਅਤੇ ਸੁਨਹਿਰੀ ਮੋਹਰ ਵਾਲੇ ਉਸ ਏਲਾਨ ਦੀ ਅਸਲੀ ਕਾਪੀ ਕੈਲੇਫੋਰਨੀਆਂ ਲੈ ਜਾਣ ਲਈ ਮੈਨੂੰ ਵੀ ਸੌਂਪੀ ਸੀ। ਕੈਲੇਫ਼ੋਰਨੀਆਂ ਪਰਤਣ ਤੇ ਕੈਲੇਫ਼ੋਰਨੀਆਂ ਦੇ ਹੋਰ ਦਰਜਣ ਤੋਂ ਵਧ ਸ਼ਹਿਰਾਂ ਦੇ ਨਾਲ ਕੈਲੇਫ਼ੋਰਨੀਆਂ ਵਿਧਾਨ ਸਭਾ ਨੇ ਵੀ ਅਜਿਹੇ ਏਲਾਨ ਗਦਰ ਪਾਰਟੀ ਦੇ ਸਨਮਾਨ ਵਿਚ ਪਾਸ ਕੀਤੇ ਹਨ। ਸਟੇਟ ਬੋਰਡ ਆਫ ਐਜੂਕੇਸ਼ਨ ਅਤੇ ਕੈਲੇਫ਼ੋਰਨੀਆਂ ਡੀਪਾਰਟਮੈਂਟ ਆਫ ਐਜੂਕੇਸ਼ਨ ਵਲੋਂ ਜਿਥੇ ਕੈਲੇਫ਼ੋਰਨੀਆਂ ਦੇ ਸਕੂਲਾਂ ਲਈ ਹਿਸਟਰੀ- ਸੋਸ਼ਲ ਸਾਇੰਸ ਦੀਆਂ ਨਵੀਆਂ ਪਾਠ-ਪੁਸਤਕਾਂ ਵਿਚਕੁਝ ਹੋਰ ਮਹਤਵ ਪੂਰਨ ਘਟ ਗਿਣਤੀਆਂ ਦੇ ਨਾਲ ਪਹਿਲੀ ਵੇਰ ਸਿੱਖ ਇਤਿਹਾਸ ਸ਼ਾਮਿਲ ਕੀਤਾ ਹੈ, ਉਸ ਵਿਚ ਗ਼ਦਰ ਪਾਰਟੀ ਦਾ ਬਣਦਾ ਵਿਸਥਾਰ ਸ਼ਾਮਿਲ ਕਰਨ ਦੀ ਮੰਗ ਵੀ ਚਲ ਰਹੀ ਹੈ।

# ਗੰਗੂ ਪਾਪੀ

ਗੰਗੂ ਪਾਪ ਕਮਾਇਆ
ਦੁਨੀਆਂ ਦੇ ਵਿੱਚ ਜਾਲਮ ਅਖਵਾਇਆ
ਨੀਅਤ ਦੇ ਵਿੱਚ ਖੋਟ ਸੀ ਆਇਆ
ਗੰਗੂ ਦਾ ਬੇੜਾ ਗਰਕਿਆ
ਜਿਹੜਾ ਨਾ ਸੀ ਸੋਚਿਆ ਉਹ ਭਾਣਾ ਵਰਤਿਆ।

ਗੰਗੂ ਪਾਪੀ ਨੇ ਚਾਲਾਂ ਘੜੀਆਂ
ਲਗਵਾਈਆਂ ਲਾਲਾਂ ਦੇ ਹੱਥ ਘੜੀਆਂ
ਸਰਹਿੰਦ ਦੀ ਖੂਨੀ ਦੀਵਾਰ ਨੇ ਜੁਲਮ ਕਮਾਇਆ
ਦੱਸ ਨੀ ਦੀਵਾਰੇ ਤੂੰ ਕਿੱਥੇ ਲਾਲਾਂ ਨੂੰ ਲੁਕਾਇਆ?

ਗੰਗੂ ਪਾਪੀ ਹਤਿਆਰਾ
ਲਾਲਾਂ ਦੇ ਨਾਲ ਕਰ ਗਿਆ ਧੋਖਾ
ਚਾਰ ਸਿੱਕਿਆਂ ਦੇ ਲਾਲਚ ਦਾ ਮਾਰਿਆ
ਬਾਜਾਂ ਵਾਲੇ ਨੇ ਦਿੱਤੀਆਂ ਸ਼ਹਾਦਤਾਂ
ਸਰਬੰਸ ਸਾਰਾ ਸਾਡੇ ਤੋਂ ਵਾਰਿਆ।

ਕੀਤੇ ਪੋਤਰੇ ਤਿਆਰ ਦਾਦੀ, ਕਲਗੀ ਆਪ ਸਜਾਈ
ਫਤਹਿ ਸਿੰਘ ਸਰਵਾਲਾ ਬਣਿਆ, ਵੱਡੇ ਵੀਰ ਤਾਂਈ
ਤੋਰੇ ਹੱਥੀ ਲਾਲ ਸ਼ਹੀਦੀਆਂ ਨੂੰ
ਕਰਕੇ ਜਿਗਰਾ ਗੁਜਰੀ ਮਾਈ
ਮੌਤ ਲਾੜੀ ਨੂੰ ਵਿਆਹੁਣ ਤੋਰੇ
ਐਸੀ ਮਾਂ ਨਾ ਵਿੱਚ ਜੱਗ ਥਿਆਈ।

ਉਮਰ ਨਿਆਣੀ ਫੁੱਲਾਂ ਜਿਹੇ ਸਰੀਰ ਸੀ ਲਾਲਾਂ ਦੇ
ਪਹਾੜ ਜਿਹਾ ਜਿਗਰਾ ਹੌਸਲੇ ਬੁਲੰਦ ਸੀ ਲਾਲਾਂ ਦੇ
ਝੱਲ ਲਿਆ ਜੁਲਮ ਨਾ ਲੱਗਣ ਦਿੱਤਾ ਗੁਲਾਮੀ ਵਾਲਾ ਦਾਗ਼
ਸਿੱਖੀ ਨੂੰ ਰੱਖਿਆ ਕਾਇਮ,ਰੱਖੀ ਵੱਡ ਵਡੇਰਿਆਂ ਦੀ ਲਾਜ
'ਅਮਰ' ਨਾ ਭੁੱਲਦੀ ਕੁਰਬਾਨੀ ਲਾਲਾਂ ਦੀ
ਜੋ ਰਚ ਗਈ ਸਿੱਖੀ ਦਾ ਇਤਿਹਾਸ
ਜੋ ਰਚ ਗਈ ਕੌਮ ਦਾ ਇਤਿਹਾਸ।



**– ਅਮਰਜੀਤ ਕੌਰ**
**ਲਾਲਪੁਰ (ਰੋਪੜ)**
**91-89680-39646**

# ਖਾਤਮੇਂ ਦਾ ਸਿਗਨਲ !

ਨਸ਼ਾ ਜਿੱਤ ਦਾ ਸਿਰਾਂ ਨੂੰ ਰਹੇ ਚੜ੍ਹਿਆ
ਨੇੜੇ ਪਹੁੰਚੇ ਹੀ ਹੁੰਦੇ ਉਹ ਹਾਰ ਦੇ ਨੇ।
ਗੋ.ਲ ਮੋ.ਲ 'ਸਫਾਈਆਂ' ਦੇ ਬਿਆਨ ਦੇ ਕੇ
ਹੁਕਮਰਾਨ ਇਉਂ ਜਨਤਾ ਨੂੰ ਚਾਰਦੇ ਨੇ।
ਲੋਕ-ਰੋਹ ਦਾ ਉਹ ਵੀ ਸ਼ਿਕਾਰ ਬਣਦੇ
ਚਮਚੇ ਹੁੰਦੇ ਜੋ ਜ਼ਾਲਮ ਸਰਕਾਰ ਦੇ ਨੇ।
'ਮੁੱਕੇ' ਬਣਦੇ ਹਨ 'ਹੱਥ' ਜੋ ਵੋਟ ਪਾਉਂਦੇ
ਮੁਰਦਾਬਾਦ ਦੇ ਨਾਅ੍ਹਰੇ ਫਿਰ ਮਾਰਦੇ ਨੇ।
ਭੀੜਾਂ ਚੌਕ ਚੌਰਾਹਿਆਂ ਵਿੱਚ ਖੜ੍ਹਦੀਆਂ ਨੇ
ਲਿਖਕੇ 'ਸਖਤ ਸੁਨੇਹੜੇ' ਤਖਤੀਆਂ 'ਤੇ।
'ਸਿਗਨਲ' ਜਾਣਿਆਂ ਜਾਂਦਾ ਏ ਖਾਤਮੇਂ ਦਾ
ਕੋਈ ਹਾਕਮ ਜਦ ਆ ਜਾਵੇ ਸਖਤੀਆਂ 'ਤੇ !



**-ਤਰਲੋਚਨ ਸਿੰਘ 'ਦੁਪਾਲ ਪੁਰ'**
**81950-25579**

# ਨਵੇਂ ਵਰ੍ਹੇ ਦੀ ਆਮਦ ਹੈ

ਨੱਚੋ ਗਾਵੋ ਖੁਸ਼ੀ ਮਨਾਵੇ ਨਵੇਂ ਵਰ੍ਹੇ ਦੀ ਆਮਦ ਹੈ

ਵੈਰੀ ਨੂੰ ਵੀ ਗਲੇ ਲਗਾਵੋ ਨਵੇਂ ਵਰ੍ਹੇ ਦੀ ਆਮਦ ਹੈ

ਵੀਹ ਸੌ ਉੱਨੀ ਗੁਜ਼ਰ ਗਿਆ ਹੁਣ ਭੁੱਲ ਜਾਵੋ
ਧਰਤੀ ਅੰਬਰ ਵਾਂਗਰਾਂ ਤੁਸੀਂ ਵੀ ਖੁੱਲ੍ਹ ਜਾਵੋ
ਬੀਤੀਆਂ ਬਾਤਾਂ ਦਿਲੋਂ ਭੁਲਾਵੋ ਨਵੇਂ ਵਰ੍ਹੇ ਦੀ ਆਮਦ ਹੈ
ਨੱਚੋ ਗਾਵੋ ਖੁਸ਼ੀ ਮਨਾਵੇ ਨਵੇਂ ਵਰ੍ਹੇ ਦੀ ਆਮਦ ਹੈ

ਮਸਲਾ ਹਾਲੇ ਹੱਲ ਨਹੀਂ ਹੋਇਆ ਕੁੱਲੀ ਗੁੱਲੀ ਜੁੱਲੀ ਦਾ
ਦੌਲਤ ਸ਼ੋਹਰਤ ਮਿਲ ਜਾਵੇ ਤਾਂ ਬੀਤਿਆ ਵਕਤ ਨੀਂ ਭੁਲੀ ਦਾ
ਯਾਰੀ ਸਭ ਦੇ ਨਾਲ ਨਿਭਾਵੇ ਨਵੇਂ ਵਰ੍ਹੇ ਦੀ ਆਮਦ ਹੈ
ਨੱਚੋ ਗਾਵੋ ਖੁਸ਼ੀ ਮਨਾਵੇ ਨਵੇਂ ਵਰ੍ਹੇ ਦੀ ਆਮਦ ਹੈ

ਇੱਕ ਹੋਰ ਜਾਵਣ ਮਹਿਲ ਤੇ ਢਾਰੇ ਮਿੱਠੇ ਹੋ ਜਾਣ ਪਾਣੀ ਖਾਰੇ
ਮਿਟ ਜਾਵਣ ਇਹ ਜਾਤਾਂ ਪਾਤਾਂ ਇੱਕ ਹੋ ਜਾਵਣ ਸਭ ਭਾਈਚਾਰੇ
ਦਿਲਾਂ ਦੇ ਵਿੱਚੋਂ ਵੈਰ ਮਿਟਾਵੋ ਨਵੇਂ ਵਰ੍ਹੇ ਦੀ ਆਮਦ ਹੈ
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ

ਹੱਦਾਂ ਤੇ ਸਰਹੱਦਾਂ ਉੱਤੇ ਖ਼ੂਨ ਡੋਲਣਾ ਬੰਦ ਕਰੀਏ
ਪਿਆਰ ਮੁਹੱਬਤ ਦੀ ਹੁਣ ਆਪਾਂ ਪੱਕੀ ਕੋਈ ਤੰਦ ਕਰੀਏ
ਰਲ ਮਿਲ ਰਹਿਣਾ ਕਸਮਾਂ ਖਾਵੋ ਨਵੇਂ ਵਰ੍ਹੇ ਦੀ ਆਮਦ ਹੈ
ਨੱਚੋ ਗਾਵੋ ਖੁਸ਼ੀ ਮਨਾਵੋ ਨਵੇਂ ਵਰ੍ਹੇ ਦੀ ਆਮਦ ਹੈ

**– ਮਦਨ ਬੰਗੜ** (7973114660)

# ਕਣਕ- ਜੂਸ

ਗੱਲ ਦੱਸਾਂ ਵੇ ਸੁਣੀ ਸੋਹਣਿਆ ਖ਼ਬਰ ਟੀ. ਵੀ. ਤੇ ਆਈ
ਉਥੇ ਤਿੰਨ ਮਿਲਾ ਕੇ ਚੀਜ਼ਾਂ ਲੱਗ ਪਏ ਦੇਸੀ ਦੇਣ ਦਵਾਈ
ਲੈਂਦੇ ਨਾ ਕੋਈ ਪੈਸੇ ਧੇਲਾ ਲੋਕੀ ਦੂਰੋਂ ਦੂਰੋਂ ਆਉਂਦੇ ਨੇ
ਉਹਨਾਂ ਖੋਲ੍ਹ ਦਿੱਤੇ ਦਰਵਾਜ਼ੇ ਕਣਕ ਦਾ ਜੂਸ ਪਿਲਾਉਂਦੇ ਨੇ।

ਸਾਰੇ ਸੁਬਹਾ ਸਵੇਰੇ ਉਠ ਕੇ ਜਾਂਦੇ ਮੇਲਾ ਲੱਗਦਾ ਭਾਰੀ
ਸ਼ਮਸ਼ਾਨ ਘਾਟ ਤਾਂ 'ਘੋਲੀਏ' ਦਾ ਬਣ ਗਿਆ ਹਸਪਤਾਲ ਸਰਕਾਰੀ
ਸ਼ੁਕਰ ਕਰਨ ਪਿੰਡ ਵਾਸੀਆਂ ਦਾ ਜਿਹੜੇ ਜਾ ਕੇ ਇਲਾਜ ਕਰਾਉਂਦੇ ਨੇ
ਉਨ੍ਹਾਂ ਖੋਲ੍ਹ ਦਿੱਤੇ ਦਰਵਾਜ਼ੇ ਕਣਕ ਦਾ ਜੂਸ ....

ਕੂਢੇ, ਘੋਟਨੇ ਖੜਕਣ ਸੱਜਰੀ ਪੱਟ ਕੇ ਕਣਕ ਲਿਆਉਂਦੇ
ਬੰਦੇ, ਬੁੜੀਆਂ ਸੇਵਾ ਕਰਦੇ ਸਾਰੇ ਰੱਬ ਦਾ ਨਾਮ ਧਿਆਉਂਦੇ
'ਲਖਵੀਰ' ਵਰਗੇ ਫੋਟੋ ਖਿੱਚ ਖਿੱਚ ਫੇਸਬੁੱਕ ਤੇ ਪਾਉਂਦੇ ਨੇ
ਉਹਨਾਂ ਖੋਲ੍ਹ ਦਿੱਤੇ ਦਰਵਾਜ਼ੇ ਕਣਕ ਦਾ ਜੂਸ ...

ਧੰਨਵਾਦ ਡਾ. ਨਿਰਮਲ ਦਾ ਜਿਹਨੇ ਕਾਢ ਤਾਂ ਐਨੀ ਕੱਢੀ
ਵੇ ਨਾ ਕੋਈ ਰਹੇ ਬਿਮਾਰੀ ਨਾ ਕੋਈ ਕਸਰ ਜੂਸ ਨੇ ਛੱਡੀ
ਮਿਲਿਆ ਮਸਾਂ ਸੁਨਹਿਰੀ ਮੌਕਾ ਹੋਰ ਕੀ ਰੋਗੀ ਚਾਹੁੰਦੇ ਨੇ
ਉਹਨਾਂ ਖੋਲ੍ਹ ਦਿੱਤੇ ਦਰਵਾਜ਼ੇ ਕਣਕ ਦਾ ਜੂਸ ...

'ਦੇਵ ਘੋਲੀਏ' ਵਾਲਿਆ ਵੇ ਤੈਨੂੰ ਥੱਕ ਗਈ ਸਮਝਾ ਕੇ
ਉਥੇ ਪੱਤਰਕਾਰ 'ਕੁਲਦੀਪ' ਵੀ ਕਹਿੰਦੇ ਬਹਿ ਗਿਆ ਡੇਰੇ ਲਾ ਕੇ
ਚਾਹ ਪਾਣੀ ਵੀ ਪੁੱਛਦੇ ਸਾਰੇ ਸਭ ਨੂੰ ਫਤਿਹ ਬੁਲਾਉਂਦੇ ਨੇ
ਉਹਨਾਂ ਖੋਲ੍ਹ ਦਿੱਤੇ ਦਰਵਾਜ਼ੇ ਕਣਕ ਦਾ ਜੂਸ ਪਿਲਾਉਂਦੇ ਨੇ।



**– ਦੇਵ ਘੋਲੀਆ ਖੁਰਦ**
**559-232-7764**

# ਕੁੱਝ ਹਾਦਸਿਆਂ ਦੀ ਤਸਵੀਰ ਜੱਦ ਮੰਨ ਵਿੱਚ ਛੱਪ ਜਾਂਦੀ ਐ

2012 ਵਿੱਚ ਦਿੱਲੀ ਵਿੱਚ ਨਿਰਭਿਆ ਨਾਲ ਹੋਇਆ ਹਾਦਸਾ ਸਾਨੂੰ ਸਾਰਿਆਂ ਨੂੰ ਅੱਜ ਵੀ ਜੱਦ ਯਾਦ ਆਉਂਦਾ ਐ ਤਾਂ ਮੰਨੋ ਜਿਵੇਂ ਰੂਹ ਹੀ ਕੰਬ ਉੱਠਦੀ ਹੈ... ਉਸ ਹਾਦਸੇ ਦੇ ਅੱਜ ਸੱਤ ਸਾਲਾਂ ਬਾਅਦ ਵੀ ਉਨ੍ਹਾਂ ਮੁਜਰਿਮਾਂ ਤੇ ਸਜ਼ਾ ਦੀ ਨਹੀ ਜਦਕਿ ਸਿਰਫ ਤਰੀਕਾਂ ਦੀ ਬੌਛਾਰ ਹੋ ਰਹੀ ਹੈ ਤੇ ਇਸੇ ਨੂੰ ਵੇਖਦੇ ਹੋਏ ਅੱਜ ਹਰ ਉਹ ਕੁੜੀ ਦੇ ਅੰਦਰ ਇੱਕ ਅਜਿਹਾ ਡਰ ਜਰੂਰ ਐ ਕਿ.. ਕਿ ਅਸੀ ਸੁਰੱਖਿਅਤ ਹਾਂ?? ਪਿਛਲੇ ਦਿਨੀ ਜੱਦ ਮੇਰੀ ਇੱਕ ਸਹੇਲੀ ਨੇ ਦਿੱਲੀ ਵੱਲ ਨੂੰ ਪੜ੍ਹਨ ਲਈ ਜਾਨਾ ਸੀ ਤਾਂ ਉਹ ਬਹੁਤ ਘਬਰਾਈ ਹੋਈ ਸੀ... ਕਿਸੇ ਦੇ ਪੁੱਛਣ ਤੇ ਉਹ ਕੁਝ ਦੱਸ ਹੀ ਨਹੀ ਰਹੀ ਸੀ.... ਆਖਿਰ ਇੱਕ ਪਾਸੇ ਆਪਣੇ ਭਵਿੱਖ ਬਨਾਉਣ ਦੀ ਗੱਲ ਸੀ ਤੇ ਦੂਜੇ ਪਾਸੇ 2012 ਦੇ ਨਿਰਭਿਆ ਕੇਸ ਦੀਆਂ ਤਸਵੀਰਾਂ... ਮੇਰੇ ਦੋ ਚਾਰ ਵਾਰ ਪੁੱਛਣ ਤੇ ਉਸ ਨੇ ਮੈਨੂੰ ਜਵਾਬ ਤਾਂ ਆਹੀ ਦਿੱਤਾ ਕਿ ਹਾਂ ਉਹ ਜਾਉਣਾ ਚਾਹੁੰਦੀ ਐ... ਪਰ ਹੁਣ ਦੋਸਤਾਂ ਦੀ ਨਵਜ਼ ਤਾਂ ਦੋਸਤ ਹੀ ਪਛਾਣਦੇ ਨੇ... ਮੈਂ ਉਸ ਨੂੰ ਫੋਨ ਕਰ ਪੁੱਛਿਆ ਕੇ ਕਿ ਉਹ ਦਿੱਲੀ ਵੱਲ ਨੂੰ ਰਵਾਨਾ ਹੋ ਗਈ?? ... ਉਸ ਦਾ ਜਵਾਬ ਮੈਨੂੰ ਨਾਹ ਵਿੱਚ ਆਇਆ... ਮੇਰੇ ਪੁੱਛਣ ਤੇ ਉਸ ਨੇ ਠੰਢ ਦਾ ਬਹਾਨਾ ਪਾ ਦਿੱਤਾ...ਮੇਰੇ ਬਾਰ ਬਾਰ ਪੁੱਛਣ ਤੇ.. ਆਖਿਰ ਉਸ ਦੇ ਮੰਨ ਦੇ ਵਿਚਾਰ ਦਾ ਬਾਂਧ ਟੁੱਟਿਆ.... ਤੇ ਉਸ ਨੇ ਮੈਨੂੰ ਕਿਹਾ ਕਿ ਉਹ ਦਿੱਲੀ ਜਾਣ ਤੋ ਡਰਦੀ ਏ..... ਉਸ ਨੂੰ ਦਿੱਲੀ ਸ਼ਹਿਰ ਸੁਰੱਖਿਅਤ ਨਹੀਂ ਲੱਗਦਾ... ਕਾਰਣ 2012 ਦਾ ਕੇਸ.... ਤੇ 2012 ਤੋਂ ਬਾਅਦ ਵੀ ਭਾਰਤ ਵਿੱਚ ਜਬਰ ਜਨਾਹ ਦੇ ਕੇਸਾਂ ਤੇ ਲਗਾਮ ਨਹੀ ਲੱਗੀ ਏ.... ਸਗੋਂ ਇਹ ਰੋਜ਼ਾਨਾ ਵੱਧਦੇ ਜਾ ਰਹੇ ਹਨ... ਚਾਹੇ ਕੋਈ ਛਟੀ ਬੱਚੀ ਹੋਵੇ ਜਾਂ ਫੇਰ ਕੋਈ ਔਰਤ ਹਰ ਇੱਕ ਤੇ ਇਨ੍ਹਾਂ ਸਮਾਜ ਦੇ ਜੰਗਲੀਆਂ ਤੇ ਹੈਵਾਨਾਂ ਦੀ ਨਜ਼ਰ ਜਰੂਰ ਪਈ ਐ...!

ਪਰ ਮੈਨੂੰ ਇੰਝ ਲੱਗਦਾ ਜਿੱਥੇ ਇਕ ਔਰਤ ਨੂੰ.. ਇੱਕ ਕੁੜੀ ਨੂੰ..ਆਪਣੇ ਹੀ ਦੇਸ਼ ਦੇ ਕਿਸੇ ਸੂਬੇ ਵਿੱਚ ਆਉਣ ਜਾਉਣ ਤੋਂ ਡਰ ਲੱਗਦਾ ਹੋਵੇ ਤਾਂ ਮਤਲਬ ਸੱਚ ਵਿੱਚ ਦੇਸ਼ ਸੁਰੱਖਿਅਤ ਨਹੀ ਐ... ਗੱਲ ਸਿਰਫ ਦਿੱਲੀ ਦੀ ਨਹੀ... ਗੱਲ ਦੇਸ਼ ਦੇ ਹਰ ਸੂਬੇ ਦੀ ਐ... ਬਸ ਦਿੱਲੀ ਇੱਕ ਉਦਾਹਰਣ ਐ...!

ਅੱਜ ਹਰ ਇੱਕ ਉਹ ਪੜਿਆ ਲਿੱਖਿਆ ਨਾਗਰਿਕ ਸੀਏਏ ਤੇ ਏਨ ਆਰਸੀ ਦੇ ਵਿਰੋਧ ਪ੍ਰਦਰਸ਼ਨ ਵਿੱਚ ਲੱਗਾ ਏ... ਇਹੀ ਜੇ ਇਹ ਨੋਜਵਾਨ ਪੀੜੀ ਦੇਸ਼ ਦੇ ਹਰ ਇੱਕ ਕੋਨੇ ਨੂੰ ਸੁਰੱਖਿਅਤ ਬਨਾਉਣ ਦੀ ਕੋਸ਼ਿਸ਼ ਕਰਨ ਤਾਂ ਤਿਣਕਾ ਭਰ ਤਾਂ ਅਸਰ ਜਰੂਰ ਆਵੇਗਾ...! ਸਰਕਾਰਾਂ ਵੀ ਆਈਆਂ ਗਈਆਂ ਪਰ ਕਿਸੇ ਨੇ ਉਸ ਹੱਦ ਤੱਕ ਜਾ ਤੇ ਇੰਤਜਾਮ ਨਹੀ ਕਿਤਾ ਜਿੰਨੀਆਂ ਦੀ ਜਰੂਰਤ ਸੀ... ਸਾਰੇ ਇੱਕ ਦੁੱਜੇ ਦੇ ਕੰਮ ਵਿੱਚ ਕੰਮੀਆਂ ਕੱਡਣ ਚ ਲੱਗੇ ਸੀ... ਪਰ ਇਸ ਮੁੱਦੇ ਤੇ ਸਾਰਿਆਂ ਨੂੰ ਮਿਲ ਕੇ ਕੰਮ ਕਰਨ ਦੀ ਜਰੂਰਤ ਐ... ਤਾਂ ਹੀ ਇਕ ਕੁੜੀ, ਇੱਕ ਬੱਚੀ ਤੇ ਇੱਕ ਔਰਤ ਆਪਣੇ ਹੀ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਆਣ-ਜਾਣ ਲਈ ਨਹੀ ਘਬਰਾਉਣ ਗਿਆ...!

**ਜਾਨਵੀ ਬਿੱਠਲ**
**91-97819-29714**

# ਮੇਰੀ ਰਾਣੀ ਮਾਂ

'ਜਦ ਜਦ ਕਾਗਜ ਤੇ ਲਿਖਿਆ ਮੈਂ ਮਾਂ ਦਾ ਨਾਮ
ਕਲਮ ਵੀ ਅਦਬ ਨਾਲ ਬੋਲ ਉੱਠੀ ਹੋ ਗਏ ਚਾਰੋ ਧਾਮ'

ਮਾਂ ਬਾਰੇ ਕੀ ਲਿਖਾਂ ਮਾਂ ਨੇ ਤਾਂ ਖ਼ੁਦ ਮੈਨੂੰ ਲਿਖਿਆ ਹੈ ਮੇਰੀ ਮਾਂ ਦਾ ਜਨਮ ਪਿਤਾ ਹਰਭਜਨ ਸਿੰਘ ਕਲੇਰ ਅਤੇ ਮਾਤਾ ਨਸੀਬ ਕੌਰ ਦੀ ਕੁੱਖੋਂ ਪਿੰਡ ਬੋਪਾਰਾਏ ਕਲਾਂ ਨਕੋਦਰ ਵਿਖੇ ਹੋਇਆ ਉਨ੍ਹਾਂ ਦਾ ਵਿਆਹੁਤਾ ਜੀਵਨ ਵਿੱਚ ਸ਼ਹਿਰ ਨਕੋਦਰ ਵਿੱਚ ਬਹੁਤ ਹੀ ਖੁਸ਼ੀਆਂ ਨਾਲ ਸ਼ੁਰੂ ਹੋਇਆ ਪਤੀ ਵਿਜੇ ਕੁਮਾਰ ਮਹਿਤਾ (ਜੂਨੀਅਰ ਅਸਿਸਟੈਂਟ ਨਗਰ ਕੌਂਸਲ ਨਕੋਦਰ ਰਿਟਾਇਡ) ਅਤੇ ਪਤਨੀ ਅਨੀਤਾ ਮਹਿਤਾ ਆਪਣੇ ਪਰਿਵਾਰ ਵਿੱਚ ਬਹੁਤ ਖੁਸ਼ ਸਨ ਮੇਰੀ ਰਾਣੀ ਮਾਂ ਦੇ ਚਰਨ ਜਦ ਇਸ ਘਰ ਵਿੱਚ ਪਏ ਇਹ ਘਰ ਘਰ ਤੋਂ ਅਸਲੀਅਤ ਵਿੱਚ ਮੰਦਰ ਬਣ ਗਿਆ ਚਾਰ ਬੱਚੇ ਤਿੰਨ ਪੁੱਤਰ ਹੀਰਾ ਮਹਿਤਾ,ਸੰਜੀਵ ਕੁਮਾਰ ਮਹਿਤਾ, ਤੇ ਡਿੰਪਲ ਮਹਿਤਾ ਤੇ ਇੱਕ ਪੁੱਤਰੀ ਸਲਮਾ ਮਹਿਤਾ ਦੀ ਦੇਖ ਭਾਲ ਪੜ੍ਹਾਈ ਲਿਖਾਈ ਅਤੇ ਪਰਵਰਿਸ਼ ਵਿੱਚ ਕਿਵੇਂ ਉਨ੍ਹਾਂ ਦੇ 25 ਸਾਲ ਬੀਤ ਗਏ ਪਤਾ ਹੀ ਨਹੀਂ ਚੱਲਿਆ ਆਪਣੇ ਬੱਚਿਆਂ ਨੂੰ ਉੱਚ ਡਿਗਰੀਆਂ ਦੀ ਪੜ੍ਹਾਈ ਕਰਵਾਉਣ ਮਗਰੋਂ ਵੱਡਾ ਬੇਟਾ ਹੀਰਾ ਮਹਿਤਾ ਜੋ ਕਿ ਪੜ੍ਹਾਈ ਮਗਰੋਂ ਸ਼ਿਵਾ ਵੀਡੀਓ ਨਕੋਦਰ ਅਤੇ ਲੰਡਨ ਦਾ ਡਾਇਰੈਕਟਰ ਤੇ ਜਗ ਬਾਣੀ ਪੰਜਾਬ ਕੇਸਰੀ ਦਾ ਪੱਤਰਕਾਰ, ਬੇਟਾ ਸੰਜੀਵ ਮਹਿਤਾ ਪ੍ਰੋਫੈਸਰ ਕਮਿਸਟਰੀ,ਬੇਟਾ ਡਿੰਪਲ ਮਹਿਤਾ ਅਸਿਸਟੈਂਟ ਡਾਇਰੈਕਟਰ ਸ਼ਿਵਾ ਵੀਡੀਓ,ਅਤੇ ਬੇਟੀ ਸਲਮਾ ਮਹਿਤਾ ਕਮਿਸਟਰੀ ਦੀ ਪ੍ਰੋਫੈਸਰ ਬਣਾਈ ਦੁਖੀਆਂ ਦੀ ਸਹਾਇਤਾ ਕਰਨ ਵਾਲੀ ਘਰ ਤੋਂਕਿਸੇ ਨੂੰ ਖਾਲੀ ਨਾ ਮੋੜਨ ਵਾਲੀ ਬਹੁਤ ਹੀ ਦਿਆਲੂ ਹਮੇਸ਼ਾਂ ਹੱਸਦੀ ਰਹਿਣ ਵਾਲੀ ਮੇਰੀ ਮਾਂ ਦੇ ਆਖਰੀ ਬੋਲ ਉਸ ਵਕਤ ਧੁੰਦਲੇ ਹੋ ਗਏ ਜਦੋਂ 29 ਸਤੰਬਰ 2014 ਦੀ ਸ਼ਾਮ ਉਹ ਬ੍ਰੇਨ ਹੈਮਰੇਜ ਦੀ ਸ਼ਿਕਾਰ ਹੋ ਗਈ ਦੋ ਮਹੀਨੇ ਕੌਮਾਂ ਅਤੇ ਵੈਂਟੀਲੇਟਰ ਤੇ ਰਹਿਣ ਤੋਂ ਬਾਅਦ ਅਖੀਰ ਉਹ ਆਪਣੇ ਘਰ ਵਾਪਸ ਆਏ ਪਰ ਉਹ ਪੂਰੀ ਤਰ੍ਹਾਂ ਸਾਡੇ ਉੱਪਰ ਨਿਰਭਰ ਸਨ ਉਨ੍ਹਾਂ ਦੇ ਦਿੱਤੇ



ਸੰਸਕਾਰ ਅਤੇ ਵਾਹਿਗੁਰੂ ਦੀ ਕ੍ਰਿਪਾ ਨਾਲ ਉਨ੍ਹਾਂ ਦੇ ਬੱਚਿਆਂ ਅਤੇ ਪਤੀ ਨੇ ਸਾਲ ਦਿਨ ਰਾਤ ਉਨ੍ਹਾਂ ਦੀ ਦੇਖਭਾਲ ਕਰਕੇ ਇੱਕ ਬੱਚੇ ਦੀ ਤਰ੍ਹਾਂ ਉਨ੍ਹਾਂ ਨੂੰ ਪਾਲਦਿਆਂ ਹੋਇਆਂ ਉਤਰਾ ਚੜ੍ਹਾਅ ਦੇਖਦਿਆਂ ਹੋਇਆ ਉਨ੍ਹਾਂ ਨੂੰ ਸੱਤਰ ਅੱਸੀ ਪਰਸੈਂਟ ਠੀਕ ਕਰ ਲਿਆ ਸੀ ਅੱਖਾਂ ਬੰਦ ਸਨ ਹੌਲੀ ਹੌਲੀ ਖੁੱਲ੍ਹ ਚੁੱਕੀਆਂ ਸਨ ਪਹਿਚਾਨਣ ਦੀ ਸ਼ਕਤੀ ਵਾਪਸ ਆ ਰਹੀ ਸੀ ਰੋਜ਼ ਰੋਜ਼ ਦੀ ਸੇਵਾ ਨਾਲ ਉਨ੍ਹਾਂ ਦੇ ਸਰੀਰ ਵਿੱਚ ਹਲਚਲ ਸ਼ੁਰੂ ਹੋ ਚੁੱਕੀ ਸੀ ਪਰ ਅਚਾਨਕ ਵਿੱਚ 2 ਦਸੰਬਰ 2019 ਮਹੀਨੇ ਦੀ ਤਰੀਕ ਨੂੰ ਪੇਟ ਦੀ ਛੋਟੀ ਜਿਹੀ ਸਮੱਸਿਆ ਉਨ੍ਹਾਂ ਨੂੰ ਦੁਬਾਰਾ ਹਸਪਤਾਲ ਲੈ ਆਈ 10 ਦਸੰਬਰ ਸਵੇਰੇ ਮੇਰੀ ਬਹਾਦਰ ਲੱਗਭੱਗ ਛੇ ਸਾਲ 'ਸੀ' ਨਾ ਕਰਨ ਵਾਲੀ ਰਾਣੀ ਮਾਂ ਆਪਣੇ ਵਕਤ ਦੇ ਅੱਗੇ ਹਾਰ ਗਈ ਸਾਡੇ ਭੈਣ ਭਰਾਵਾਂ ਦੇ ਹੱਥਾਂ ਵਿੱਚ ਪਲੀ ਮੇਰੀ ਰਾਣੀ ਮਾਂ ਫਿਰ ਸਾਡੇ ਹੱਥਾਂ ਵਿੱਚ ਹੱਸਦੀ ਹੋਈ ਸਾਨੂੰ ਅਲਵਿਦਾ ਕਹਿ ਗਈ ਸੱਚਖੰਡ ਵਿੱਚ ਪ੍ਰਮਾਤਮਾ ਦੇ ਚਰਨਾਂ ਵਿੱਚ ਬੱਸਦੀ ਸਾਡੀ ਰਾਣੀ ਮਾਂ ਹਮੇਸ਼ਾਂ ਸਾਡੇ ਦਿਲਾਂ ਵਿੱਚ ਸਾਡੇ ਹਰ ਕੰਮ ਵਿੱਚ ਸਾਡੇ ਹਰ ਸਾਹ ਵਿੱਚ ਹਮੇਸ਼ਾਂ ਯਾਦ ਰਹੇਗੀ ਪਰਮਾਤਮਾ ਮੇਰੀ ਰਾਣੀ ਮਾਂ ਨੂੰ ਆਪਣੇ ਚਰਨਾਂ ਵਿੱਚ ਵਾਸ ਦੇਵੇ ਤੇ ਹਮੇਸ਼ਾ ਖੁਸ਼ ਰੱਖੇ। **ਰਾਣੀ ਮਾ ਦੀ ਬੇਟੀ- ਪ੍ਰੋਫੈਸਰ ਸਲਮਾ ਮਹਿਤਾ ਨਕੋਦਰ**

# ਹੰਸ ਰਾਜ ਹੰਸ ਦੀ 'ਯਾਦ' ਐਲਬਮ ਰਹੂ ਸਦੀਆਂ ਤੱਕ ਯਾਦ - ਅੰਮ੍ਰਿਤ ਪਵਾਰ

ਪਦਮ ਸ੍ਰੀ ਹੰਸਰਾਜ ਹੰਸ ਦੀ ਅਵਾਜ ਜੰਨਤ ਚੋਂ ਨਿਕਲੀ ਰੱਬ ਦੀ ਇੱਕ ਅਵਾਜ ਜਿਹੀ ਪਿਆਰੀ ਅਵਾਜ ਤੇ ਇੱਕ ਅਣਦੱਸੀ ਦੁਖਾਈ 1947 ਦੀ ਪਿਆਰ ਕਹਾਣੀ ਤੇ ਹੰਸ ਰਾਜ ਹੰਸ ਦਾ ਨਵਾਂ ਗਾਣਾ 'ਯਾਦ' ਅੱਜ ਦੀ ਪੀੜ੍ਹੀ ਨੂੰ ਸੰਤਾਈ ਦੀ ਯਾਦ, ਪ੍ਰੇਮ ਦੇ ਅਣਵੰਡੇ ਸਵਾਲ ਦੇ ਜਵਾਬ ਹੈ । ਐਚ.ਐਸ. ਔਲਖ ਤੇ ਵੰਜਲੀ ਰਿਕਾਰਡਜ਼ ਨੇ 'ਯਾਦ' ਦੇ ਸੰਸਾਰ ਭਰ 'ਚ ਵਿਚਰਨ ਲਈ ਯੋਗ ਪ੍ਰਬੰਧ ਕੀਤੇ ਨੇ ਤੇ ਘਰ-ਘਰ ਪਹੁੰਚਿਆ ਹੈ । 'ਯਾਦ' ਦਾ ਯਾਦਗਾਰੀ ਗੀਤ ਸਰਦਾਰ ਜਸਪਾਲ ਸੂਸ ਦੇ ਲਿਖੇ ਨਗਮੇ ਨੂੰ ਕਾਮਰਾਨ ਅਖ਼ਤਰ ਦੇ ਸੰਗੀਤ ਪ੍ਰਬੰਧਾਂ ਨੇ ਸੁਰ-ਮੰਡਲ ਦਾ ਸੁਰੀਲਾ ਤਾਰਾ ਬਣਾਇਆ ਹੈ। ਜਵਾਨ ਸੰਗੀਕਾਰ ਰੋਮੀ ਸਿੰਘ ਦੇ ਸੰਗੀਤ ਨੇ ਮਿਠਾਸ ਦੀ ਚਾਸ਼ਣੀ ਨਾਲ ਮਿੱਢਾ ਬਣਾ ਬੁੱਲਾਂ ਦਾ ਸਵਾਦ ਬਣਾਉਣ 'ਚ ਕੋਈ ਕਸਰ ਨਹੀਂ ਰਹਿਣ ਦਿੱਤੀ। ਸੁਮੇਧ ਰਾਏ ਦੇ ਵੀਡਿਉ ਨੇ ਤੇ ਤਾਂ ਯਾਦਾਂ ਦਾ ਇਤਿਹਾਸ ਅੱਖਾਂ ਮੂਹਰੇ ਲਿਆਂਦਾ ਹੈ। ਵੰਝਲੀ ਰਿਕਾਰਡਜ ਤੇ ਸਰਦਾਰ ਜਸਪਾਲ ਸੂਸ ਦੀ ਮਿਹਨਤ ਨੂੰ ਚਾਰ ਚੰਨ ਹੰਸਰਾਜ ਹੰਸ ਨੇ ਲਾ ਕਿ 'ਯਾਦ' ਨੂੰ ਪੰਜਾਬੀ ਗੀਤ/ਸੰਗੀਤ ਦਾ 'ਯਾਦ' ਵਾਲਾ ਨਗਮਾ ਬਣਾ ਦਿੱਤਾ ਹੈ। ਪ੍ਰਦੇਸ ਰਹਿ ਜਸਪਾਲ ਸੂਸ ਨੇ 'ਯਾਦ' ਲਈ ਕਾਮਰਾਜ ਅਖਤਰ ਤੋਂ ਲੈ ਕਿ ਰੋਮੀ ਸਿੰਗ -ਸੁਹੇਬ ਰਾਏ ਤੇ ਹੰਸਾਰਜ ਹੰਸ ਤੋਂ 'ਯਾਦ' ਲਈ 'ਨਗਮਾ-ਏ-ਯਾਦ' ਬਣਾਉਣ ਦਾ ਟੀਚਾ ਸਾਰ ਕੀਤਾ ਹੈ। ਹਰ ਕੋਈ ਇੱਕ ਵਾਰ ਤਾਂ ਸੁਣਨ ਲਈ ਖ਼ਾਹਿਸ ਮੰਦ ਹੈ ਹੀ ਹੰਸਰਾਜ ਹੰਸ ਨੂੰ ਤੇ 'ਯਾਦ' ਸੁਣ ਆਖਦਾ ਹੈ ਯਾਦ ਰਹੇਗਾ ਇਹ 'ਯਾਦ' ਗੀਤ।




**– ਅੰਮ੍ਰਿਤ ਪਵਾਰ**

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜ਼ੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ







ਕਮਿਊਨਿਟੀ ਦੇ ਨਿਸ਼ਕਾਮ ਸੇਵਕ, ਪੰਜਾਬੀ ਬੋਲੀ ਅਤੇ ਪੰਜਾਬੀ ਸਭਿਆਚਾਰ ਦਾ ਸੱਚਾ ਸੇਵਾਦਾਰ ਮੋਮੀ ਪਰਿਵਾਰ

DAYS INN | Holiday Inn EXPRESS HOTEL & SUITES | momi

**Holidayinn Express,**

**DAYS INN and**

**MOMI HOSPITALITY**

**INVESTMENT**

**ਕੈਲੀਫੋਰਨੀਆ ਦੇ ਮਾਲਕ**



ਖੱਬੇ ਤੋਂ ਸੱਜੇ:- ਸੁਰਜੀਤ ਮੋਮੀ, ਲਾਲੀ ਮੋਮੀ, ਹਰਮਿੰਦਰ ਮੋਮੀ, ਰਾਜਿੰਦਰ ਮੋਮੀ (ਚੇਅਰਮੈਨ, ਸ੍ਰੀ ਗੁਰੂ ਰਵਿਦਾਸ ਸਭਾ ਫਰਿਜ਼ਨੋ) ਅਤੇ ਪ੍ਰੇਮ ਸੋਢੀ ਮੋਮੀ

# MOMI BROTHERS

## ਅਤੇ ਸਮੂਹ ਮੋਮੀ ਪਰਿਵਾਰ

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜੰਸਤ।
ਹਲਾਲ ਅਸਤ ਬੁਰਦਨ ਬਾ ਸ਼ਮਸ਼ੀਰ ਦਸਤ।

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ






ਮੱਖਣ ਸਿੰਘ ਬੈਂਸ



ਗਿਆਨੀ ਰਵਿੰਦਰ ਸਿੰਘ

ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ


Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food
Catering for All occasions up to 10000 guests
Lunch - Dinner - Take Out - Banquets



**Raja Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।




Call Makhan Bains or Ravinder Singh for your next Party 1-866-FOR RAJA www.RajaSweets.com

# ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ

## ਅਨੂਪ ਸਿੰਘ ਚੀਮਾ (ਉਘੇ ਗਾਇਕ ਅਤੇ ਨਾਟਕਕਾਰ)



































ਸੋਹੰ

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਚੂੰ ਕਾਰ ਅਜ਼ ਹਮਾ ਹੀਲ ਤੇ ਦਰ ਗੁਜੰਸਤ।
ਹਲਾਲ ਅਸਤ ਬੂਰਦਨ ਬਾ ਸ਼ਮਸ਼ੀਰ ਦਸਤ।



## ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਅਤੇ ਨਵੇਂ ਵਰ੍ਹੇ 2020 ਦੀਆਂ ਲੱਖ-ਲੱਖ ਵਧਾਈਆਂ



## ਨਵਾਂ ਸਾਲ 2020 ਤੁਹਾਡੇ ਜੀਵਨ ਵਿਚ ਨਵੀਆਂ ਖੁਸ਼ੀਆਂ, ਖੇੜੇ, ਉਮੰਗਾਂ, ਚਾਅ-ਮਲਾਰ ਲੈ ਕੇ ਆਵੇ

## Guru- Piari SadhSangat Ji,
## Devoted families are requesting entire Sangat to attend the following functions:

**December 31, 2019 Rain Sabai New Year's celebrations**

We will be celebrating New Year's Eve at Gurughar in welcoming the New Year 2020. Let us start the New Year with a prayer for love, happiness and prosperity of our Sangat. Jathas of Bhai Jagjit Singh, Bhai Bhupinder Singh Singh/Ompal Singh will do the Shabad Kirtan.

**January 5, 2020**

**Shaheedi Divas of Guru Gobind Singh Ji's Sahibzadey**

Sehaj Path started on December 28, 2019 in the memory of four Sahibzadey : Baba Ajit Singh, Baba Jujhar Singh, Baba Zorawar Singh and Baba Fateh Singh. Bhai Santokh Madhar, Bhai Balwinder Kumar, Bhai Madan Singh Aulakh , Bibi Surinder Sandhu and their families will host Sehaj Path and Langar Sewa. Guru Gobind Singh ji sacrificed his brave young sons for the Sikh cause. Entire Sangat is humbly requested to participate.

**January 13, 2020 LOHRI Celebration**

Lohri will be celebrated in the Gurughar at 6:00 PM on Monday, January 13, 2020. Sangat is requested to come with their families and friends. This is the 7th year we are celebrating Lohri in Gurughar. Suman family will host Sukhmani Sahib Path and Langar Sewa. Parents of newborn children are specially requested to come and celebrate first Lohri of their new born children in the Gurughar.

**February 2, 2020**

**Akhand Path and Langar Sewa by Bhai Major Singh and Bibi Pritpal Kaur**

Akhand path will start on Friday 1/31/2020, at 10:00 AM and will be concluded with Bhog ceremony on Sunday morning 02/02/2020. Path and Langar Sewa will be hosted by Bhai Major Singh, Bibi Pritpal Kaur and family for the Charadikala of their family.

**February 7-8-9, 2020 643rd Gurupurb of Sri Guru Ravidass Ji**

Sri Guru Ravidass Sabha CA, Pittsburg will be celebrating the 643rd Parkash Utsav of **SATGURU RAVIDASS JI on Sunday, February 9, 2020 at the temple .**

| | |
|---|---|
| **ARAMBH SHRI AKHAND PATH** | **February 7, 2020 (FRIDAY) 9:30 AM** |
| **BHOG SHRI AKHAND PATH** | **February 9, 2020 (SUNDAY) 9:30 AM** |
| **KIRTAN DIWAN** | **After Bhog Ceremony until 2:00 PM** |

Nishan Sahib Hoisting Ceremony will be held on February 8th 2020 (Saturday) at 11:00 AM.

**For stalls, Langar sewa or any other sewa, please contact President Shinder Paul Narebat at (925) 683-0178, General Secretary Dharam Pal Chonkria at (925)334-2877 or Dilbag Singh at (209)834-4641.**

Gurughar is open every day. Sukhmani Sahib path/ Akhand Path and Langar sewa is hosted by Sangat or some devotee every Sunday, followed by Guru Ka Kirtan. Please come and join us in the Sunday Diwan.

**Sangat De Sewadar**

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |